# ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਰਿਸ਼ਤੇ-ਨਾਤੇ:
# ਇਕ ਅਧਿਐਨ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ
ਸੋਸ਼ਲ ਸਾਇੰਸਿਜ਼ ਫੈਕਲਟੀ ਅਧੀਨ ਪੀਐਚ. ਡੀ. ਦੀ
ਡਿਗਰੀ ਲਈ ਪ੍ਰਸਤੁਤ ਖੋਜ-ਪ੍ਰਬੰਧ
2012

**ਨਿਗਰਾਨ**

(ਡਾ. ਅਮਨਜੋਤ ਕੌਰ)
ਸੀਨੀ. ਲੈਕਚਰਾਰ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ

**ਖੋਜਾਰਥੀ**

(ਅਮਰਜੀਤ ਸਿੰਘ)

**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ,**
**ਪਟਿਆਲਾ।**

# ਤਤਕਰਾ


**ਭੂਮਿਕਾ** 1-14

**ਅਧਿਆਇ ਪਹਿਲਾ** 15-33

ਰਿਸ਼ਤੇ: ਅਰਥ ਅਤੇ ਮਹੱਤਵ

ਅਰਥ 15

ਮਹੱਤਵ 26

**ਅਧਿਆਇ ਦੂਜਾ** 34-54

ਮਨੁੱਖ, ਪਰਿਵਾਰ ਅਤੇ ਸਮਾਜ

(ੳ) ਮਨੁੱਖ 34

(ਅ) ਪਰਿਵਾਰ 37

(ੲ) ਸਮਾਜ 46

**ਅਧਿਆਇ ਤੀਜਾ** 55-180

ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਰਿਸ਼ਤੇ-ਨਾਤਿਆਂ ਦਾ ਸਰੂਪ ਅਤੇ ਵਰਗੀਕਰਨ

(ੳ) ਅਧਿਆਤਮਕ ਰਿਸ਼ਤੇ 59

(ਅ) ਚਿੰਨ੍ਹਾਤਮਿਕ ਰਿਸ਼ਤੇ 87

(ੲ) ਸੰਸਾਰਿਕ ਰਿਸ਼ਤੇ 126

(ਸ) ਰਾਜਨੀਤਿਕ ਰਿਸ਼ਤੇ 164

**ਤੱਤ ਸਾਰ** 181-185

**ਪੁਸਤਕ ਸੂਚੀ** 186-202

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਅਮਰਜੀਤ ਸਿੰਘ ਨੇ '*ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਰਿਸ਼ਤੇ-ਨਾਤੇ: ਇਕ ਅਧਿਐਨ*' ਵਿਸ਼ੇ ਉੱਤੇ ਪੀਐਚ. ਡੀ. ਦਾ ਖੋਜ-ਪ੍ਰਬੰਧ ਮੇਰੀ ਨਿਗਰਾਨੀ ਹੇਠ ਪੂਰਾ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਰਚਨਾ ਤੇ ਉਸ ਦੀ ਮਿਹਨਤ ਦਾ ਫਲ ਹੈ। ਮੈਂ ਇਸ ਕਾਰਜ ਨੂੰ ਪੀਐਚ. ਡੀ. ਦੀ ਉਪਾਧੀ ਲਈ ਪੂਰੀ ਤਰ੍ਹਾਂ ਯੋਗ ਸਮਝਦੀ ਹੋਈ ਮੁਲੰਕਣ ਲਈ ਪੇਸ਼ ਕਰਨ ਦੀ ਸਿਫ਼ਾਰਸ਼ ਕਰਦੀ ਹਾਂ।

(ਅਮਨਜੋਤ ਕੌਰ, ਡਾ.)
ਸੀਨੀ. ਲੈਕਚਰਾਰ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਮਿਤੀ:

# ਘੋਸ਼ਣਾ ਪੱਤਰ

ਮੈਂ ਬਿਆਨ ਕਰਦਾ ਹਾਂ ਕਿ '*ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਰਿਸ਼ਤੇ-ਨਾਤੇ: ਇਕ ਅਧਿਐਨ*' ਵਿਸ਼ੇ ਉੱਤੇ ਲਿਖੇ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਦਿੱਤੀ ਗਈ ਹੋਵੇ।

**ਨਿਗਰਾਨ** **ਖੋਜਾਰਥੀ**

(ਅਮਨਜੋਤ ਕੌਰ, ਡਾ.) (ਅਮਰਜੀਤ ਸਿੰਘ)
ਸੀਨੀ. ਲੈਕਚਰਾਰ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਅਧਿਆਇ ਪਹਿਲਾ

## ਰਿਸ਼ਤੇ: ਅਰਥ ਅਤੇ ਮਹੱਤਵ

# ਅਧਿਆਇ ਦੂਜਾ

## ਮਨੁੱਖ, ਪਰਿਵਾਰ ਅਤੇ ਸਮਾਜ

# ਅਧਿਆਇ ਤੀਜਾ

## ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਰਿਸ਼ਤੇ-ਨਾਤਿਆਂ ਦਾ ਸਰੂਪ ਅਤੇ ਵਰਗੀਕਰਣ

(ੳ) ਅਧਿਆਤਮਕ ਰਿਸ਼ਤੇ

(ਅ) ਚਿੰਨ੍ਹਾਤਮਿਕ ਰਿਸ਼ਤੇ

(ੲ) ਸੰਸਾਰਿਕ ਰਿਸ਼ਤੇ

(ਸ) ਰਾਜਨੀਤਿਕ ਰਿਸ਼ਤੇ

# ਭੂਮਿਕਾ

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ, ਜਿਸ ਨੂੰ ਅਜੋਕਾ ਸਰੂਪ ਪ੍ਰਾਪਤ ਕਰਨ ਲਈ ਲੰਮਾ ਸਮਾਂ ਪ੍ਰਕਿਰਤਿਕ ਸ਼ਕਤੀਆਂ ਨਾਲ ਸੰਘਰਸ਼ ਕਰਨਾ ਪਿਆ। ਮਨੁੱਖ ਇਸ ਸੰਘਰਸ਼ ਵਿਚੋਂ ਲੰਘ ਕੇ ਬਾਕੀਆਂ ਨਾਲੋਂ ਸ੍ਰੇਸ਼ਟ ਅਤੇ ਉੱਤਮ ਬਣ ਕੇ ਸਮਾਜਿਕ ਪ੍ਰਬੰਧ ਦਾ ਹਿੱਸਾ ਬਣਿਆ। ਹਰ ਮਨੁੱਖ ਨੂੰ ਦੂਸਰੇ ਮਨੁੱਖ ਨਾਲ ਆਦਾਨ-ਪ੍ਰਦਾਨ ਕਰਨ ਦੀ ਮੁੱਢਲੀ ਲੋੜ ਨੇ ਰਿਸ਼ਤਿਆਂ ਨੂੰ ਜਨਮ ਦਿੱਤਾ। ਇਨ੍ਹਾਂ ਰਿਸ਼ਤਿਆਂ ਕਰਕੇ ਹੀ ਸਮੁੱਚਾ ਸਮਾਜ  ਇਕ ਲੜੀ ਵਿਚ ਪਰੋਇਆ ਹੋਇਆ ਹੈ ਅਤੇ ਇਕ ਸਮੂਹ ਦੇ ਰੂਪ ਵਿਚ ਰਹਿੰਦਾ ਹੈ। ਸਮਾਜ ਵਿਗਿਆਨੀਆਂ ਅਨੁਸਾਰ ਸਮਾਜ ਉਦੋਂ ਹੋਂਦ ਵਿਚ ਆਉਂਦਾ ਹੈ ਜਦੋਂ ਇਸ ਵਿਚ ਰਹਿ ਰਹੇ ਮੈਂਬਰਾਂ ਵਿਚਕਾਰ ਚੇਤੰਨਤਾ, ਅੰਤਰਕਿਰਿਆ, ਅੰਤਰ ਸੰਬੰਧਤਾ ਪੈਦਾ ਹੁੰਦੀ ਹੈ। ਇਸ ਕਰਕੇ ਸਮਾਜ ਵਿਚ ਸੰਘਰਸ਼ ਅਤੇ ਸਹਿਯੋਗ ਦੋਵੇਂ ਤਰ੍ਹਾਂ ਦੇ ਤੱਤ ਵਿਦਮਾਨ ਹੁੰਦੇ ਹਨ। ਮਨੁੱਖ ਦਾ ਜੀਵਨ ਬਚਪਨ ਤੋਂ ਲੈ ਕੇ ਬੁਢਾਪੇ ਤੱਕ ਸਹਿਯੋਗ ਦੀ ਪ੍ਰਕਿਰਿਆ ਵਿਚ ਗੁਜ਼ਰਦਾ ਹੈ। ਮਨੁੱਖ ਦੀ ਸਹਿਯੋਗ ਪ੍ਰਵਿਰਤੀ ਨੇ ਮਨੁੱਖੀ ਸੰਬੰਧਾਂ ਦੀ ਉਤਸੁਕਤਾ ਜਗਾਈ, ਮਨੁੱਖ ਦੀਆਂ ਆਪਣੀਆਂ ਜ਼ਰੂਰਤਾਂ ਪੈਂਦਾ ਹੋਣ ਲੱਗੀਆਂ ਅਤੇ ਪਰਿਵਾਰਕ ਰਿਸ਼ਤੇ ਜਨਮ ਲੈਣ ਲੱਗੇ। ਇਹ ਰਿਸ਼ਤੇ ਸ਼ੁਰੂ ਵਿਚ ਆਪਸੀ ਭਾਈਚਾਰੇ ਨੂੰ ਦਰਸਾਉਂਦੇ ਹੋਏ ਦਿਨੋ-ਦਿਨ ਵੱਧਦੇ ਗਏ। ਮਨੁੱਖੀ ਵਿਕਾਸ ਅਤੇ ਆਧੁਨਿਕਤਾ ਦੇ ਨਾਲ-ਨਾਲ ਇਨ੍ਹਾਂ ਰਿਸ਼ਤਿਆਂ ਨੇ ਇਕ ਨਰੋਏ ਸਮਾਜ ਦੀ ਉਸਾਰੀ ਵਿਚ ਨਿੱਗਰ ਯੋਗਦਾਨ ਪਾਇਆ।

ਸੁਚੱਜੇ ਸਮਾਜ ਦੀ ਉਸਾਰੀ ਵਿਚ ਧਰਮ ਇਕ ਮਹੱਤਵਪੂਰਵ ਵਿਧਾ ਹੈ। ਇਹ ਮਨੁੱਖੀ ਜਿੰਦਗੀ ਦੇ ਹਰੇਕ ਪੱਖ-ਪਸਾਰ ਨੂੰ ਪ੍ਰਭਾਵਿਤ ਕਰਦਾ ਹੈ। ਸਮੁੱਚਾ ਮਨੁੱਖੀ ਜੀਵਨ ਧਰਮ ਨਿਰਧਾਰਿਤ ਹੈ। ਇਸ ਮਨੁੱਖੀ ਬੁੱਧੀ ਦੇ ਘੇਰੇ ਤੋਂ 'ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ

ਕਹੀਐ'[1] ਪਰ੍ਹਾ ਦੇ ਸੰਕਲਪ ਨੂੰ ਮਨੁੱਖੀ ਸਮਝ ਗੋਚਰੇ ਬਣਾਉਣ, ਭਿੰਨ-ਭਿੰਨ ਸਮਿਆਂ ਤੇ ਵਿੰਭਿਨ ਪੈਗੰਬਰਾਂ, ਰਿਸ਼ੀਆਂ ਮੁਨੀਆਂ, ਗੁਰੂਆਂ ਨੇ ਇਸ ਨੂੰ ਦਿਸਦੇ ਪਸਾਰੇ ਵਿਚ ਇਕ ਖਾਸ ਸੰਦਰਭ ਵਿਚ ਪੇਸ਼ ਕੀਤਾ ਹੈ। ਸਮੁੱਚਾ ਸੰਸਾਰ ਵੱਖ-ਵੱਖ ਧਰਮਾਂ ਵਿਚ ਵੰਡਿਆ ਹੋਇਆ ਹੈ ਇਨ੍ਹਾਂ ਵਿਚੋਂ ਕੁਝ ਧਰਮ ਅਜਿਹੇ ਹਨ ਜਿਹੜੇ ਪਰਮਾਤਮਾ ਵਿਚ ਵਿਸ਼ਵਾਸ ਰੱਖਦੇ ਅਤੇ ਕੁਝ ਅਜਿਹੇ ਹਨ ਜਿਹੜੇ ਪਰਮਾਤਮਾ ਦੀ ਹੋਂਦ ਨੂੰ ਨਹੀਂ ਸਵੀਕਾਰਦੇ। ਇਨ੍ਹਾਂ ਸਾਰੇ ਹੀ ਧਰਮਾਂ ਦੇ ਆਪਣੇ-ਆਪਣੇ ਧਾਰਮਿਕ ਗ੍ਰੰਥ ਵੀ ਹਨ। ਇਨ੍ਹਾਂ ਧਰਮਾਂ ਵਿਚੋਂ ਇਕ ਵਿਸ਼ੇਸ਼ ਅਤਿਆਧੁਨਿਕ ਅਤੇ ਮਹੱਤਵਪੂਰਨ ਸਥਾਨ ***ਸਿੱਖ ਧਰਮ*** ਦਾ ਹੈ। ਸਿੱਖ ਧਰਮ ਦੇ ਹਿੱਸੇ ਇਹ ਗੌਰਵਸ਼ਾਲੀ ਸਨਮਾਨ ਆਇਆ ਹੈ ਕਿ ਇਸ ਧਰਮ ਦੇ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਅਤੇ ਸੰਪਾਦਨਾ ਸਿੱਖ ਧਰਮ ਦੇ ਪੈਗੰਬਰਾਂ ਵਲੋਂ ਆਪਣੇ ਜੀਵਨ ਕਾਲ ਅਤੇ ਨਿਗਰਾਨੀ ਵਿਚ ਕੀਤੀ ਗਈ ਹੈ। ਬੇਸ਼ਕ ਸਿੱਖ ਧਰਮ ਇਕ ਨਵੀਨ ਧਰਮਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ, ਪ੍ਰੰਤੂ ਸਿੱਖ ਧਰਮ ਦੇ ਧਾਰਮਿਕ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮੁੱਚੇ ਸੰਸਾਰ ਨੂੰ ਮਾਰਗ ਦਰਸ਼ਨ ਦੇਣ ਦੀ ਸਮਰੱਥਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਸਮੁੱਚੀ ਬਾਣੀ ਦਾ ਉਪਦੇਸ਼ ਮਨੁੱਖ ਮਾਤਰ ਲਈ ਹੈ ਨਾ ਕੇਵਲ ਇਕੱਲੇ ਸਿੱਖਾਂ ਲਈ। ਜਿਸ ਸਦਕਾ ਇਹ ਗ੍ਰੰਥ ਸਮੁੱਚੀ ਮਾਨਵਤਾ ਦਾ ਧਾਰਮਿਕ ਗ੍ਰੰਥ ਹੋ ਕੇ ਸਮੁੱਚੇ ਸੰਸਾਰ ਨੂੰ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਹਿਬ ਦੀ ਬਾਣੀ ਜਿਥੇ ਅਧਿਆਤਮਕਤਾ ਪ੍ਰਧਾਨ ਬਾਣੀ ਹੈ, ਉਥੇ ਇਹ ਮਨੁੱਖਾ ਜੀਵਨ ਦੇ ਹਰ ਪਹਿਲੂ ਤੇ ਵੀ ਰੋਸ਼ਨੀ ਪਾਉਂਦੀ ਹੈ। ਮੇਰੇ ਹਥਲੇ ਖੋਜ ਪ੍ਰਬੰਧ ਦਾ ਮੁੱਖ ਵਿਸ਼ਾ ***'ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਰਿਸ਼ਤੇ-ਨਾਤੇ: ਇਕ ਅਧਿਐਨ'*** ਹੈ। ਜਿਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਮਨੁੱਖੀ ਰਿਸ਼ਤਿਆਂ ਨਾਲ ਸੰਬੰਧਤ ਅਨੇਕ ਤਰ੍ਹਾਂ ਦੇ ਹਵਾਲੇ ਪ੍ਰਾਪਤ

---

[1]. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 334.

ਹਨ ਜਿਵੇਂ ਕਿ ਮਨੁੱਖ ਦਾ ਸਮੇਂ ਅਤੇ ਸਥਾਨ ਤੋਂ ਪਰੇ ਨਿਰਗੁਣ ਰੂਪ ਅੰਤਿਮ ਸਚਾਈ ਨਾਲ ਰਿਸ਼ਤਾ, ਸਮੁੱਚੀ ਮਨੁੱਖਤਾ ਵਿਚ ਇਕ ਜੋਤ, ਸਰਗੁਣ ਰੂਪ ਵਿਚ ਬਿਰਾਜਮਾਨ ਹੋਣ ਦੇ ਸੰਦਰਭ ਵਿਚ ਮਨੁੱਖ ਦਾ ਮਨੁੱਖ ਨਾਲ ਰਿਸ਼ਤਾ, ਅਕਾਲ ਪੁਰਖ ਨਾਲ ਅਧਿਆਤਮਕ ਰਿਸ਼ਤੇ ਨੂੰ ਸਮਝਾਉਣ ਲਈ ਦਿਸਦੇ ਪਸਾਰੇ ਵਿਚੋਂ ਚਿੰਨ੍ਹਾਤਮਿਕ ਰਿਸ਼ਤਿਆਂ ਦੀ ਵਰਤੋਂ ਕੀਤੀ ਹੈ। ਗੁਰਮਤਿ ਵਿਚ ਸੰਸਾਰਿਕ ਰਿਸ਼ਤੇ ਵੀ ਅਧਿਆਤਮਕਾ ਦੀ ਬਖਸ਼ਿਸ਼ ਹੇਠ ਚਲਦੇ ਹਨ। ਇਨ੍ਹਾਂ ਸੰਸਾਰਿਕ ਰਿਸ਼ਤਿਆਂ ਦਾ ਮਨੋਰਥ ਜਿਥੇ ਇਕ ਪਾਸੇ ਮਨੁੱਖੀ ਜਿੰਦਗੀ ਦੇ ਅੰਤਿਮ ਨਿਸ਼ਾਨੇ ਦੀ ਪ੍ਰਾਪਤੀ ਲਈ ਇਕ ਦੂਜੇ ਨੂੰ ਉਤਸ਼ਾਹਿਤ ਕਰਨਾ ਹੈ, ਉੱਥੇ ਨਰੋਏ ਸਮਾਜ ਦੀ ਸਿਰਜਣਾ ਲਈ ਅਹਿਮ ਰੋਲ ਅਦਾ ਕਰਨਾ ਵੀ ਹੈ ਜਿਵੇਂ ਕਿ ਪਤੀ-ਪਤਨੀ ਦੇ ਰਿਸ਼ਤੇ ਦੇ ਸੰਦਰਭ ਵਿਚ ਗੁਰੂ ਸਾਹਿਬ ਫ਼ਰਮਾਉਂਦੇ ਹਨ: *ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥ ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥*[2] ਇਸ ਅਨੁਸਾਰ ਪਤੀ-ਪਤਨੀ ਦਾ ਰਿਸ਼ਤਾ ਕੇਵਲ ਸਰੀਰਕ ਮੇਲ ਨਹੀਂ ਬਲਕਿ ਹਰੇਕ ਵਿਚ ਮੌਜੂਦ ਰੱਬੀ ਜੋਤਿ ਦਾ ਪਹਿਲਾ ਮਨੋਰਥ ਆਪਸੀ ਮਿਲਾਪ ਅਤੇ ਫਿਰ ਇਕੱਠੇ ਹੋ ਕੇ ਅੰਤਿਮ ਜੋਤ ਨਾਲ ਇਕਮਿਕਤਾ ਪ੍ਰਾਪਤ ਕਰਨਾ ਹੈ। ਇਸ ਨਾਲ ਇਕ ਪਾਸੇ ਦੈਵੀ ਜੋਤ ਨਾਲ ਜੁੜਨਾ, ਦੂਜੇ ਪਾਸੇ ਨਰੋਏ ਸਮਾਜ ਦੀ ਸਿਰਜਣਾ ਲਈ ਪਤੀ-ਪਤਨੀ ਦੇ ਰਿਸ਼ਤੇ ਦੀ ਸਾਰਥਕਤਾ ਨਿੱਘ ਅਤੇ ਪਿਆਰ ਦਾ ਵਰਨਣ ਹੈ। ਮਾਨਵੀ ਰਿਸ਼ਤੇ ਮਨੁੱਖੀ ਸਮਾਜ ਦੀ ਆਧਾਰ ਭੂਮੀ ਹੁੰਦੇ ਹਨ। ਇਸੇ ਲਈ ਗੁਰੂ ਸਾਹਿਬ ਨੇ ਵੀ ਇਨ੍ਹਾਂ ਆਦਰਸ਼ਕ ਰਿਸ਼ਤੇ-ਨਾਤਿਆਂ ਦੀ ਪੇਸ਼ਕਾਰੀ ਕਰਕੇ ਇਕ ਸੁਚੱਜੇ ਸਮਾਜ ਦੀ ਸਿਰਜਣਾ ਕੀਤੀ ਹੈ।

***'ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਰਿਸ਼ਤੇ ਨਾਤੇ: ਇਕ ਅਧਿਐਨ'*** ਵਿਸ਼ੇ ਨਾਲ ਸੰਬੰਧਿਤ ਸੰਪੂਰਨ ਰੂਪ ਵਿਚ ਹੋਇਆ ਹੁਣ ਤੱਕ ਕੋਈ ਵੀ ਕਾਰਜ ਪ੍ਰਾਪਤ ਨਹੀਂ। ਜੋ ਕੁਝ ਹੋਇਆ

---

[2]. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 788.

ਵੀ ਹੈ ਉਹ ਆਪਣੀ-ਆਪਣੀ ਥਾਂ ਤੇ ਥੋੜ੍ਹੀ ਬਹੁਤ ਰਿਸ਼ਤੇ ਸੰਬੰਧੀ ਗੱਲ ਤਾਂ ਕਰਦੇ ਹਨ ਪਰ ਮੇਰੇ ਵਿਸ਼ੇ ਨਾਲ ਸੰਬੰਧਤ ਇਨ੍ਹਾਂ ਵਿਚੋਂ ਕਿਣਕਾ ਮਾਤਰ ਹੀ ਪ੍ਰਾਪਤ ਹੈ ਮਿਸਾਲ ਵਜੋਂ: ਡਾ. ਮਨਮੋਹਨ ਸਹਿਗਲ ਨੇ ਆਪਣੀ ਪੁਸਤਕ '*ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ*' ਵਿਚ ਰਿਸ਼ਤੇ-ਨਾਤਿਆਂ ਬਾਰੇ ਇਕ ਅਧਿਆਇ ਦੇ ਖੰਡ ਵਿਚ ਸੰਖੇਪ ਚਰਚਾ ਕੀਤੀ ਹੈ। ਡਾ. ਗੁਰਬਚਨ ਕੌਰ ਜੀ ਦਾ ਕੇਵਲ ਇਕ ਲੇਖ '*ਗੁਰਬਾਣੀ ਵਿਚ ਸਮਾਜਿਕ ਰਿਸ਼ਤਿਆਂ ਦਾ ਵਿਸ਼ਲੇਸ਼ਣ*' ਸੱਚ ਖੰਡ ਪੱਤਰ ਵਿਚ ਛਪਿਆ ਮਿਲਦਾ ਹੈ। ਬਲਜੀਤ ਸਿੰਘ ਬੱਲੀ, ਦਾ ਇਕ ਲੇਖ '*ਗੁਰਬਾਣੀ ਦੇ ਵਿਚ ਰਿਸ਼ਤੇ-ਨਾਤੇ*' ਸੀਸ ਗੰਜ ਮਾਸਕ ਵਿਚ ਛਪਿਆ ਮਿਲਦਾ ਹੈ। ਇਸ ਤੋਂ ਇਲਾਵਾ '*ਭਾਈ ਗੁਰਦਾਸ ਦੀਆਂ ਵਾਰਾਂ ਵਿਚ ਮਨੁੱਖੀ ਰਿਸ਼ਤਿਆਂ ਦਾ ਵਿਸ਼ਲੇਸ਼ਣ ਤੇ ਵਿਵੇਚਨ*' ਥੀਸਿਜ਼ ਵਿਚ ਬਲਦੇਵ ਸਿੰਘ ਨੇ ਇਕ ਅਧਿਆਇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਰਿਸ਼ਤਿਆਂ ਦਾ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚਲੇ  ਰਿਸ਼ਤਿਆਂ ਦਾ ਮੁਲਾਂਕਣ ਕੀਤਾ ਹੈ। ਇਹ ਅਧਿਆਇ ਉਨ੍ਹਾਂ ਦੇ ਥੀਸਿਜ਼ ਦਾ ਇਕ ਗੌਣ ਅਧਿਆਇ ਸੀ ਅਤੇ ਇਸ ਵਿਚ ਹੋਈ ਵਿਚਾਰ ਬੜੀ ਸੰਖੇਪ ਰੂਪ ਵਿਚ ਪੇਸ਼ ਕੀਤੀ ਹੋਈ ਹੈ।

ਡਾ. ਕੁਲਵਿੰਦਰ ਕੌਰ ਛੀਨਾ ਦੀ ਪੁਸਤਕ '*ਪੰਜਾਬੀ ਲੋਕ ਗੀਤਾਂ ਵਿੱਚ ਰਿਸ਼ਤਾ-ਪ੍ਰਣਾਲੀ*', ਹਰਕੇਸ਼ ਸਿੰਘ ਕਹਿਲ ਦੀ ਪੁਸਤਕ '*ਲੋਕ ਗੀਤਾਂ ਵਿੱਚ ਰਿਸ਼ਤੇ-ਨਾਤੇ*', ਡਾ. ਜਲੌਰ ਸਿੰਘ ਖੀਵਾ ਦੀ ਪੁਸਤਕ '*ਪੰਜਾਬੀ ਸਭਿਆਚਾਰ ਰਿਸ਼ਤਿਆਂ ਦੀ ਸੰਬਾਦਿਨਤਾ*' ਅਤੇ ਓਮ ਪ੍ਰਕਾਸ ਗਾਸੋ ਦਾ ਇਕ ਲੇਖ '*ਪੰਜਾਬੀ ਸਭਿਆਚਾਰ ਅਤੇ ਰਿਸ਼ਤੇ', ਪੰਜਾਬੀ ਸਭਿਆਚਾਰ* ਕਿਤਾਬ ਵਿਚ ਮਿਲਦਾ ਹੈ। ਇਨ੍ਹਾਂ ਪੁਸਤਕਾਂ ਵਿਚ ਰਿਸ਼ਤਿਆਂ ਦੀ ਗੱਲ ਤਾਂ ਮਿਲਦੀ ਹੈ ਪਰ ਇਹ ਪੰਜਾਬੀ ਸਭਿਆਚਾਰ ਤੱਕ ਹੀ ਸੀਮਿਤ ਹਨ।

ਉਪਰੋਕਤ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੇਕਾਂ ਹੀ ਪੱਖਾਂ ਤੇ ਅਨੇਕਾਂ ਕਾਰਜ

ਹੋਏ ਹਨ ਇਨ੍ਹਾਂ ਸਾਰਿਆਂ ਦਾ ਆਪੋ ਆਪਣੇ ਖੇਤਰ ਵਿਚ ਇਕ ਮਹੱਤਵਪੂਰਨ ਸਥਾਨ ਹੈ ਪਰ ਇਹ ਸਾਰੇ ਕਾਰਜ ਕੁਲ ਮਿਲਾ ਕੇ ਮੇਰੇ ਹਥਲੇ ਖੋਜ ਪ੍ਰਬੰਧ '*ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਰਿਸ਼ਤੇ-ਨਾਤੇ: ਇਕ ਅਧਿਐਨ*' ਵਿਸ਼ੇ ਦੇ ਪੱਖ ਦੀ ਪੂਰਤੀ ਨਹੀਂ ਕਰਦੇ। ਇਸੇ ਕਰਕੇ ਹੀ ਇਸ ਅਣਗੋਲੇ ਪੱਖ ਦਾ ਅਧਿਐਨ ਕਰਨਾ ਮੁੱਢਲਾ ਕਾਰਜ ਹੈ।

ਹਥਲੇ ਖੋਜ ਵਿਸ਼ੇ '*ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਰਿਸ਼ਤੇ-ਨਾਤੇ: ਇਕ ਅਧਿਐਨ*' ਨੂੰ ਨਿਮਨ ਲਿਖਤ ਅਧਿਆਇਆਂ ਵਿਚ ਵੰਡਿਆ ਹੈ ਜਿਵੇਂ:

1. **ਰਿਸ਼ਤੇ: ਅਰਥ ਅਤੇ ਮਹੱਤਵ**
2. **ਮਨੁੱਖ, ਪਰਿਵਾਰ ਅਤੇ ਸਮਾਜ**
3. **ਗੁਰੂ ਗ੍ਰੰਥ ਵਿਚ ਆਦਰਸ਼ਕ ਰਿਸ਼ਤੇ-ਨਾਤਿਆਂ ਦਾ ਸਰੂਪ ਅਤੇ ਵਰਗੀਕਰਨ**
4. **ਤੱਤ ਸਾਰ**

**ਪੁਸਤਕ ਸੂਚੀ**

ਪਹਿਲੇ ਅਧਿਆਇ ਰਿਸ਼ਤੇ: ਅਰਥ ਅਤੇ ਮਹੱਤਵ ਵਿਚ ਰਿਸ਼ਤੇ-ਨਾਤਿਆਂ ਦੇ ਸਿਧਾਂਤਕ ਪੱਖ ਦੀ ਗੱਲ ਕੀਤੀ ਹੈ। ਇਕ ਮਨੁੱਖ ਦਾ ਦੂਜੇ ਮਨੁੱਖ ਪ੍ਰਤੀ ਸਨੇਹ, ਹਮਦਰਦੀ ਅਤੇ ਪਿਆਰ ਦੀ ਭਾਵਨਾ ਦਾ ਨਾਂ ਹੀ ਰਿਸ਼ਤਾ ਹੈ। ਬੌਧਿਕ ਤੌਰ ਤੇ ਵੀ ਸਭ ਤੋਂ ਜ਼ਿਆਦਾ ਵਿਕਸਿਤ ਹੋਣ ਕਰਕੇ ਮਨੁੱਖ ਨੇ ਦੂਸਰੇ ਜੀਵੰਤ ਪ੍ਰਾਣੀਆਂ ਦੀ ਲੋੜ ਅਨੁਸਾਰ ਆਪਣੇ ਲਈ ਵਰਤੋਂ ਕੀਤੀ ਹੈ। ਜਿਵੇਂ-ਜਿਵੇਂ ਮਨੁੱਖੀ ਚੇਤਨਾ ਵਿਕਸਿਤ ਹੋਣ ਲੱਗੀ, ਉਸੇ ਤਰ੍ਹਾਂ ਮਨੁੱਖ ਨੇ ਆਪਣੇ ਆਪ ਨੂੰ ਰਿਸ਼ਤਿਆਂ-ਨਾਤਿਆਂ ਦੇ ਪ੍ਰਬੰਧ ਵਿਚ ਬੰਨ੍ਹ ਕੇ ਸੂਤਰ ਬੱਧ ਕੀਤਾ। ਇੱਥੋਂ ਹੀ ਮਨੁੱਖੀ ਰਿਸ਼ਤੇ-ਨਾਤਿਆਂ ਦਾ ਜਨਮ ਹੁੰਦਾ ਹੈ।

ਰਿਸ਼ਤਾ ਮੂਲ ਰੂਪ ਵਿਚ ਫਾਰਸ਼ੀ ਦਾ ਸ਼ਬਦ ਹੈ। ਭਾਈ ਕਾਨ੍ਹ ਸਿੰਘ ਨਾਭਾ 'ਮਹਾਨਕੋਸ਼' ਵਿਚ

ਇਸ ਦੇ ਅਰਥ ਸੰਬੰਧ, ਜੋੜ ਜਾਂ ਤਾਗਾ ਤੰਦ ਆਦਿ ਕਰਦੇ ਹਨ। ਨਾਤਾ ਸ਼ਬਦ ਦੇ ਅਰਥ ਵੀ ਉਨ੍ਹਾਂ ਨੇ ਸੰਬੰਧ ਜਾਂ ਰਿਸ਼ਤਾ ਹੀ ਕੀਤੇ ਹਨ।

ਮਨੁੱਖ ਮੂਲ ਰੂਪ ਵਿਚ ਇਕ ਸਮਾਜਿਕ ਇਕਾਈ ਹੈ। ਪ੍ਰਕਿਰਤੀ ਪੱਖੋਂ ਔਰਤ-ਮਰਦ ਦਾ ਰਿਸ਼ਤਾ ਇੱਕੋ-ਇੱਕ ਮੂਲ ਰਿਸ਼ਤਾ ਹੈ, ਜਿਨ੍ਹਾਂ ਤੋਂ ਮਨੁੱਖੀ ਹੋਂਦ ਅੱਗੇ ਤੁਰਦੀ ਹੈ। ਜਦੋ ਕਿ ਸੰਸਕ੍ਰਿਤੀ ਦੇ ਅੰਤਰਗਤ ਉਸ ਨੂੰ ਕੇਵਲ ਔਰਤ-ਮਰਦ ਦੇ ਰਿਸ਼ਤੇ ਦੀ ਥਾਂ ਭਿੰਨ-ਭਿੰਨ ਰਿਸ਼ਤਿਆਂ ਵਿਚ ਜਿਊਂਣਾ ਪੈਂਦਾ ਹੈ। ਰਿਸ਼ਤੇ ਮਨੁੱਖ ਦੀ ਆਪਣੀ ਸਿਰਜਣਾ ਹਨ। ਰਿਸ਼ਤਿਆਂ ਵਿਚਲੀ ਨੈਤਿਕਤਾ ਉਸ ਦੇ ਜੀਵਨ ਨੂੰ ਨਵਾਂ ਅਰਥ ਦਿੰਦੀ ਹੈ। ਇਨ੍ਹਾਂ ਰਿਸ਼ਤਿਆਂ ਵਿਚ ਫਿਕ ਪੈਣ ਦੇ ਕਾਰਨ ਮਨੁੱਖੀ ਜੀਵਨ ਵਿਚ ਕੁੜਤਣ ਪੈਦਾ ਹੋ ਜਾਂਦੀ ਹੈ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਮਨੁੱਖ ਨੇ ਹੀ ਪ੍ਰਕਿਰਤੀ ਅਧੀਨ ਰਿਸ਼ਤਿਆਂ ਦਾ ਸੰਬੰਧ ਆਪ ਹੀ ਸਿਰਜਿਆ ਹੈ।

ਆਧੁਨਿਕ ਸਮੇਂ ਵਿਚ ਰਿਸ਼ਤਿਆਂ ਦੇ ਨਾਵਾਂ ਵਿਚ ਪਰਿਵਰਤਨ ਆ ਰਿਹਾ ਹੈ ਉੱਥੇ ਰਿਸ਼ਤਿਆਂ-ਨਾਤਿਆਂ ਵਿਚਲਾ ਮੋਹ ਪਿਆਰ ਅਤੇ ਆਪਸੀ ਭਾਈਚਾਰੇ ਦੀ ਭਾਵਨਾ ਅਲੋਪ ਹੁੰਦੀ ਜਾ ਰਹੀ ਹੈ। ਇਸ ਦੀ ਥਾਂ ਖ਼ੁਦਗਰਜ਼ੀ ਅਤੇ ਭੌਤਿਕ ਪਦਾਰਥਾਂ ਦੇ ਮੋਹ ਨੇ ਲੈ ਲਈ ਹੈ। ਰਿਸ਼ਤੇ ਨਾਤਿਆਂ ਦੇ ਮਹੱਤਵ ਸੰਬੰਧੀ ਗੱਲ ਕਰਦਿਆਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਮਨੁੱਖ ਨੂੰ ਜੀਵਨ ਜਿਊਂਣ ਲਈ ਆਚਾਰ, ਵਿਵਹਾਰ, ਆਦਰਸ਼ ਅਤੇ ਭਾਵਨਾ ਦੀ ਅਤਿਅੰਤ ਲੋੜ ਹੁੰਦੀ ਹੈ। ਰਿਸ਼ਤਾ-ਨਾਤਾ ਪ੍ਰਬੰਧ ਮਨੁੱਖੀ ਜੀਵਨ ਦੇ ਸਾਰੇ ਖੇਤਰਾਂ, ਪੱਖਾਂ ਆਦਿ ਨੂੰ ਇਕ ਨਿਸ਼ਚਿਤ ਹੋਂਦ ਦਿੰਦਾ ਹੈ। ਰਿਸ਼ਤਾ-ਨਾਤਾ ਪ੍ਰਣਾਲੀ ਵਿਚ ਆਪਸੀ ਪ੍ਰੇਮ ਦੇ ਰਿਸ਼ਤੇ ਦਾ ਅਦੁੱਤੀ ਮਹੱਤਵ ਹੈ ਕਿਉਂਕਿ ਇਸ ਦੇ ਜਰੀਏ ਮਨੁੱਖ ਆਪਣੇ ਫ਼ਰਜ਼ਾਂ ਅਤੇ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਰਿਸ਼ਤਿਆਂ ਦੀਆਂ ਤੰਦਾਂ ਨੂੰ ਮਜ਼ਬੂਤ ਕਰਦਾ ਹੈ। ਇਸੇ ਲਈ ਮਨੁੱਖ ਦਾ ਸਮਾਜਿਕ ਜੀਵਨ ਇਨ੍ਹਾਂ

ਰਿਸ਼ਤਿਆਂ ਤੋਂ ਬਗ਼ੈਰ ਅਧੂਰਾ ਜਾਪਦਾ ਹੈ।

ਰਿਸ਼ਤਾ-ਨਾਤਾ ਹੀ ਮਨੁੱਖੀ ਸਮਾਜ ਵਿਚ ਵਿਚਰ ਰਹੇ ਵੱਖ-ਵੱਖ ਨਾਗਿਰਕਾਂ ਨਾਲ ਭਿੰਨ-ਭਿੰਨ ਪ੍ਰਕਾਰ ਦੇ ਸੰਬੰਧਾਂ ਨੂੰ ਸਨਮੁੱਖ ਲਿਆਉਂਦਾ ਹੈ ਅਤੇ ਰਿਸ਼ਤੇਦਾਰੀ ਦੀ ਵਿਵਸਥਾ ਵਿਚ ਹਰ ਤਰ੍ਹਾਂ ਦੇ ਸੰਬੰਧੀਆਂ ਨਾਲ ਪਾਏ ਸੰਬੰਧਾਂ ਦੀ ਜਾਣਕਾਰੀ ਕਰਵਾਉਂਦਾ ਹੈ। ਇਸ ਲਈ ਸਮਾਜ ਵਿਚ ਸੰਗਠਨ ਕਾਇਮ ਰੱਖਣ ਲਈ ਇਹ ਵਿਵਸਥਾ ਜ਼ਰੂਰੀ ਹੈ। ਮਨੁੱਖ ਦੀ ਸਮਾਜਿਕ ਸਥਿਤੀ ਅਤੇ ਭੂਮਿਕਾ ਇਨ੍ਹਾਂ ਰਿਸ਼ਤਿਆਂ ਦੇ ਆਧਾਰ ਤੇ ਰੂਪਮਾਨ ਹੁੰਦੀ ਹੈ।

ਦੂਸਰੇ ਅਧਿਆਇ ਵਿਚ ਮਨੁੱਖ, ਪਰਿਵਾਰ ਅਤੇ ਸਮਾਜ ਬਾਰੇ ਵਿਚਾਰ ਕੀਤੀ ਗਈ ਹੈ। ਮਨੁੱਖ ਸਾਡੀਆਂ ਸਮਾਜਿਕ ਅਤੇ ਸੰਸਾਰਿਕ ਗਤੀਵਿਧੀਆਂ ਦਾ ਕੇਂਦਰ ਬਿੰਦੂ ਹੈ। ਮਨੁੱਖ ਸਦਕਾ ਹੀ ਰਾਜਨੀਤਕ ਪ੍ਰਬੰਧ, ਮੇਲੇ, ਜਲਸੇ, ਸਭਾਵਾਂ ਹੋਂਦ ਵਿਚ ਆਉਂਦੀਆਂ ਹਨ। ਮਨੁੱਖ ਨੇ ਸਮੇਂ ਦੇ ਨਾਲ-ਨਾਲ ਵਿਗਿਆਨਕ ਤੌਰ ਤੇ ਬਹੁਤ ਤਰੱਕੀ ਕੀਤੀ। ਜਿਸ ਨਾਲ ਉਸ ਦੀ ਜੀਵਨ ਸ਼ੈਲੀ ਵਿਚ ਬਹੁਤ ਪਰਿਵਰਤਨ ਆਇਆ। ਮਨੁੱਖ ਇਸ ਤਰੱਕੀ ਦੇ ਪੜ੍ਹਾਅ ਤੱਕ ਕਿਵੇਂ ਪਹੁੰਚਿਆ, ਕਿਹੜੀਆਂ ਪ੍ਰਸਥਿਤੀਆਂ ਵਿਚੋਂ ਦੀ ਲੰਘਿਆ, ਕਿਵੇਂ ਬੋਲਣ ਦੀ ਕਲਾ ਆਈ, ਕਿਵੇਂ ਆਪਣੇ ਸਰੀਰ ਨੂੰ ਪੱਤਿਆਂ ਤੋਂ ਲੈ ਕੇ ਸੁੰਦਰ ਪੁਸ਼ਾਕਾਂ ਤੱਕ ਢੱਕਣ ਲੱਗਾ, ਕੱਚੇ ਮਾਸ ਤੋਂ ਲੈ ਕੇ ਭੁੰਨ ਕੇ ਮਾਸ ਖਾਣ ਦੀ ਕਲਾ, ਅੱਗ ਦੀ ਖੋਜ, ਗੁਫਾਵਾਂ ਵਿਚ ਰਹਿਣ ਵਾਲਾ ਜੰਗਲੀ ਮਨੁੱਖ ਖੇਤੀਬਾੜੀ ਕਰਨ ਤੱਕ ਕਿਵੇਂ ਪਹੁੰਚਿਆ ਆਦਿ ਬਾਰੇ ਖੋਜ-ਪ੍ਰਬੰਧ ਵਿਚ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਹੈ।

ਮਨੁੱਖ ਨੇ ਜਿਥੇ ਸੰਸਾਰਿਕ ਬ੍ਰਿਧੀ ਦੇ ਅਨੇਕਾਂ ਸਾਧਨ ਪੈਦਾ ਕੀਤੇ ਉਥੇ ਅਧਿਆਤਮਿਕ ਪੱਖ ਤੋਂ ਵੀ ਬਣਦਾ ਯੋਗਦਾਨ ਪਾਇਆ ਨਜ਼ਰ ਆਉਂਦਾ ਹੈ। ਇਸ ਸੰਸਾਰ ਉੱਪਰ ਬਹੁਤ ਸਾਰੇ ਪੀਰ, ਪੈਗੰਬਰ ਅਤੇ ਮਹਾਪੁਰਸ਼ ਹੋ ਚੁੱਕੇ ਹਨ ਭਾਵੇਂ ਅਸੀਂ ਉਨ੍ਹਾਂ ਨੂੰ ਪਰਮਾਤਮਾ ਦੇ ਹੁਕਮ ਵਿਚ ਵਰੋਸਾਏ ਧਰਤੀ ਉੱਪਰ ਆਏ ਮੰਨਦੇ ਹਾਂ ਪਰ ਮਨੁੱਖ ਨੂੰ ਇਸ ਜੁਗਤ ਵਿਚੋਂ ਮਨਫੀ ਨਹੀਂ ਕੀਤਾ ਜਾ ਸਕਦਾ।

ਪਰਿਵਾਰ ਅਰੰਭ ਤੋਂ ਲੈ ਕੇ ਵਰਤਮਾਨ ਤੱਕ ਸਮਾਜ ਦੀ ਮੌਲਿਕ ਅਤੇ ਮੁੱਢਲੀ ਇਕਾਈ ਹੈ। ਕਿਉਂਕਿ ਪਰਿਵਾਰ ਰਾਹੀਂ ਹੀ ਮਨੁੱਖ ਦੀਆਂ ਮਨੋਵਿਗਿਆਨਿਕ, ਆਰਥਿਕ, ਸਮਾਜਿਕ, ਲੋੜਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਸਮੁੱਚੇ ਸੰਸਾਰ ਵਿਚਲੇ ਵੱਖ-ਵੱਖ ਸਮਾਜਾਂ ਤੇ ਹਰ ਸਮਾਜ ਵਿਚਲੇ ਵੱਖ-ਵੱਖ ਪਰਿਵਾਰਾਂ ਦੇ ਸੰਬੰਧਾਂ ਨੂੰ ਰਿਸ਼ਤੇ-ਨਾਤਿਆਂ ਦੀ ਅਟੁੱਟ ਲੜੀ ਵਿਚ ਪਰੋਈ ਰੱਖਣ ਲਈ ਵਿਆਹ ਇਕ ਮੁੱਢਲਾ ਅਤੇ ਅਹਿਮ ਕਾਰਜ ਹੈ। ਸਾਡੇ ਸਮਾਜ ਵਿਚ ਵਿਆਹ ਦੀ ਮਰਯਾਦਾ ਅਧੀਨ ਇਕ ਲੜਕੇ ਅਤੇ ਲੜਕੀ ਨੂੰ ਪੂਰਾ ਜੀਵਨ ਇੱਕਠੇ ਰਹਿਣ ਦੀ ਆਗਿਆ ਦਿੱਤੀ ਜਾਂਦੀ ਹੈ ਜਿਸ ਅਧੀਨ ਇਨ੍ਹਾਂ ਦੋਹਾਂ ਨੇ ਇਕ ਦੂਸਰੇ ਦੇ ਵਿਸ਼ਵਾਸ਼ਪਾਤਰ ਬਣ ਕੇ ਗ੍ਰਹਿਸਤ ਜੀਵਨ ਦੇ ਰਾਹ ਤੇ ਚੱਲਣਾ ਹੈ ਅਤੇ ਸੰਤਾਨ ਦੀ ਉਪਜ, ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣਾ, ਆਪਣੇ ਧਰਮ, ਦੇਸ਼ ਦੀ ਤਰੱਕੀ ਵਿਚ ਬਣਦਾ ਹਿੱਸਾ ਪਾਉਣਾ ਹੈ।

ਸਮਾਜ ਮਨੁੱਖ ਦਾ ਆਚਾਰ ਤੇ ਵਿਵਹਾਰ ਬਣਾਉਣ ਵਿਚ ਮੁੱਖ ਹਿੱਸਾ ਪਾਉਂਦਾ ਹੈ। ਸਮਾਜ ਵਿਚ ਰਹਿੰਦਿਆਂ ਮਨੁੱਖ ਆਪਣਾ ਵਿਕਾਸ ਹੀ ਨਹੀਂ ਕਰਦਾ, ਸਗੋਂ ਦੂਜਿਆਂ ਨਾਲ ਸੰਬੰਧ ਜੋੜਦਾ ਹੋਇਆ ਆਪਣੇ ਫ਼ਰਜ਼ਾਂ ਅਤੇ ਦੂਜਿਆਂ ਪ੍ਰਤੀ ਕਰਤੱਵਾਂ ਦੀ ਭਾਵਨਾ ਉਜਾਗਰ ਕਰਦਾ ਹੈ। ਮਨੁੱਖ ਅਤੇ ਸਮਾਜ ਦੇ ਰਿਸ਼ਤੇ ਦੀ ਮੌਲਿਕ ਸਥਿਤੀ ਨੂੰ ਜਾਨਣ ਦਾ ਯਤਨ ਕੀਤਾ ਗਿਆ ਹੈ। ਸਮਾਜ ਮਨੁੱਖ ਦੇ ਕਾਰਜਾਂ ਨੂੰ ਸੁਤੰਤਰ ਅਤੇ ਨਿਰਧਾਰਤ ਕਰਦਾ ਹੈ ਅਤੇ ਮਨੁੱਖ ਨਾਲ ਵਿਚਰਦੇ ਰਿਸ਼ਤੇ-ਨਾਤਿਆਂ ਅਤੇ ਆਪਸੀ ਸਹਿਯੋਗ ਦੇ ਪੱਖਾਂ ਨੂੰ ਨਿਯੰਤ੍ਰਿਤ ਕਰਦਾ ਹੈ ਕਿਉਂਕਿ ਸਮਾਜ ਮਨੁੱਖਾਂ ਦੁਆਰਾ ਸਿਰਜਿਆ ਹੋਇਆ ਉਹ ਸੰਗਠਨ ਹੈ, ਜਿਸ ਵਿਚ ਉਹ ਇਕ ਸਮੂਹ ਦੇ ਰੂਪ ਵਿਚ ਰਹਿੰਦਾ ਹੈ ਅਤੇ ਆਪਣੀਆਂ ਅਤੇ ਦੂਜਿਆਂ ਦੀ ਮੌਲਿਕ ਲੋੜਾਂ ਦੀ ਪੂਰਤੀ ਕਰਦਾ ਹੈ ਜਿਸ ਨਾਲ ਮਨੁੱਖ ਦੇ ਸੁਭਾਅ ਵਿਚ ਸਹਿਯੋਗ ਦੀ ਭਾਵਨਾ ਉਪਜਦੀ ਹੈ।

ਤੀਸਰੇ ਅਧਿਆਇ ਦੇ ਪਹਿਲੇ ਅਧਿਆਇ-ਖੰਡ ਅਧਿਆਤਮਕ ਰਿਸ਼ਤੇ ਵਿਚ ਗੁਰੂ ਗ੍ਰੰਥ

ਸਾਹਿਬ ਵਿਚ ਰਿਸ਼ਤਾ-ਨਾਤਾ ਪ੍ਰਬੰਧ ਦੇ ਵਰਗੀਕਰਣ ਅਧੀਨ ਸਭ ਤੋਂ ਪਹਿਲਾਂ ਹਥਲੇ ਖੋਜ ਪ੍ਰਬੰਧ ਵਿਚ ਅਧਿਆਤਮਕ ਰਿਸ਼ਤਿਆਂ ਬਾਰੇ ਵਿਚਾਰ ਕਰਨ ਦਾ ਯਤਨ ਕੀਤਾ ਗਿਆ ਹੈ। ਅਧਿਆਤਮਕ ਰਿਸ਼ਤਿਆਂ ਦੇ ਸਿਰਲੇਖ ਅਧੀਨ ਭਗਤ-ਪਰਮਾਤਮਾ, ਜੀਵ ਤੇ ਸਾਧ-ਸੰਗਤਿ ਅਤੇ ਗੁਰੂ ਤੇ ਸਿੱਖ ਆਉਂਦੇ ਹਨ। ਅਧਿਆਤਮਕ ਰਿਸ਼ਤੇ ਦਾ ਅਰਥ ਹੈ ਉਹ ਰਿਸ਼ਤਾ ਜੋ ਅਧਿਆਤਮਕ ਪੱਧਤੀ ਨਾਲ ਸੰਬੰਧ ਰੱਖਦਾ ਹੋਵੇ। ਗੁਰਬਾਣੀ ਅਨੁਸਾਰ ਗੁਰੂ ਸਾਹਿਬ ਦਾ ਸੱਭ ਤੋਂ ਮੁੱਢਲਾ ਮਨੋਰਥ ਮਨੁੱਖ ਦੀ ਅਧਿਆਤਮਕ ਅਵਸਥਾ ਨਾਲ ਸੰਬੰਧਿਤ ਹੀ ਰਿਹਾ ਹੈ। ਅਸਲ ਵਿਚ ਗੁਰਬਾਣੀ ਦਾ ਉਦੇਸ਼ ਹੀ ਆਦਰਸ਼ਕ ਮਨੁੱਖ ਦੀ ਘਾੜਤ ਹੈ। ਅਧਿਆਤਮਕ ਰਿਸ਼ਤਿਆਂ-ਨਾਤਿਆਂ ਨੂੰ ਵੱਖ-ਵੱਖ ਸਿਰਲੇਖਾਂ ਅਧੀਨ ਗੁਰਬਾਣੀ ਦੀਆਂ ਤੁਕਾਂ ਦੇ ਹਵਾਲੇ ਦੇ ਕੇ ਵਿਚਾਰਨ ਦਾ ਯਤਨ ਕੀਤਾ ਗਿਆ ਹੈ।

ਸਭ ਤੋਂ ਪਹਿਲਾਂ ਭਗਤ ਅਤੇ ਪਰਮਾਤਮਾ ਦੇ ਰਿਸ਼ਤੇ ਨੂੰ ਰੱਖਿਆ ਗਿਆ ਹੈ। ਭਗਤ ਤੇ ਪਰਮਾਤਮਾ ਦੇ ਰਿਸ਼ਤੇ ਨੂੰ ਪ੍ਰਗਟ ਕਰਨ ਵਾਸਤੇ ਗੁਰੂ ਸਾਹਿਬ ਨੇ ਕਈ ਸੰਕੇਤ ਵੀ ਵਰਤੇ ਹਨ ਜਿਵੇਂ ਭਗਤ ਨੂੰ ਪਤਨੀ ਅਤੇ ਪਰਮਾਤਮਾ ਨੂੰ ਪਤੀ ਆਦਿ। ਅਧਿਆਤਮਕ ਅਰਥਾਂ ਨੂੰ ਖੋਲਣ ਲਈ ਵਿਚਾਰਾਂ ਦੇ ਸਹਾਇਕ ਬਣ ਕੇ ਆਏ ਇਨ੍ਹਾਂ ਰਿਸ਼ਤਿਆਂ ਦੇ ਗੁਪਤ ਇਸ਼ਾਰਿਆਂ ਦੁਆਰਾ ਆਦਰਸ਼ਕ ਸਮਾਜ ਦੀ ਕਲਪਨਾ ਵੀ ਕੀਤੀ ਗਈ। ਇਨ੍ਹਾਂ ਤੋਂ ਬਿਨ੍ਹਾਂ ਬਾਣੀ ਵਿਚ ਸੋਹਾਗਣ, ਦੋਹਾਗਣ, ਗੁਣਵੰਤੀ, ਅਉਗੁਣਵੰਤੀ, ਸੁਚੱਜੀ, ਕੁਚੱਜੀ, ਪਰ ਪੁਰਖ, ਰੰਡ (ਵਿਧਵਾ) ਅਤੇ ਬੇਸਵਾ (ਵੇਸਵਾ) ਆਦਿ ਸ਼ਬਦਾ ਦੁਆਰਾ ਉਲੀਕੇ ਚਿਤ੍ਰਾਂ ਦਾ ਮਹੱਤਵ ਜਿੰਨਾ ਅਧਿਆਤਮਕ ਹੈ ਉਨਾਂ ਹੀ ਸਮਾਜਿਕ, ਭਾਈਚਾਰਕ ਅਤੇ ਸਦਾਚਾਰਕ ਵੀ ਹੈ। ਭਗਤ ਤੇ ਪਰਮਾਤਮਾ ਸੰਬੰਧੀ ਵਿਚਾਰ ਕਰਦਿਆਂ ਇਹ ਗੱਲ ਜ਼ਾਹਰਾ ਰੂਪ ਵਿਚ ਸਾਹਮਣੇ ਆਈ ਹੈ ਕਿ ਭਗਤ ਤੇ ਪਰਮਾਤਮਾ ਦੇ ਨਿਰਮਲ ਰਿਸ਼ਤੇ ਵਿਚ ਭਗਤ ਜਗਿਆਸੂ ਹੈ। ਉਸ ਦੀਆਂ ਕਈ ਤਰ੍ਹਾਂ ਦੀਆਂ ਕਾਮਨਾਵਾਂ ਹਨ। ਇਹ ਸਾਰੀਆਂ ਕਾਮਨਾਵਾਂ ਦੀ ਪੂਰਤੀ ਪਰਮਾਤਮਾ ਕਰਦਾ ਹੈ ਕਿਉਂਕਿ ਪਰਮਾਤਮਾ ਸਮਰੱਥ ਹੈ।

ਭਗਤ ਤੇ ਪਰਮਾਤਮਾ ਦੇ ਰਿਸ਼ਤੇ ਤੋਂ ਬਾਅਦ ਜੀਵ ਤੇ ਸਾਧ-ਸੰਗਤਿ ਦੇ ਰਿਸ਼ਤੇ ਦੀ ਵਿਚਾਰ ਕੀਤੀ ਗਈ ਹੈ। ਸਾਧ ਸੰਗਤਿ ਨੂੰ ਮਾਂ ਦਾ ਦਰਜਾ ਦੇ ਕੇ ਗੁਰਮੁਖਾਂ ਦੀ ਜਨਮ ਦਾਤੀ ਦੱਸਿਆ ਹੈ। ਗੁਰਸਿੱਖ ਲਈ ਜ਼ਰੂਰੀ ਹੈ ਕਿ ਸਤਸੰਗਤਿ ਦਾ ਪੱਲਾ ਕਦੇ ਨਾ ਛੱਡੇ ਅਤੇ ਮਨ ਮੰਦਰ ਵਿਚ ਹਰਿ ਮੰਦਰ ਦੀ ਖੋਜ ਕਰਨ ਲਈ ਸਤ ਸੰਗਤਿ ਕਰੇ ਕਿਉਂਕਿ ਪਰਮਾਤਮਾ ਸੰਗਤਿ ਵਿਚ ਵੱਸਦਾ ਹੈ। *ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥*[3] ਸਾਧ ਸੰਗਤ ਨਾਲ ਸਮਾਜ ਵਿਚ ਜਾਤ-ਪਾਤ, ਅਮੀਰ-ਗਰੀਬ ਅਤੇ ਉੱਚੇ-ਨੀਵੇਂ ਦਾ ਫਰਕ ਸਭ ਤੁੱਛ ਲੱਗਣ ਲੱਗ ਪੈਂਦਾ ਹੈ। ਗੁਰੂ ਸਾਹਿਬ ਨੇ ਉੱਤਮ ਸੰਗਤ ਵੱਲ ਪ੍ਰੇਰਿਤ ਕੀਤਾ ਹੈ। ਜਿਸ ਵਿਚ ਜੀਵ ਆਪ ਤਾਂ ਤਰਦਾ ਹੀ ਹੈ ਅਤੇ ਆਪਣੇ ਨਾਲ ਸਤਸੰਗੀਆਂ ਨੂੰ ਵੀ ਤਾਰ ਲੈਂਦਾ ਹੈ। ਉਹ ਆਵਾਗਵਣ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ।

ਗੁਰਬਾਣੀ ਵਿਚ ਗੁਰੂ ਅਤੇ ਸਿੱਖ ਦੇ ਰਿਸ਼ਤੇ ਤੇ ਖਾਸ ਜ਼ੋਰ ਦਿੱਤਾ ਗਿਆ ਹੈ। ਸਿੱਖ ਦਾ ਜੀਵਨ ਅਜਿਹਾ ਹੋਵੇ ਕਿ ਉਹ ਆਪਣੇ ਜੀਵਨ ਦਾ ਹਰ-ਪਲ ਗੁਰੂ ਤੇ ਨਿਛਾਵਰ ਕਰ ਦੇਵੇ, ਜਦੋਂ ਅਜਿਹੀ ਭਾਵਨਾ ਉਤਪੰਨ ਹੋ ਜਾਂਦੀ ਹੈ ਤਾਂ ਗੁਰੂ-ਸਿੱਖ ਦਾ ਰਿਸ਼ਤਾ ਐਨਾ ਪਰਪੱਕ ਹੋ ਜਾਂਦਾ ਹੈ ਕਿ ਦੋਵੇਂ ਇਕ ਰੂਪ ਹੀ ਨਜ਼ਰ ਆਉਂਦੇ ਹਨ। ਸਿੱਖ ਦੇ ਰਿਸ਼ਤੇ ਦਾ ਆਧਾਰ ਮੁੱਖ ਰੂਪ ਵਿਚ ਪ੍ਰੇਮ ਹੈ। ਗੁਰੂ ਦੇ ਪ੍ਰੇਮ ਸਦਕਾ ਹੀ ਸਿੱਖ ਦਾ ਲੋਕ-ਪ੍ਰਲੋਕ ਵਿਚ ਆਵਾਗਵਣ ਦਾ ਚੱਕਰ ਕੱਟਿਆ ਜਾਂਦਾ ਹੈ। ਗੁਰੂ ਦੀ ਸੇਵਾ ਕਰਨ ਵਾਲਾ, ਗੁਰੂ ਦਰ ਤੇ ਚੱਲ ਕੇ ਆਉਣ ਵਾਲਾ, ਗੁਰੂ ਦੇ ਭਾਣੇ (ਹੁਕਮ) ਵਿਚ ਚੱਲਣ ਵਾਲਾ ਸਿੱਖ ਮਹਾਨ ਅਤੇ ਧੰਨਤਾ ਦੇ ਯੋਗ ਹੋ ਜਾਂਦਾ ਹੈ।

ਤੀਜੇ ਅਧਿਆਇ ਦੇ ਦੂਜੇ ਅਧਿਆਇ-ਖੰਡ ਵਿਚ ਗੁਰਬਾਣੀ ਦੇ ਹਵਾਲੇ ਨਾਲ ਚਿੰਨ੍ਹਾਤਮਿਕ ਰਿਸ਼ਤਿਆਂ ਨੂੰ ਸਮਝਣ ਦਾ ਯਤਨ ਹੋਏਗਾ। ਚਿੰਨ੍ਹਾਤਮਿਕ ਰਿਸ਼ਤੇ ਉਹ ਰਿਸ਼ਤੇ ਹਨ

---

[3]. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 94.

ਜਿਸ ਵਿਚ ਗੁਰੂ ਸਾਹਿਬ ਨਾਂ ਤਾਂ ਸਾਡੇ ਕਿਸੇ ਸੰਸਾਰਿਕ ਰਿਸ਼ਤੇ ਦਾ ਲੈਂਦੇ ਹਨ ਪ੍ਰੰਤੂ ਗੱਲ ਅਧਿਆਤਮਕ ਪੱਧਰ ਦੀ ਹੋ ਰਹੀ ਹੁੰਦੀ ਹੈ, ਜਿਵੇਂ:

> ਧਨ ਪਿਰ ਕਾ ਇਕ ਹੀ ਸੰਗਿ ਵਾਸਾ
> ਵਿਚਿ ਹਉਮੈ ਭੀਤਿ ਕਰਾਰੀ॥ [4]

ਉਪਰੋਕਤ ਤੁੱਕ ਵਿਚ ਧਨ ਦਾ ਅਰਥ ਹੈ ਜੀਵ ਰੂਪੀ ਇਸਤਰੀ ਪਿਰ ਦਾ ਅਰਥ ਪ੍ਰਭੂ ਪਤੀ। ਜੀਵ ਅਤੇ ਪ੍ਰਭੂ ਇਕ ਦੂਸਰੇ ਦੇ ਨੇੜੇ ਹੁੰਦੇ ਹਉਮੈ ਰੂਪੀ ਦੀਵਾਰ ਕਾਰਨ ਮਿਲਾਪ ਤੋਂ ਵਾਂਝੇ ਰਹਿੰਦੇ ਹਨ। ਜਿਨ੍ਹਾਂ ਗੁਰਬਾਣੀ ਦੀਆਂ ਤੁਕਾਂ ਵਿਚ ਰਿਸ਼ਤੇ-ਨਾਤਿਆਂ ਦੇ ਅਜਿਹੇ ਹਵਾਲੇ ਆਏ ਹਨ, ਉਨ੍ਹਾਂ ਨੂੰ ਚਿੰਨ੍ਹਾਤਮਿਕ ਰਿਸ਼ਤੇ ਦੇ ਸਿਰਲੇਖ ਅਧੀਨ ਲਿਆ ਗਿਆ ਹੈ।

ਉਕਤ ਅਧਿਆਇ ਦੇ ਤੀਜੇ ਵਰਗ ਵਿਚ ਸੰਸਾਰਿਕ ਰਿਸ਼ਤਿਆਂ ਬਾਰੇ ਦੱਸਣ ਦਾ ਯਤਨ ਹੋਏਗਾ। ਸੰਸਾਰਿਕ ਰਿਸ਼ਤਿਆਂ ਤੋਂ ਭਾਵ ਉਹ ਰਿਸ਼ਤੇ ਜਿਨ੍ਹਾਂ ਨਾਲ ਸਾਡੇ ਜੀਵਨ ਅਤੇ ਪਰਿਵਾਰਕ ਰਿਸ਼ਤਿਆਂ ਦੀ ਗੱਲ ਹੁੰਦੀ ਹੈ ਜਿਵੇਂ ਪਤੀ-ਪਤਨੀ, ਮਾਤਾ-ਪਿਤਾ, ਮਾਂ-ਪੁੱਤਰ, ਪਿਉ-ਪੁੱਤਰ, ਭੈਣ-ਭਾਈ, ਦਰਾਣੀ-ਜਠਾਣੀ, ਚਾਚੀ-ਚਾਚੀ, ਤਾਇਆ-ਤਾਈ, ਨਾਨਾ-ਨਾਨੀ, ਮਾਮਾ-ਮਾਮੀ ਆਦਿ। ਇਹ ਸਾਰੇ ਰਿਸ਼ਤੇ ਇਕ ਪਰਿਵਾਰ ਜਾਂ ਕੁਟੰਬ ਨੂੰ ਆਪਸ ਵਿਚ ਜੋੜੀ ਰੱਖਣ ਲਈ ਬਹੁਤ ਸਹਾਈ ਹੁੰਦੇ ਹਨ। ਇਨ੍ਹਾਂ ਰਿਸ਼ਤੇ-ਨਾਤਿਆਂ ਤੋਂ ਬਿਨ੍ਹਾਂ ਸਮਾਜ ਦੀ ਪੂਰਤੀ ਸੰਭਵ ਨਹੀਂ। ਮਨੁੱਖ ਸੰਸਾਰ ਵਿਚ ਵਿਚਰਦਾ ਹੋਇਆ ਸਭ ਤੋਂ ਵੱਧ ਇਨ੍ਹਾਂ ਰਿਸ਼ਤਿਆਂ ਦੇ ਘੇਰੇ ਵਿਚ ਰਹਿੰਦਾ ਹੈ। ਸਾਡੇ ਚਾਰ ਚੁਫੇਰੇ ਇਨ੍ਹਾਂ ਰਿਸ਼ਤਿਆਂ ਦਾ ਹੀ ਤਾਣਾ-ਬਾਣਾ ਉੱਸਰਿਆ ਹੋਇਆ ਹੈ। ਇਨ੍ਹਾਂ ਰਿਸ਼ਤਿਆਂ ਵਿਚ ਵਿਚਰਦੇ ਕਈ ਵਾਰ ਜਾਇਜ਼, ਨਜਾਇਜ਼ ਢੰਗ ਅਪਣਾਉਂਦੇ ਹੋਏ ਸਦਾਚਾਰਕ ਕਦਰਾਂ ਕੀਮਤਾਂ ਦੀ ਵੀ ਪਰਵਾਹ ਨਹੀਂ ਕਰਦੇ। ਇਸ ਅਧਿਆਇ ਖੰਡ ਵਿਚ ਵਖ-ਵਖ ਰਿਸ਼ਤਿਆਂ ਸੰਬੰਧੀ

---

[4]. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1263.

ਗੁਰੂ ਗ੍ਰੰਥ ਸਾਹਿਬ ਵਿਚੋਂ ਪ੍ਰਾਪਤ ਹਵਾਲਿਆਂ ਅਧੀਨ ਵਿਸਥਾਰ ਸਹਿਤ ਦੱਸਣ ਦਾ ਯਤਨ ਹੋਏਗਾ।

ਇਸੀ ਅਧਿਆਇ ਦੇ ਚੋਥੇ ਅਧਿਆਇ ਖੰਡ 'ਰਾਜਨੀਤਿਕ ਰਿਸ਼ਤੇ' ਬਾਰੇ ਦੱਸਣ ਦਾ ਯਤਨ ਹੋਏਗਾ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਰਿਸ਼ਤਿਆਂ ਬਾਰੇ ਵੀ ਹਵਾਲੇ ਪ੍ਰਾਪਤ ਹਨ। ਰਾਜਨੀਤਿਕ ਰਿਸ਼ਤਿਆਂ ਦੇ ਸਿਰਲੇਖ ਅਧੀਨ ਅਸੀਂ ਰਾਜਨੀਤਿਕ, ਸ਼ਾਹੂਕਾਰ, ਵਪਾਰੀ ਆਦਿ ਸੰਬੰਧੀ ਵਿਚਾਰ ਕਰਨ ਦਾ ਯਤਨ ਕਰਾਂਗੇ। ਗੁਰਬਾਣੀ ਸਾਨੂੰ ਇਨ੍ਹਾਂ ਰਿਸ਼ਤਿਆਂ ਸੰਬੰਧੀ ਸੇਧ ਦਿੰਦੀ ਹੈ ਕਿ ਰਾਜੇ ਦੇ ਪਰਜਾ ਪ੍ਰਤੀ ਕੀ ਕਰੱਤਵ ਹਨ? ਰਾਜਾ ਕਿਸ ਤਰ੍ਹਾਂ ਦਾ ਰਾਜ ਕਰੇ? ਪਰਜਾ ਆਪਣੇ ਫ਼ਰਜ਼ਾਂ ਦੀ ਪੂਰਤੀ ਕਿਵੇਂ ਕਰੇ? ਸ਼ਾਹੂਕਾਰ ਅਤੇ ਵਪਾਰੀ ਕਿਸ ਤਰ੍ਹਾਂ ਕਿਸ ਵਸਤੂ ਦਾ ਵਣਜ ਅਤੇ ਵਪਾਰ ਕਰਨ? ਬਾਦਸ਼ਾਹ ਨੂੰ ਸੁਚੇਤ ਕਰਦੇ ਹੋਏ ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਉਹ ਰਾਜ ਕਿਸੇ ਕੰਮ ਦਾ ਨਹੀਂ ਜਿਸ ਨਾਲ ਪਰਜਾ ਦੀ ਸੰਤੁਸ਼ਟੀ ਨਾ ਹੋਵੇ ਗੁਰਵਾਕ ਹੈ:

ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ॥ [5]

ਅੰਤ ਵਿਚ ਤੱਤ ਸਾਰ ਤੇ ਪੁਸਤਕ-ਸੂਚੀ ਹੈ। ਤੱਤ ਸਾਰ ਵਿਚ ਰਿਸ਼ਤੇ-ਨਾਤਿਆਂ ਦੇ ਅਰਥ, ਮਹੱਤਵ, ਮਨੁੱਖ, ਪਰਿਵਾਰ, ਸਮਾਜ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਰਿਸ਼ਤਿਆਂ-ਨਾਤਿਆਂ ਤੋਂ ਪ੍ਰਾਪਤ ਸਿੱਟਿਆਂ ਦਾ ਵਰਣਨ ਕੀਤਾ ਗਿਆ ਹੈ।

ਹਥਲੇ ਕਾਰਜ ਵਿਚ ਸਮਾਜਿਕ ਕਾਰਜ ਵਾਲੇ ਅੰਸ਼ ਵੀ ਮੌਜੂਦ ਹਨ। ਇਸ ਦਾ ਮੁੱਖ ਸੰਬੰਧ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਹੈ। ਇਸ ਕਾਰਜ ਦੀ ਮੁੱਖ ਵਿਧੀ ਧਰਮ ਸ਼ਾਸਤਰੀ ਅਤੇ ਸਮਾਜ ਸ਼ਾਸਤਰੀ ਹੋਵੇਗੀ। ਧਰਮ ਸ਼ਾਸਤਰ ਲਈ ਅੰਗਰੇਜ਼ੀ ਵਿਚ ਸ਼ਬਦ Theology ਹੈ। Theology ਸ਼ਬਦ ਦਾ ਸੰਧੀ-ਨਿਸ਼ੇਧ Theo+Logy ਬਣਦਾ ਹੈ। Theo ਗ੍ਰੀਕ ਭਾਸ਼ਾ ਦਾ ਸ਼ਬਦ ਹੈ। ਜਿਸ ਦਾ ਅਰਥ ਹੈ ਪਰਮਾਤਮਾ ਦੂਸਰਾ ਸ਼ਬਦ Logy ਹੈ। ਜਿਸ ਦੇ ਸ਼ਾਬਿਦਕ ਅਰਥ ਸ਼ਬਦ ਹੀ ਹੈ।

---

[5]. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 745.

Theology ਦੇ ਸ਼ਾਬਦਿਕ ਅਰਥ Science of God ਜਾਂ Study of God ਹਨ। ਧਰਮ ਸ਼ਾਸਤਰ ਧਾਰਮਿਕ ਵਿਸ਼ਵਾਸਾਂ ਨੂੰ ਸਪਸ਼ਟ ਕਰਨ ਦੀ ਪ੍ਰਣਾਲੀ ਹੈ। ਇਹ ਧਾਰਮਿਕ ਵਿਸ਼ਵਾਸਾਂ ਦੀ ਆਲੋਚਨਾ ਨਹੀਂ ਕਰਦਾ, ਸਗੋਂ ਸ਼ਰਧਾ ਪੂਰਵਕ ਉਨ੍ਹਾਂ ਵਿਚ ਵਿਸ਼ਵਾਸ ਕਰਦਾ ਹੈ। ਧਰਮ ਸ਼ਾਸਤਰੀ ਪਹੁੰਚ ਵਿਧੀ ਪਰਮਸਤਿ ਅਤੇ ਜੀਵਨ-ਸਿਰਜਣਾ ਦੇ ਸੰਬੰਧਾਂ ਦੀ ਗਹਿਰਾਈ ਨੂੰ ਵਿਸ਼ੇਸ ਧਰਮ-ਪ੍ਰਬੰਧ ਵਿਚ ਰਹਿ ਕੇ ਸਮਝਣ ਦੀ ਸ਼ਰਧਾ ਮੂਲਕ ਬੌਧਿਕ ਕਿਰਿਆ ਹੈ।

ਸਮਾਜ ਸ਼ਾਸਤਰੀ ਸਮਾਜਿਕ ਵਿਵਸਥਾ ਅਤੇ ਸਮਾਜਿਕ ਤਰੱਕੀ ਦਾ ਵਿਗਿਆਨ ਹੈ ਜੋ ਸਮਾਜਿਕ ਕ੍ਰਿਆਵਾਂ ਦੀ ਸਾਰਥਕ ਵਿਆਖਿਆ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਮਾਜ ਸ਼ਾਸਤਰੀ ਕਿਸੇ ਇਕ ਵਿਅਕਤੀ ਦਾ ਅਧਿਐਨ ਨਹੀਂ ਕਰਦਾ ਸਗੋਂ ਅਨੇਕ ਵਿਅਕਤੀਆਂ ਦੇ ਆਪਸੀ ਸੰਬੰਧਾਂ ਦਾ ਅਧਿਐਨ ਕਰਦਾ ਹੈ ਅਤੇ ਉਨ੍ਹਾਂ ਅਨੇਕ ਵਿਅਕਤੀਆਂ ਦੇ ਇਕ ਦੂਜੇ ਦੇ ਸੰਪਰਕ ਵਿਚ ਆਉਣ ਦੇ ਕਾਰਨ ਉਤਪੰਨ ਹੋਣ ਵਾਲੀਆਂ ਕ੍ਰਿਆਵਾਂ ਦਾ ਅਧਿਐਨ ਕਰਦਾ ਹੈ। ਸਮਾਜ ਸ਼ਾਸਤਰ ਵਿਆਪਕ ਰੂਪ ਵਿਚ ਸਮਾਜ ਦਾ ਸਿਲਸਿਲੇਵਾਰ ਅਧਿਐਨ ਅਤੇ ਵਿਆਖਿਆ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਕਿਉਂਕਿ ਇਕ ਧਾਰਮਿਕ ਗ੍ਰੰਥ ਹੈ ਅਤੇ ਰਿਸ਼ਤੇ-ਨਾਤੇ ਇਕ ਸਮਾਜਿਕ ਸੰਬੰਧ ਹਨ। ਇਸ ਲਈ ਧਰਮ ਸ਼ਾਸਤਰੀ ਅਤੇ ਸਮਾਜ ਸ਼ਾਸਤਰੀ ਵਿਧੀ ਦੇ ਨਾਲ-ਨਾਲ ਇਤਿਹਾਸਿਕ ਵਿਧੀ ਦੀ ਲੋੜ ਅਨੁਸਾਰ ਵਰਤੋਂ ਕੀਤੀ ਗਈ ਹੈ।

ਥੀਸਿਸ ਵਿਚ ਸ਼ਬਦ-ਜੋੜਾਂ ਦੀ ਇਕਸਾਰਤਾ ਲਈ ਪੰਜਾਬੀ ਯੂਨੀਵਰਸਿਟੀ ਦੀ ਪ੍ਰਕਾਸ਼ਨਾਂ *ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼* ਦੀ ਸਹਾਇਤਾ ਲਈ ਗਈ ਹੈ।

ਅੰਤ ਵਿਚ ਮੈਂ ਉਸ ਪਰਵਦਗਾਰ ਦਾ ਸ਼ੁਕਰ ਗੁਜ਼ਾਰ ਹਾਂ ਜਿਸ ਦੀ ਬਖਸ਼ਿਸ਼ ਨਾਲ ਇਹ ਕਾਰਜ ਨੇਪਰੇ ਚੜ੍ਹ ਸਕਿਆ ਹੈ। ਮੇਰੇ ਧੰਨਵਾਦ ਦੇ ਵਿਸ਼ੇਸ਼ ਪਾਤਰ ਡਾ. ਅਮਨਜੋਤ ਕੌਰ ਜੀ ਹਨ, ਜੋ ਨਾ ਕੇਵਲ ਮੇਰੇ ਨਿਗਰਾਨ ਹੀ ਹਨ, ਬਲਕਿ ਰਾਹ ਦਸੇਰੇ ਵੀ ਹਨ। ਡਾ. ਅਮਰ ਸਿੰਘ ਜੀ ਦਾ ਵੀ

ਵਿਸ਼ੇਸ਼ ਧੰਨਵਾਦੀ ਹਾਂ, ਜਿਨ੍ਹਾਂ ਨੇ ਹਰ ਸਮੇਂ ਮੇਰੀ ਇਸ ਕਾਰਜ ਵਿਚ ਸਹਾਇਤਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਮੁਖੀ ਡਾ. ਸਰਬਜਿੰਦਰ ਸਿੰਘ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਹਮੇਸ਼ਾਂ ਇਸ ਕਾਰਜ ਦੀ ਸੰਪੂਰਨਤਾ ਲਈ ਉਤਸ਼ਾਹ ਦਿਤਾ। ਅੰਤ ਉਨ੍ਹਾਂ ਸਾਰੀਆਂ ਸ਼ਖਸ਼ੀਅਤਾਂ ਦਾ ਧੰਨਵਾਦੀ ਹਾਂ ਜੋ ਸੁਚੇਤ ਅਤੇ ਅਚੇਤ ਰੂਪ ਵਿਚ ਮੇਰੇ ਖੋਜ ਕਾਰਜ ਵਿਚ ਪ੍ਰੇਰਨਾ ਅਤੇ ਸਾਥ ਦਿੰਦੇ ਰਹੇ।

ਮਿਤੀ:                                                                 ਅਮਰਜੀਤ ਸਿੰਘ

# ਰਿਸ਼ਤੇ: ਅਰਥ ਅਤੇ ਮਹੱਤਵ

ਰਿਸ਼ਤੇ: ਅਰਥ ਅਤੇ ਮਹੱਤਵ ਵਿਚ ਰਿਸ਼ਤੇ-ਨਾਤਿਆਂ ਦੇ ਸਿਧਾਂਤਕ ਪੱਖ ਦੀ ਗੱਲ ਕੀਤੀ ਹੈ। ਮਨੁੱਖੀ ਚੇਤਨਾ ਦੇ ਵਿਕਾਸ ਦੇ ਨਾਲ-ਨਾਲ ਮਨੁੱਖੀ ਸਭਿਅਤਾ ਨੇ ਕਰੋੜਾਂ ਸਾਲ ਦਾ ਸਫਰ ਤਹਿ ਕੀਤਾ ਹੈ। ਮਨੁੱਖੀ ਸਭਿਅਤਾ ਜੰਗਲੀ ਸਭਿਅਤਾ ਤੋਂ ਲੈ ਕੇ ਆਧੁਨਿਕ ਵਿਸ਼ਵ ਵਿਆਪੀ (Global community) ਸਭਿਅਤਾ ਦਾ ਰੂਪ ਧਾਰਨ ਕਰ ਚੁੱਕੀ ਹੈ। ਰਿਸ਼ਤਿਆਂ ਦੀ ਸ਼ੁਰੂਆਤ, ਵਿਕਾਸ ਵੀ ਇਸੇ ਮਨੁੱਖੀ ਚੇਤਨਾ ਦੇ ਵਿਕਾਸ ਨਾਲ ਅੰਤਰ-ਸੰਬੰਧਤ ਹੈ। ਜੰਗਲੀ ਸਭਿਅਤਾ ਵਿਚ ਮਾਸੂਮ ਚੇਤਨਾ ਵਾਲਾ ਮਨੁੱਖ ਇੱਕਲਾ ਰਹਿੰਦਾ ਸੀ। ਫਲ, ਫੁੱਲ ਆਦਿਕ ਖਾ ਕੇ ਗੁਜ਼ਾਰਾ ਕਰਦਾ ਸੀ। ਆਪਣੀਆਂ ਸਰੀਰਕ ਲੋੜਾਂ ਦੀ ਪੂਰਤੀ ਲਈ ਉਸ ਨੇ ਗਰੁੱਪ ਵਿਚ ਰਹਿਣਾ ਸ਼ੁਰੂ ਕੀਤਾ। ਮਨੁੱਖੀ ਚੇਤਨਾ ਦੇ ਵਿਕਾਸ ਦੇ ਨਾਲ-ਨਾਲ ਮਨੁੱਖ ਨੇ ਆਪਣੇ ਆਪ ਨੂੰ ਰਿਸ਼ਤਿਆਂ-ਨਾਤਿਆਂ ਦੇ ਪ੍ਰਬੰਧ ਵਿਚ ਬੰਨ ਕੇ ਸੂਤਰ ਬੱਧ ਕਰਨਾ ਸ਼ੁਰੂ ਕੀਤਾ। ਇੱਥੋਂ ਹੀ ਮਨੁੱਖੀ ਰਿਸ਼ਤੇ-ਨਾਤਿਆਂ ਦਾ ਜਨਮ ਹੁੰਦਾ ਹੈ ਕਿਉਂਕਿ ਜੰਗਲੀ ਮਨੁੱਖ ਨੂੰ ਪਹਿਲਾਂ ਰਿਸ਼ਤੇ-ਨਾਤਿਆਂ ਦੀ ਸੋਝੀ ਨਹੀਂ ਸੀ। ਮਨੁੱਖ ਦੇ ਇਸ ਮੁੱਢਲੇ ਰੂਪ ਤੋਂ ਬਾਅਦ ਜਿਵੇਂ-ਜਿਵੇਂ ਉਸ ਨੂੰ ਚੇਤੰਨਤਾ ਆਉਂਦੀ ਗਈ ਉਸੇ ਤਰ੍ਹਾਂ ਉਸ ਦੀ ਆਪਣੇ ਚੌਗਿਰਦੇ ਨੂੰ ਵੇਖਣ ਦੀ ਦ੍ਰਿਸ਼ਟੀ ਵੀ ਬਦਲਦੀ ਗਈ। ਇਸ ਬਦਲੀ ਸੋਚ ਵਿਚੋਂ ਬਹੁਤ ਕੁਝ ਨਵਾਂ ਜਨਮਿਆ ਜਿਨ੍ਹਾਂ ਵਿਚੋਂ ਇਕ ਮਨੁੱਖੀ ਰਿਸ਼ਤੇ ਹਨ।

ਮਨੁੱਖ ਮੂਲ ਰੂਪ ਵਿਚ ਇਕ ਸਮਾਜਿਕ ਪ੍ਰਾਣੀ ਹੈ। ਪ੍ਰਕਿਰਤੀ ਪੱਖੋਂ ਔਰਤ-ਮਰਦ ਦਾ ਰਿਸ਼ਤਾ ਇੱਕੋ ਇਕ ਮੂਲ ਰਿਸ਼ਤਾ ਹੈ, ਜਿਨ੍ਹਾਂ ਤੋਂ ਮਨੁੱਖੀ ਹੋਂਦ ਅੱਗੇ ਤੁਰਦੀ ਹੈ। ਜਦੋਂ ਕਿ ਸੰਸਕ੍ਰਿਤੀ ਦੇ ਅੰਤਰਗਤ ਉਸ ਨੂੰ ਕੇਵਲ ਔਰਤ-ਮਰਦ ਦੇ ਰਿਸ਼ਤੇ ਦੀ ਥਾਂ ਭਿੰਨ-ਭਿੰਨ ਰਿਸ਼ਤਿਆਂ ਵਿਚ ਜਿਊਂਣਾ ਪੈਂਦਾ ਹੈ। ਰਿਸ਼ਤੇ ਮਨੁੱਖ ਦੀ ਆਪਣੀ ਸਿਰਜਣਾ ਹਨ। ਰਿਸ਼ਤਿਆਂ ਵਿਚਲੀ ਨੈਤਿਕਤਾ ਉਸ ਦੇ ਜੀਵਨ ਨੂੰ ਨਵਾਂ ਅਰਥ ਦਿੰਦੀ ਹੈ। ਇਨ੍ਹਾਂ ਰਿਸ਼ਤਿਆਂ ਵਿਚ ਫਿਕ ਪੈਣ ਦੇ

ਕਾਰਨ ਮਨੁੱਖੀ ਜੀਵਨ ਵਿਚ ਕੁੜੱਤਣ ਪੈਦਾ ਹੋ ਜਾਂਦੀ ਹੈ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਮਨੁੱਖ ਨੇ ਹੀ ਪ੍ਰਕਿਰਤੀ ਅਧੀਨ ਰਿਸ਼ਤਿਆਂ ਦਾ ਸੰਬੰਧ ਆਪ ਹੀ ਸਿਰਜਿਆ ਹੈ।

ਰਿਸ਼ਤਿਆਂ ਦਾ ਮਤਲਬ ਮਾਮਾ, ਚਾਚਾ, ਤਾਇਆ ਤੇ ਮਾਸੀ ਨਹੀਂ ਹੁੰਦਾ ਸਗੋਂ ਰਿਸ਼ਤਿਆਂ ਦਾ ਭਾਵ ਇਹ ਹੁੰਦਾ ਹੈ ਕਿ ਇਕ ਮਨੁੱਖ, ਦੂਜੇ ਮਨੁੱਖ ਪ੍ਰਤੀ ਸਨੇਹ, ਹਮਦਰਦੀ ਅਤੇ ਪਿਆਰ ਦੀ ਭਾਵਨਾ ਰੱਖੇ। ਇਸ ਪਿਆਰ ਤੇ ਹਮਦਰਦੀ ਦਾ ਦੂਜਾ ਨਾਂ ਹੀ ਰਿਸ਼ਤਾ ਹੈ।

ਰਿਸ਼ਤਾ ਮੂਲ ਰੂਪ ਵਿਚ ਫਾਰਸੀ ਦਾ ਸ਼ਬਦ ਹੈ। ਜਿਸ ਦਾ ਅਰਥ ਧਾਗਾ ਜਾਂ ਤੰਦ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ, "ਰਿਸ਼ਤਾ ਸ਼ਬਦ ਦੇ ਅਰਥ ਸੰਬੰਧ, ਜੋੜ ਜਾਂ ਤਾਗਾ ਤੰਦ ਆਦਿ ਕੀਤੇ ਹਨ। ਨਾਤਾ ਸ਼ਬਦ ਦੇ ਅਰਥ ਵੀ ਉਨ੍ਹਾਂ ਨੇ ਸੰਬੰਧ ਜਾਂ ਰਿਸ਼ਤਾ ਹੀ ਕੀਤੇ ਹਨ।"[1] ਇਸ ਤੋਂ ਇਲਾਵਾ ਇੰਟਰਨੈਸ਼ਨਲ ਇਨਸਾਈਕਲੋਪੀਡੀਆ ਆਫ ਸੋਸ਼ਲ ਸਾਇੰਸ ਵਿਚ ਰਿਸ਼ਤਾ-ਨਾਤਾ ਪ੍ਰਬੰਧ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਹੈ, "ਰਿਸ਼ਤਾ-ਨਾਤਾ ਪ੍ਰਬੰਧ ਮਨੁੱਖੀ ਸਮਾਜ ਵਿਚ ਸਰਬ ਵਿਆਪਕ ਹੈ। ਇਸ ਲਈ ਇਹ ਵਿਵਹਾਰ ਵਿੰਚ ਨਿਯੰਤਰਣ ਅਤੇ ਸਮਾਜਕ ਗਰੁੱਪਾਂ ਦੀ ਰਚਨਾ ਪ੍ਰਕਿਰਿਆ ਵਿਚ ਮਹੱਤਵਪੂਰਨ ਹਿੱਸਾ ਪਾਉਂਦਾ ਹੈ। ਇਹ ਸੰਗਠਤ ਰੂਪ ਵਿਚ ਹੁੰਦਾ ਹੋਇਆ ਵੀ ਹਮੇਸ਼ਾਂ ਹੀ ਪਰਿਵਰਤਨਸ਼ੀਲ ਰਹਿੰਦਾ ਹੈ।"[2]

The New Encyclopaedia Britannica ਵਿਚ, "ਮਨੁੱਖੀ ਰਿਸ਼ਤਿਆਂ ਦੀ ਪ੍ਰਣਾਲੀ ਸ਼ਾਦੀ ਅਤੇ ਨਸਲੀ ਪੀੜ੍ਹੀ ਵਿਚੋਂ ਨਿਕਲੀ ਹੈ।"[3]

C.Winick ਦੇ ਅਨੁਸਾਰ, "ਰਿਸ਼ਤੇਦਾਰੀ ਪ੍ਰਣਾਲੀ ਵਿਚ ਸਮਾਜਕ ਮਾਨਤਾ ਵਾਲੇ ਰਿਸ਼ਤੇ

---

1. ਕਾਨ੍ਹ ਸਿੰਘ ਨਾਭਾ (ਭਾਈ), *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 196●, ਪੰਨਾ 11●5.
2. Sills, David L (ed.), *International Encyclopaedia of Social Sciences*, (ed.) The Macmillan Company and The Free Press, New York, 1968., Vol. 8, p.390.
3. *The new Encyclopaedia Britannica*, Vol. 7, William Benton Publishers, Chicago, 1972, Vol. 7, p.826.

ਸ਼ਾਮਲ ਹੁੰਦੇ ਹਨ ਜੋ ਕਿ ਆਮ ਮਿਥੇ ਹੋਏ ਅਤੇ ਅਸਲ ਜਮਾਂਦਰੂ ਬੰਧਨ ਤੇ ਅਧਾਰਤ ਹੁੰਦੇ ਹਨ।"[4]

ਹਰਕੇਸ਼ ਸਿੰਘ ਕਹਿਲ ਅਨੁਸਾਰ, "ਰਿਸ਼ਤੇ ਕਈ ਕਿਸਮ ਦੇ ਹਨ। ਇਕ ਰਿਸ਼ਤੇ ਸਾਨੂੰ ਸਮਾਜ ਵਲੋਂ ਪ੍ਰਾਪਤ ਹੁੰਦੇ ਹਨ। ਜਿਸ ਸਮਾਜ ਵਿਚ ਸਾਡਾ ਜਨਮ ਹੁੰਦਾ ਹੈ ਇਨ੍ਹਾਂ ਰਿਸ਼ਤਿਆਂ ਨੂੰ ਸਮਾਜਿਕ ਦੁਨਿਆਵੀ ਰਿਸ਼ਤੇ ਕਿਹਾ ਜਾਂਦਾ ਹੈ, ਜਨਮ ਦੇਣ ਵਾਲੀ ਮਾਂ ਨਾਲ ਸਾਡਾ ਖ਼ੂਨ ਦਾ ਸਮਾਜਿਕ ਰਿਸ਼ਤਾ ਹੈ।"[5]

"ਸਮਾਜਿਕ ਰਿਸ਼ਤੇ ਨਾਤੇ ਅਤੇ ਪੀੜ੍ਹੀ ਦਰ ਪੀੜ੍ਹੀ ਗਰੁੱਪ ਠੋਸ ਪਰਿਭਾਸ਼ਤ ਗੀਤਾਂ, ਰਿਵਾਜਾਂ, ਅਧਿਕਾਰਾਂ ਅਤੇ ਅਹਿਸਾਨਾਂ ਦੀ ਪ੍ਰਣਾਲੀ ਰਾਹੀ ਆਪਸ ਵਿਚ ਪੱਕੇ ਬੰਧਨਾਂ ਰਾਹੀਂ ਪ੍ਰਗਟਾਏ ਜਾਂਦੇ ਹਨ।"[6]

ਐਸ. ਸੀ. ਦੂਬੇ ਅਨੁਸਾਰ, "ਸਕੀਰੀ ਰਿਸ਼ਤੇਦਾਰਾਂ ਦੀ ਜਾਂ ਤਾਂ ਖ਼ੂਨ ਦੇ ਰਿਸ਼ਤੇ ਰਾਹੀਂ (ਤਕਨੀਕੀ ਰੂਪ ਵਿਚ ਸਗੋਤਰਤਾ ਕਿਹਾ ਜਾ ਸਕਦਾ ਹੈ) ਜਾਂ ਵਿਆਹ (ਮਾਨਵ-ਵਿਗਿਆਨ ਤੇ ਸਮਾਜ-ਵਿਗਿਆਨ ਦੀ ਭਾਸ਼ਾ ਵਿਚ ਵਿਆਹ ਸੰਬੰਧ ਕਿਹਾ ਜਾਂਦਾ ਹੈ) ਰਾਹੀਂ ਕੀਤੀ ਗਈ ਪਛਾਣ ਵੱਲ ਸੰਕੇਤ ਕਰਦੀ ਹੈ। ਰਿਸ਼ਤੇਦਾਰਾਂ ਦੀ ਇਕ ਸ਼੍ਰੇਣੀ ਦੇ ਤੌਰ ਤੇ ਖਾਸ ਹੈਸੀਅਤ ਹੁੰਦੀ ਹੈ; ਜਿਵੇਂ ਕਿ ਪਹਿਲਾਂ ਹੀ ਗੌਰ ਕੀਤਾ ਗਿਆ ਹੈ, ਉਨ੍ਹਾਂ ਪ੍ਰਤੀ ਢੁੱਕਵੇਂ ਰਵਈਏ ਤੇ ਵਰਤ ਵਿਹਾਰਾਂ ਦੇ ਪ੍ਰਤਿਮਾਨਾਂ ਬਾਰੇ ਵਿਸਤਾਰਮਈ ਨਿਯਮ ਬਣੇ ਹੋਏ ਹਨ। ਸੁਰੱਖਿਆ, ਸਨੇਹ, ਦੇਖਰੇਖ ਤੇ ਸਰੋਕਾਰ, ਨੇੜਤਾ (ਮਖੌਲ ਕਰਨ ਵਾਲੇ ਸੰਬੰਧ), ਕਿਨਾਰਾਕਸ਼ੀ (ਸਰੀਰਕ ਬੋਲ ਰਾਹੀਂ ਜਾਂ ਚਖ਼ੂ ਸੰਪਰਕ ਰਾਹੀਂ), ਸਤਿਕਾਰ, ਇੱਜ਼ਤ, ਦਖਲ ਅੰਦਾਜ਼ੀ ਤੇ ਠਰਮਾ ਬਰਦਾਰੀ ਆਦਿ ਇਨ੍ਹਾਂ ਨਿਯਮਾਂ ਦੇ ਘੇਰੇ ਵਿਚ ਆਉਂਦੇ ਹਨ।"[7]

---

4. Winick, Charles, *Dictionary of Anthropology*, Peter owen Limited London, 1957. p.302.
5. ਕਹਿਲ, ਹਰਕੇਸ਼ ਸਿੰਘ, *ਲੋਕ ਗੀਤਾਂ ਵਿੱਚ ਰਿਸ਼ਤੇ ਨਾਤੇ*, ਲੋਕ ਗੀਤ ਪ੍ਰਕਾਸ਼ਕ, ਚੰਡੀਗੜ੍ਹ, 2007, ਪੰਨਾ 29.
6. Jary, David and jary, Julia, *Dictionary of Sociology*, Harper Collins publishers. 1991. p.335.
7. ਅਰਸ਼ੀ, ਗੁਰਚਰਨ ਸਿੰਘ (ਡਾ.) (ਅਨੁ), *ਭਾਰਤੀ ਸਮਾਜ*, ਨੈਸ਼ਨਲ ਬੁੱਕ ਟਰੱਸਟ, ਇੰਡੀਆ, 1990, ਪੰਨਾ 79.

ਡਾ. ਪ੍ਰਕਾਸ਼ ਸਿੰਘ ਜੰਮੂ ਦੇ ਅਨੁਸਾਰ "ਹਰ ਸਧਾਰਨ ਵਿਅਕਤੀ ਦੋ ਛੋਟੇ ਪਰਵਾਰਾਂ (ਨਿਰਧਾਰਨ ਦਾ ਪਰਵਾਰ ਤੇ ਪੁਨਰਉਤਪਾਦਨ ਦਾ ਪਰਵਾਰ) ਨਾਲ ਸੰਬੰਧਤ ਹੁੰਦਾ ਹੈ, ਜਿਸ ਵਿਚੋਂ ਸਾਕਾਦਾਰੀ ਪਰਨਾਲੀਆਂ ਪੈਦਾ ਹੁੰਦੀਆਂ ਹਨ।" [8]

"ਰਿਸ਼ਤੇਦਾਰੀ ਪ੍ਰਥਾ ਵਿਚ ਕੇਵਲ ਪਰਿਵਾਰ ਦੇ ਲੋਕ ਹੀ ਨਹੀਂ ਹੁੰਦੇ ਸਗੋਂ ਪਰਿਵਾਰ ਨਾਲ ਸੰਬੰਧਤ ਲੋਕ ਵੀ ਹੁੰਦੇ ਹਨ।" [9]

ਸਵਿੰਦਰਜੀਤ ਕੌਰ ਅਨੁਸਾਰ, "ਸਮਾਜ ਦੁਆਰਾ ਪ੍ਰਵਾਣਿਤ ਵਾਸਤਵਿਕ ਜਾਂ ਕਲਪਿਤ ਰਕਤ ਅਤੇ ਵਿਆਹ ਦੁਆਰਾ ਸਥਾਪਿਤ ਅਤੇ ਗੂੜ੍ਹੇ ਸਮਾਜਿਕ ਸੰਬੰਧਾਂ ਦੀ ਵਿਵਸਥਾ ਨੂੰ ਸਾਕਾਦਾਰੀ ਵਿਵਸਥਾ ਕਿਹਾ ਜਾਂਦਾ ਹੈ।" [10]

"ਰਿਸ਼ਤੇਦਾਰੀ ਸਾਰੇ ਅਜਿਹੇ ਪਰਿਵਾਰਾਂ ਤੱਕ ਵਿਸਤ੍ਰਿਤ ਹੋ ਸਕਦੀ ਹੈ ਜੋ ਇਕ ਗਰੁੱਪ ਨਾਲ ਸਬੰਧਿਤ ਹੋਣ। ਜਿਉਂ-ਜਿਉਂ ਇਹ ਬੰਧਨ ਵਧਦੇ ਜਾਂਦੇ ਹਨ। ਰਿਸ਼ਤੇਦਾਰੀ ਸਥਿਰ ਹੁੰਦੀ ਜਾਂਦੀ ਹੈ ਜਿਵੇਂ ਆਮ ਕਰਕੇ ਭਾਸ਼ਾ ਨਾਲ ਹੁੰਦੀ ਹੈ ਅਤੇ ਵੱਡੇ ਗਰੁੱਪ ਵਿਚ ਰਹਿਣ ਵਾਲੇ ਸਾਰੇ ਰਿਸ਼ਤੇਦਾਰ ਅਖਵਾਉਂਦੇ ਹਨ ਭਾਵੇਂ ਉਹ ਲਾਜ਼ਮੀ ਤੌਰ ਤੇ ਖ਼ੂਨ ਦੇ ਰਿਸ਼ਤੇ ਵਿਚ ਬੰਨੇ ਹੋਏ ਨਾ ਹੋਣ।" [11]

"ਰਿਸ਼ਤੇ ਮਨੁੱਖ ਦੀ ਸਮਾਜਿਕ ਧੜਕਣ ਦਾ ਅਹਿਮ ਹਿੱਸਾ ਹੁੰਦੇ ਹਨ। ਰਿਸ਼ਤੇ ਮੁੱਢ ਕਦੀਮ ਵਿਚ ਮਨੁੱਖੀ ਮਨ ਚੋਂ ਕੁਦਰਤੀ ਕਰੂੰਬਲ ਵਾਂਗ ਆਪ ਮੁਹਾਰੇ ਫੁੱਟਦੇ ਰਹੇ। ਉਸ ਸਮੇਂ ਇਨ੍ਹਾਂ ਦਾ ਕੋਈ ਨਾਂ ਨਹੀਂ ਸੀ ਹੁੰਦਾ ਸਗੋਂ ਇਹ ਤਾਂ ਕਬੀਲਿਆਂ ਦੀ ਉੱਖੜੀ ਜਿਹੀ ਅਣਘੜ ਕਲਾ 'ਚ ਡਿਕੇ

---

8. ਪਰਕਾਸ਼ ਸਿੰਘ 'ਜੰਮੂ' (ਡਾ.) (ਅਨੁ.), *ਸਮਾਜ ਵਿਗਿਆਨ ਦੀਆਂ ਸਮੱਸਿਆਵਾਂ ਤੇ ਸਾਹਿਤ ਨਾਲ ਜਾਣ ਪਛਾਣ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972, ਪੰਨਾ 174.
9. ਸ਼ਰਮਾ, ਰਾਮਨਾਥ (ਡਾ.) ਅਤੇ ਰਾਜਿੰਦਰ ਕੁਮਾਰ ਸ਼ਰਮਾ (ਡਾ.), *ਸਮਾਜ ਸ਼ਾਸ਼ਤਰ ਕੇ ਸਿਧਾਂਤ*, ਅਟਲਾਟਿਕ ਪਲੀਕੇਸ਼ਨ, ਦਿੱਲੀ, 2001, ਪੰਨਾ 271.
10. ਸਵਿੰਦਰਜੀਤ ਕੌਰ, *ਸਮਾਜ ਵਿਗਿਆਨ ਦੇ ਮੂਲ ਸੰਕਲਪ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 491.
11. ਸਚਦੇਵਾ, ਡੀ. ਆਰ (ਡਾ.) (ਅਨੁ.) *ਸਮਾਜ ਵਿਗਿਆਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰਨਾ 731.

ਡੋਲੇ ਖਾਂਦੇ-ਖਾਂਦੇ ਘੜੀ ਪਲ ਲਈ ਅਟਕੇ ਰਹਿੰਦੇ ਹਨ ਤੇ ਇਸ ਅਟਕਾਅ ਦੇ ਸਮਾਜਿਕ ਹੁਨਰ ਨੂੰ ਹੀ ਅੱਜ ਅਸੀਂ ਵੱਖ-ਵੱਖ ਨਾਵਾਂ ਨਾਲ ਪੁਕਾਰਦੇ ਹਾਂ। ਰਿਸ਼ਤਿਆਂ ਦੀ ਸਮਾਜਿਕ ਪ੍ਰਣਾਲੀ ਦੀ ਪਹਿਚਾਣ ਵਾਸਤੇ ਸਮੇਂ ਨੂੰ ਇਤਿਹਾਸਕ ਸਭਿਆਚਾਰਕ ਆਰਥਿਕ ਅਤੇ ਭੂਗੋਲਿਕ ਅਰਥਾਂ ਅਧੀਨ ਰੱਖਣਾ ਪਵੇਗਾ। ਨਿਰਸੰਦੇਹ ਮਨੁੱਖ ਸਮਾਜ, ਸਭਿਆਚਾਰ, ਧਰਮ, ਇਤਿਹਾਸ ਤੇ ਰਿਸ਼ਤਿਆਂ ਦੀ ਆਪਸੀ ਸੰਬੰਧ ਚੇਤਨ ਅਵਚੇਤਨ ਤੇ ਅਚੇਤਨ ਰੰਗਾਂ ਵਿਚ ਭਿੱਜੇ ਹੋਏ ਹੁੰਦੇ ਹਨ। ਰਿਸ਼ਤੇ ਦੀ ਮੂਲ ਭਾਵਨਾ ਪ੍ਰੀਤ ਅਚੇਤਨ ਵਿਚੋਂ ਪੈਦਾ ਹੋ ਕੇ ਪਲਦੀ ਰਹਿੰਦੀ ਹੈ ਤੇ ਜਦੋਂ ਪਿਆਰ ਤੇ ਪ੍ਰੀਤ ਦਾ ਰਿਸ਼ਤਾ, ਚੇਤਨ ਭਾਵ ਧਾਰਾ ਨਾਲ ਟਕਰਾਉਂਦਾ ਹੈ ਤਦ ਉਸ ਦਾ ਸੁਭਾਵਿਕ ਸਰੂਪ ਖੰਡਿਤ ਹੋ ਕੇ ਬੰਧਨ ਬਣ ਜਾਂਦਾ ਹੈ। ਬੰਧਨ ਪ੍ਰੇਮ ਨੂੰ ਮਿਟਾਉਂਦਾ ਅਤੇ ਰਿਸ਼ਤਿਆਂ ਨੂੰ ਬਣਾਉਂਦਾ ਹੈ।" [12]

ਇਸੇ ਤਰ੍ਹਾਂ ਦੇ ਵਿਚਾਰ ਦਿੰਦੇ ਹੋਏ ਡਾ. ਜਸਵਿੰਦਰ ਸਿੰਘ ਲਿਖਦੇ ਹਨ, "ਰਿਸ਼ਤਾ-ਨਾਤਾ ਪ੍ਰਬੰਧ ਵਿਅਕਤੀਆਂ ਦੇ ਆਪਸੀ ਸੰਬੰਧਾਂ ਨੂੰ ਪ੍ਰਗਟਾਉਣ ਵਾਲਾ ਅਤੇ ਨਿਰਧਾਰਿਤ ਕਰਨ ਵਾਲਾ ਇਕ ਅਜਿਹਾ ਪ੍ਰਬੰਧ ਹੈ, ਜਿਹੜਾ ਵਿਅਕਤੀ ਵਿਸ਼ੇਸ਼ ਦੇ ਅਨੇਕ ਸਮਾਜਿਕ ਸੰਦਰਭਾਂ ਵਿਚ ਵੱਖ-ਵੱਖ ਵਿਅਕਤੀਆਂ ਨਾਲ ਵਿਭਿੰਨ ਪ੍ਰਕਾਰ ਦੇ ਸੰਬੰਧਾਂ ਨੂੰ ਸਨਮੁੱਖ ਲਿਆਉਂਦਾ ਹੋਇਆ ਸਮੁੱਚੇ ਵਿਧਾਨ ਵਿਚ ਇਕ ਪ੍ਰਬੰਧਕੀ ਵਿਵਸਥਾ ਨੂੰ ਉਸਾਰਨ ਦਾ ਮੁੱਢਲਾ ਆਧਾਰ ਬਣਨ ਦੇ ਨਾਲ ਨਾਲ ਸਭਿਆਚਾਰਕ ਕੀਮਤਾਂ ਨੂੰ ਸਿਰਜਣ ਵਿਚ ਨਿਰਣਾਇਕ ਹਿੱਸਾ ਪਾਉਂਦਾ ਹੈ।" [13]

ਡਾ. ਜਸਵਿੰਦਰ ਸਿੰਘ ਅਨੁਸਾਰ "ਰਿਸ਼ਤਾ-ਨਾਤਾ ਪ੍ਰਬੰਧ ਸਭਿਆਚਾਰ ਦੀ ਬਣਤਰ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ। ਰਿਸ਼ਤਾ-ਨਾਤਾ ਪ੍ਰਬੰਧ ਮਨੁੱਖ ਦੇ ਸਮਾਜਿਕ ਜੀਵਨ ਦੌਰਾਨ ਵੱਖ-ਵੱਖ ਢੰਗਾਂ ਨਾਲ ਵੱਖ-ਵੱਖ ਪੱਧਰਾਂ ਤੇ ਸਿਰਜੇ ਗਏ ਰਿਸ਼ਤਿਆਂ ਦੇ ਅਜਿਹੇ ਨਿਸ਼ਚਿਤ

---

12. ਕੱਕੜ, ਅਜੀਤ ਸਿੰਘ, (ਸੰਪਾ.), *ਪੰਜਾਬੀ ਸਭਿਆਚਾਰ*, ਸ਼੍ਰੀ ਓਮ ਪ੍ਰਕਾਸ਼ ਗਾਸੋ ਦਾ ਲੇਖ *(ਪੰਜਾਬੀ ਸਭਿਆਚਾਰ ਅਤੇ ਰਿਸ਼ਤੇ)*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1988, ਪੰਨਾ 116.
13. ਜਸਵਿੰਦਰ ਸਿੰਘ (ਡਾ.), *ਸਭਿਆਚਾਰ ਅਤੇ ਕਿੱਸਾ-ਕਾਵਿ*, ਸੇਧ ਪ੍ਰਕਾਸ਼ਨ, ਪਟਿਆਲਾ, 1985, ਪੰਨਾ 138.

ਸੰਗਠਿਤ ਇਕਸਾਰ ਪੈਟਰਨ ਦਾ ਰੂਪ ਹੈ ਜਿਸ ਵਿਚਲੇ ਸਾਰੇ ਰਿਸ਼ਤੇ ਇਕ ਖਾਸ ਪ੍ਰਕਾਰ ਦਾ ਸਮਾਜੀ ਮਨੁੱਖੀ ਜੀਵਨ ਵਿਵਹਾਰ ਸਿਰਜਦੇ ਹੋਏ ਅੰਤਿਮ ਰੂਪ ਵਿਚ ਸਭਿਆਚਾਰਕ ਕੀਮਤਾਂ ਦਾ ਇਕ ਸਮੂਹ ਸਿਰਜਦੇ ਹਨ। ... ਰਿਸ਼ਤਾ-ਨਾਤਾ ਪ੍ਰਬੰਧ ਵਾਸਤਵ ਵਿਚ ਮਨੁੱਖ ਦੁਆਰਾ ਪ੍ਰਕਿਰਤਿਕ ਜਗਤ ਦੇ ਮੁਕਾਬਲੇ ਸਭਿਆਚਾਰਕ ਜਗਤ ਉਸਾਰਨ ਦੇ ਪਹਿਲੇ ਪੜ੍ਹਾ ਸਮੇਂ ਹੀ ਹੋਂਦ ਵਿਚ ਆਇਆ। ਸਭਿਆਚਾਰ ਨੂੰ ਮਨੁੱਖ ਨੇ ਪ੍ਰਕਿਰਤੀ ਉਤੇ ਅਮਲ ਕਰਦਿਆਂ ਇਸ ਤੋਂ ਵੱਖਰੇ ਰੂਪ ਵਿਚ ਸਮਾਜੀ ਮਨੁੱਖੀ ਸਰਗਰਮੀ ਰਾਹੀਂ ਸਿਰਜਿਆ। ਰਿਸ਼ਤਾ-ਨਾਤਾ ਪ੍ਰਬੰਧ ਮਨੁੱਖੀ ਅਮਲ ਦੇ ਮੁੱਢਲੇ ਸਮੇਂ ਵਿਚ ਪ੍ਰਕਿਰਤਿਕ ਹੋਂਦ ਤੋਂ ਅੱਗੇ ਸਮਾਜਿਕ ਬਣਤਰ ਬਣਾਉਣ ਦਾ ਅਜਿਹਾ ਪਹਿਲਾ ਸੁਚੇਤ ਕਾਰਜ ਹੈ ਜਿਸ ਰਾਹੀਂ ਉਸ ਨੇ ਮਨੁੱਖੀ ਵਰਗ ਨੂੰ ਸਮਾਜਿਕ ਲੋੜ ਦੀ ਦ੍ਰਿਸ਼ਟੀ ਤੋਂ ਪ੍ਰਕਿਰਤਿਕ ਵੰਡ ਤੋਂ ਅੱਗੇ ਸਮਾਜੀ ਮਨੁੱਖੀ ਜੀਵਨ ਅਨੁਰੂਪ ਵੱਖਰੇ ਢੰਗ ਨਾਲ ਵਰਗੀਕ੍ਰਿਤ ਕੀਤਾ।" [14]

ਮੁੱਖ ਰੂਪ ਵਿਚ ਮਨੁੱਖ ਆਪਸੀ ਤਾਲਮੇਲ ਦੁਆਰਾ ਹੀ ਇਕ ਦੂਜੇ ਨਾਲ ਜੁੜਿਆ ਹੋਇਆ ਹੈ। ਇਹ ਤਾਲਮੇਲ ਹੀ ਉਸ ਦੇ ਰਿਸ਼ਤਿਆਂ ਜਾਂ ਸੰਬੰਧਾਂ ਨੂੰ ਸਿਰਜਦਾ ਹੈ। ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ ਅਨੁਸਾਰ, "ਮਨੁੱਖਾਂ ਨੂੰ ਇਕ ਦੂਜੇ ਦੀ ਲੋੜ ਹੈ ਅਤੇ ਹਮੇਸ਼ਾ ਲੋੜ ਰਹੀ ਹੈ ਉਹ ਇਸ ਤੱਥ ਚੇਤੰਨਤਾ ਕਾਇਮ ਕਰਨਾ ਚਾਹੁੰਦਾ ਹੈ, ਅਰਥਾਤ ਹੋਰ ਸਿਧਾਂਤਕਾਰਾਂ ਵਾਂਗ ਹੀ ਇਕ ਮੌਜੂਦ ਤੱਥ ਦੀ ਸਹੀ ਚੇਤੰਨਤਾ ਉਤਪੰਨ ਕਰਨਾ ਚਾਹੁੰਦਾ ਹੈ।" [15]

"ਰਿਸ਼ਤਾ-ਨਾਤਾ ਪ੍ਰਣਾਲੀ ਅਜਿਹੀ ਸਭਿਆਚਾਰਕ ਸਿਰਜਣਾ ਹੈ ਜੋ ਮਨੁੱਖੀ ਨਸਲ ਦੀ ਨਿਰੰਤਰਤਾ ਨੂੰ ਕਾਇਮ ਰੱਖਣ ਵਿਚ ਮਹੱਤਵਪੂਰਣ ਯੋਗਦਾਨ ਪਾਉਂਦੀ ਹੈ। ਇਹ ਪ੍ਰਣਾਲੀ ਕੇਵਲ ਪਰਿਵਾਰਕ ਜੀਵਨ ਨੂੰ ਸੰਤੁਲਨ ਵਿਚ ਰੱਖਣ ਲਈ ਹੀ ਮਦਦਗਾਰ ਸਾਬਤ ਨਹੀਂ ਹੁੰਦੀ, ਸਗੋਂ ਹੋਰ

---

14. ਜਸਵਿੰਦਰ ਸਿੰਘ (ਡਾ.), *ਸਭਿਆਚਾਰ ਅਤੇ ਕਿੱਸਾ-ਕਾਵਿ*, ਸੇਧ ਪ੍ਰਕਾਸ਼ਨ, ਪਟਿਆਲਾ, 1985, ਪੰਨੇ 136-37.
15. ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ, *ਚੋਣਵੀਂ ਰਚਨਾ*, ਨਵਯੁੱਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1978, ਪੰਨਾ 55.

ਸਮਾਜਿਕ ਸੰਗਠਨਾਂ ਨੂੰ ਵੀ ਪ੍ਰੇਰਿਤ ਕਰਦੀ ਹੈ।"[16]

ਪਰਿਵਾਰ ਦੇ ਆਧਾਰ ਤੇ ਪਾਏ ਗਏ ਸੰਬੰਧਾਂ ਦੇ ਰਿਸ਼ਤੇ ਵਿਚ ਦਾਦਾ-ਦਾਦੀ, ਨਾਨਾ-ਨਾਨੀ, ਚਾਚਾ-ਚਾਚੀ, ਤਾਇਆ-ਤਾਈ ਆਉਂਦੇ ਹਨ। ਇਨ੍ਹਾਂ ਵਿਚ ਕਈ ਪਿਤਾ ਦੇ ਸੰਬੰਧ ਨਾਲ ਰਿਸ਼ਤੇ ਹਨ, ਕੁੱਝ ਮਾਤਾ ਦੇ ਸੰਬੰਧ ਨਾਲ ਹਨ। ਕੁੱਝ ਰਿਸ਼ਤੇ ਆਦਮੀ ਅਤੇ ਔਰਤ ਦੇ ਵਿਆਹ ਤੋਂ ਬਾਅਦ ਪੈਦਾ ਹੁੰਦੇ ਹਨ। ਜਿਵੇਂ ਜੀਜਾ, ਸਾਲੀ, ਸਾਂਢੂ, ਸਾਲਾ, ਸਾਲੇਹਾਰ ਆਦਿ।

ਡਾ. ਜੀਤ ਸਿੰਘ ਜੋਸ਼ੀ ਇਕ ਖ਼ੂਬਸੂਰਤ ਢੰਗ ਨਾਲ ਲਿਖਦੇ ਹਨ, "ਪਰਿਵਾਰ ਸਮਾਜਿਕ ਸੰਰਚਨਾਂ ਦੀ ਬੁਨਿਆਦੀ ਇਕਾਈ ਹੈ। ਮੁੱਢਲਾ ਪਰਿਵਾਰ ਰਿਸ਼ਤਾ ਪ੍ਰਣਾਲੀ ਦਾ ਮੁੱਢਲਾ ਸਰੂਪ ਨਿਰਧਾਰਤ ਕਰਦਾ ਹੈ। ਮੁੱਢਲੇ ਪਰਿਵਾਰ ਵਿਚ ਪਤੀ-ਪਤਨੀ ਅਤੇ ਉਨ੍ਹਾਂ ਦੇ ਜਨਮ ਜਾਂ ਗੋਦ ਲਏ ਬੱਚੇ ਸ਼ਾਮਲ ਹੁੰਦੇ ਹਨ। ਮੂਲ ਪਰਿਵਾਰ ਵਿਚ ਅੱਠ ਕਿਸਮ ਦੇ ਰਿਸ਼ਤੇ ਮਿਲਦੇ ਹਨ। ਜਿਵੇਂ ਪਤੀ-ਪਤਨੀ, ਪਿਓ-ਪੁੱਤਰ, ਪਿਓ-ਧੀ, ਮਾਂ-ਪੁੱਤਰ, ਮਾਂ-ਧੀ, ਭਰਾ-ਭਰਾ, ਭਰਾ-ਭੈਣ ਅਤੇ ਭੈਣ-ਭੈਣ ਦਾ ਰਿਸ਼ਤਾ ਮੂਲ ਰਿਸ਼ਤਾ ਹੈ। ਸਮਾਜ ਦੀ ਬਾਕੀ ਸਾਕਾਦਾਰੀ ਸੰਬੰਧਾਂ ਉਪਰ ਹੀ ਉਸਰਦੀ ਹੈ। ਚਾਚੇ, ਤਾਏ ਦੀ ਸੰਤਾਨ ਪੁੱਤਰਾਂ, ਧੀਆਂ ਨੂੰ ਵੀ ਮੂਲ ਰਿਸ਼ਤੇ ਦੇ ਪੈਟਰਨ ਉਤੇ ਹੀ ਲਿਆ ਜਾਂਦਾ ਹੈ। ਇੱਥੋਂ ਤੱਕ ਕਿ ਪਿੰਡ ਜਾਂ ਬਾਹਰ ਦੇ ਕਿਸੇ ਅਣਪਛਾਤੇ ਵਿਅਕਤੀ ਨੂੰ ਵੀ ਮੂਲ ਰਿਸ਼ਤੇ ਦੇ ਅਨੁਕੂਲ ਹੀ ਮੰਨਿਆ ਜਾਂਦਾ ਹੈ।" [17]

A Dictionary of the Social Sciences ਅਨੁਸਾਰ "ਬੱਚਿਆਂ ਦੀ ਪੈਦਾਇਸ਼ ਤੇ ਪਰਵਰਿਸ਼ ਇਕ ਉਹ ਕੇਂਦਰੀ ਧੁਰਾ ਹੈ ਜਿਸ ਦੇ ਆਲੇ ਦੁਆਲੇ ਇਕ ਖਾਸ ਸਮਾਜ ਹੱਕਾਂ ਤੇ ਫਰਜ਼ਾਂ

---

16. ਛੀਨਾ, ਕੁਲਵਿੰਦਰ ਕੌਰ (ਡਾ.), *ਪੰਜਾਬੀ ਲੋਕ ਗੀਤਾਂ ਵਿੱਚ ਰਿਸ਼ਤਾ-ਨਾਤਾ ਪ੍ਰਣਾਲੀ*, ਰਵੀ ਸਾਹਿਤ ਪ੍ਰਕਾਸ਼ਨ, ਸ੍ਰੀ ਅੰਮ੍ਰਿਤਸਰ, 2●●4, ਪੰਨਾ 25.
17. ਜੋਸ਼ੀ, ਜੀਤ ਸਿੰਘ (ਡਾ.), *ਪੰਜਾਬੀ ਸਭਿਆਚਾਰ ਬਾਰੇ*, ਦੀ ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ, ਲੁਧਿਆਣਾ, 1984, ਪੰਨਾ 78.

ਨੂੰ ਪ੍ਰਦਾਨ ਕਰਨ ਵਾਲੀ ਪ੍ਰਣਾਲੀ ਘੜਦਾ ਹੈ। ਜੀਵ ਵਿਗਿਆਨ ਇਸ ਬਾਰੇ ਕੋਈ ਵਿਸਤਾਰ ਨਹੀਂ ਕਰਦਾ ਕਿ ਇਕ ਖਾਸ ਰਿਸ਼ਤੇਦਾਰੀ ਬੰਧਨ ਕਿਉਂ ਹੋਂਦ ਵਿਚ ਹੈ ਪ੍ਰੰਤੂ ਬੱਚਿਆਂ ਦਾ ਲਿੰਗ ਬਣਾਉਣਾ ਇਕ ਵਿਸਤਰੰਤ ਸਮਾਜਿਕ ਢਾਂਚੇ ਦੀ ਇਕ ਕੁਦਰਤੀ ਕੁੰਜੀ ਹੈ, ਜਿਸ ਨੂੰ ਇਕ ਰਿਸ਼ਤੇ ਦੇ ਤੌਰ ਤੇ ਜਾਣਿਆ ਜਾਂਦਾ ਹੈ।"[18]

ਅਸੀਂ ਸਮਾਜਿਕ ਰਿਸ਼ਤੇ ਮਨੁੱਖਾਂ ਦੇ ਆਪਸੀ ਸੰਬੰਧਾਂ ਦੇ ਤਾਣੇ ਬਾਣੇ ਨੂੰ ਕਿਹਾ ਹੈ ਜਾਂ ਇੰਞ ਕਹਿ ਲਈਏ ਸਮਾਜ ਹੀ ਮਨੁੱਖੀ ਰਿਸ਼ਤਿਆਂ ਦਾ ਤਾਣਾ-ਬਾਣਾ ਹੈ। ਮਨੁੱਖੀ ਰਿਸ਼ਤੇ ਸਾਡੀ ਸਮਾਜਿਕ ਜਿੰਦਗੀ ਦੇ ਪਰੰਪਰਾਗਤ ਵਿਧਾਨ ਹਨ। ਜਦੋਂ ਸਮਾਜਿਕ ਵਿਕਾਸ ਦੇ ਨਾਲ-ਨਾਲ ਇਨ੍ਹਾਂ ਦੀ ਸਿਰਜਣਾ ਹੋਈ ਉਸ ਸਮੇਂ ਪਦਾਰਥਕ ਸਥਿਤੀਆਂ ਵੱਖਰੀਆਂ ਸਨ। ਸਮਾਜ ਮਨੁੱਖਾਂ ਦਾ ਸਿਰਜਿਆ ਹੋਇਆ ਹੈ, ਜਦੋਂ ਮਨੁੱਖੀ ਮਨ ਦੇ ਅਧਾਰ ਬਦਲਣਗੇ ਤਾਂ ਸੰਭਵ ਹੈ ਕਿ ਮਨੁੱਖੀ ਰਿਸ਼ਤੇ ਦੇ ਰੂਪ ਵੀ ਬਦਲਣਗੇ। ਸਮਾਜਿਕ ਪਰਿਵਰਤਨ ਦਾ ਅਰਥ ਮਨੁੱਖੀ ਤਾਲਮੇਲ ਦਾ ਪਰਿਵਰਤਨ ਹੈ। ਰਿਸ਼ਤਿਆਂ ਦੀ ਸਿਰਜਣਾ ਵਿਚ ਜਾਤ, ਗੋਤ, ਨਸਲ, ਵੰਸ਼, ਲਿੰਗ ਆਦਿ ਮੂਲ ਕਾਰਨ ਬਣਦੇ ਹਨ ਪਰ ਇਸਤਰੀ ਮਰਦ ਦਾ ਰਿਸ਼ਤਾ ਪ੍ਰਕਿਰਤਿਕ ਇੱਛਾ ਦੇ ਅਨੁਕੂਲ ਬਣਿਆ ਰਿਸ਼ਤਾ ਹੈ।

ਮਨੁੱਖੀ ਰਿਸ਼ਤਿਆਂ ਦੇ ਬਦਲਣ ਦਾ ਮੁੱਖ ਕਾਰਨ ਆਰਥਿਕਤਾ, ਲਗਾਤਾਰ ਹੋ ਰਿਹਾ ਵਿਕਾਸ ਤੇ ਪਰਿਵਰਤਨ ਸ਼ੀਲ ਰਹਿਣ ਸਹਿਣ ਆਦਿ ਹੈ। ਮਨੁੱਖ ਜਿਉਂ-ਜਿਉਂ ਆਰਥਿਕ ਪੱਖ ਤੋਂ ਅਮੀਰ ਹੁੰਦਾ ਗਿਆ ਤਿਉਂ-ਤਿਉਂ ਮਨੁੱਖ ਵਿਚ ਸੋਚਣ ਦੀ ਸ਼ਕਤੀ, ਰਹਿਣ ਸਹਿਣ ਦਾ ਢੰਗ ਬਦਲਦਾ ਗਿਆ। ਵਿਗਿਆਨਕ ਤਰੱਕੀ ਅਤੇ ਆਧੁਨਿਕ ਵਿਦਿਆ ਦੇ ਪਸਾਰੇ ਨੇ ਮਨੁੱਖੀ ਜੀਵਨ ਵਿਚ ਰਹਿਣ ਸਹਿਣ ਦੀਆਂ ਕੀਮਤਾਂ ਵਿਚ ਤਬਦੀਲੀ ਲਿਆਉਂਦੀ ਜਿਸ ਦੇ ਫਲਸਰੂਪ ਉਸ ਨਾਲ ਸਬੰਧਿਤ ਰਿਸ਼ਤਿਆਂ-ਨਾਤਿਆਂ ਵਿਚ ਵੀ ਪਰਿਵਰਤਨ ਆ ਗਿਆ। ਮਸ਼ੀਨੀਕਰਨ, ਖੇਤੀਬਾੜੀ ਦੇ

---

18. Julius Gould, William L. Kolb, *A Dictionary of the Social Sciences,* Printed in the United States of America, 1969, p.366.

ਸੰਦਾਂ ਦੇ ਵਿਕਾਸ ਮੁਰੱਬੇ ਬੰਦੀਆਂ ਆਦਿ ਨਾਲ ਪਿੰਡਾਂ ਦਾ ਸ਼ਹਿਰੀ ਕਰਣ ਹੋਣ ਨਾਲ, ਆਤਮ ਨਿਰਭਰਤਾ ਵਧੀ ਅਤੇ ਜੀਵਨ ਪ੍ਰਤੀ ਬੁਨਿਆਦੀ ਵਤੀਰਾ ਬਦਲਣ ਲੱਗਾ। ਪੂੰਜੀਵਾਦ ਵਿਕਾਸ ਨੇ ਸਾਡੇ ਸਮਾਜਿਕ ਰਿਸ਼ਤਿਆਂ ਨੂੰ ਬਦਲਣ ਵਿਚ ਅਹਿਮ ਭੂਮਿਕਾ ਨਿਭਾਈ।

ਇਸ ਪ੍ਰਸੰਗ ਵਿਚ ਡਾ. ਧਨਵੰਤ ਕੌਰ ਵਿਚਾਰ ਪੇਸ਼ ਕਰਦੇ ਹਨ, "ਮਨੁੱਖ ਦੀ ਸਮਾਜਿਕ ਹੋਂਦ ਦਾ ਆਧਾਰ ਮਨੁੱਖੀ ਰਿਸ਼ਤੇ ਉਸ ਚੇਤਨਤਾ ਨਾਲ ਅਨੁਪ੍ਰਾਣਿਤ ਹੁੰਦੇ ਹਨ ਜਿਹੜੀ ਦੇਸ਼ ਕਾਲ ਅਤੇ ਯੁੱਗ ਬਿਰਤੀਆਂ ਦੇ ਅਨੁਕੂਲ ਉਸਰਦੀ ਹੈ। ਜਦੋਂ ਯੁੱਗ ਚੇਤਨਾਵਾਂ ਨੇ ਵਿਚਾਰ ਤੇ ਵਿਵੇਕ ਦੇ ਗੌਰਵ ਨੂੰ ਅਸਵੀਕਾਰ ਕਰਦਿਆਂ ਕਿਹਾ ਕਿ ਉਹ ਮਨੁੱਖ ਦੇ ਆਪਣੀਆਂ ਭੁੱਲਾਂ ਤੇ ਭ੍ਰਾਤੀਆਂ ਨੂੰ ਜਾਇਜ਼ ਕਰਾਰ ਦੇਣ ਦੇ ਯਤਨ ਮਾਤਰ ਹਨ ਤੇ ਸਮੂਹਿਕ ਰੂਪ ਵਿਚ ਲਏ ਗਏ ਪਵਿੱਤਰ ਫੈਸਲੇ ਦੀ ਆਪਣੀ ਭ੍ਰਾਤੀਆਂ ਨੂੰ ਉਚਿਆਉਣ ਜਾਂ ਪ੍ਰਸੰਨਤਾ ਦੀ ਭਾਵਨਾ ਦੀ ਤ੍ਰਿਪਤੀ ਦੇ ਪ੍ਰਮਾਣ ਤੋਂ ਵੱਧ ਕੁੱਝ ਨਹੀਂ ਤਾਂ ਸਾਰੇ ਮਨੁੱਖੀ ਰਿਸ਼ਤਿਆਂ ਉਤੇ ਸਮਾਜ ਦੀ ਪਕੜ ਢਿੱਲੀ ਪੈ ਗਈ ਹੈ।" [19]

ਆਧੁਨਿਕ ਯੁੱਗ ਵਿਚ ਰਿਸ਼ਤਿਆਂ-ਨਾਤਿਆਂ ਵਿਚਲਾ ਮੋਹ ਪਿਆਰ ਅਤੇ ਆਪਸੀ ਭਾਈਚਾਰੇ ਦੀ ਭਾਵਨਾ ਅਲੋਪ ਹੁੰਦੀ ਜਾ ਰਹੀ ਹੈ। ਇਸ ਦੀ ਥਾਂ ਖੁਦਗਰਜ਼ੀ ਅਤੇ ਭੌਤਿਕ ਪਦਾਰਥਾਂ ਦੇ ਮੋਹ ਨੇ ਲੈ ਲਈ ਹੈ। ਮਨੁੱਖ ਦੇ ਆਪਸੀ ਸੰਬੰਧ ਆਰਥਿਕਤਾ ਦੇ ਅਧਾਰ ਤੇ ਬਣ ਰਹੇ ਹਨ। ਪਿਉ-ਪੁੱਤਰ, ਭਰਾ-ਭਰਾ, ਭਰਾ-ਭੈਣ ਦੇ ਰਿਸ਼ਤੇ ਜਾਇਦਾਦ ਦੀ ਵੰਡ ਦੇ ਝਗੜਿਆਂ ਕਾਰਨ ਟੁੱਟ ਰਹੇ ਹਨ। ਡਾ. ਜਸਵਿੰਦਰ ਸਿੰਘ ਰਿਸ਼ਤਾ-ਨਾਤਾ ਪ੍ਰਬੰਧ ਉੱਤੇ ਵਿਚਾਰ ਕਰਦਿਆਂ ਕਹਿੰਦਾ ਹੈ, "ਰਿਸ਼ਤਿਆਂ ਦੀ ਸਿਰਜਣ ਪ੍ਰਕਿਰਿਆ ਵਿਚ ਕਾਰਜਸ਼ੀਲ ਤੱਤਾਂ ਦੇ ਅਧਾਰ ਤੇ ਇਨ੍ਹਾਂ ਨੂੰ ਪ੍ਰਾਕਿਰਤਿਕ ਜੀਵ-ਵਿਗਿਆਨ ਅਤੇ ਸਭਿਆਚਾਰਕ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ।"[20]

---

19. ਧਨਵੰਤ ਕੌਰ (ਡਾ.), *ਪੰਜਾਬੀ ਗਲਪ ਵਿੱਚ ਆਧੁਨਿਕ ਸੰਵੇਦਨਾ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1989, ਪੰਨਾ 97.
20. ਜਸਵਿੰਦਰ ਸਿੰਘ (ਡਾ.), *ਸਭਿਆਚਾਰ ਅਤੇ ਕਿੱਸਾ-ਕਾਵਿ*, ਸੇਧ ਪ੍ਰਕਾਸ਼ਨ, ਪਟਿਆਲਾ, 1985, ਪੰਨਾ 141.

ਰਵਾਇਤੀ ਕਦਰਾਂ ਕੀਮਤਾਂ ਟੁੱਟ ਰਹੀਆਂ ਹਨ। ਪੈਸੇ ਦੀ ਸਰਦਾਰੀ ਵੱਧ ਰਹੀ ਹੈ। ਪੈਸੇ ਨੇ ਆਪਣੇ ਸੁਭਾਅ ਅਤੇ ਸਰੂਪ ਦੇ ਅਨੁਕੂਲ ਮਨੁੱਖੀ ਰਿਸ਼ਤਿਆਂ ਦੇ ਸਥਾਪਿਤ ਮਿਆਰਾਂ ਨੂੰ ਹਿਲਾ ਦਿੱਤਾ ਹੈ। ਇਸ ਸਾਰੇ ਪ੍ਰਬੰਧ ਵਿਚ ਮਨੁੱਖ ਦਾ ਮਨੋਰਥ ਪਦਾਰਥਕ ਪ੍ਰਾਪਤੀ ਹੋ ਗਿਆ ਹੈ। ਪੈਸੇ ਦੀ ਪ੍ਰਾਪਤੀ ਲਈ ਹਰ ਜਾਇਜ਼ ਤੇ ਨਜਾਇਜ਼ ਕੰਮ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। ਧਰਮ ਦੀ ਦੁਰਵਰਤੋਂ ਹੋ ਰਹੀ ਹੈ। ਪੈਸੇ ਅਤੇ ਰਾਜਨੀਤੀ ਦੇ ਅਧੀਨ ਸਮਾਜਿਕ ਰਿਸ਼ਤਿਆਂ ਵਿਚਲੇ ਮਾਨਵੀ ਤੱਤਾਂ ਨੂੰ ਖੋਰਾ ਲੱਗ ਰਿਹਾ ਹੈ।

ਰਿਸ਼ਤਿਆਂ ਨੇ ਮਨੁੱਖੀ ਸਭਿਆਚਾਰ ਦੇ ਵਿਦਿਆਰਥੀਆਂ ਦਾ ਧਿਆਨ ਇਕ ਆਮ ਰੋਜ਼ਾਨਾ ਵਿਸ਼ੇ ਦੀ ਤਰ੍ਹਾਂ ਖਿਚਿਆ ਹੈ। ਇਹ ਖਾਸ ਕਰਕੇ ਮਨੁੱਖੀ ਜੀਵਨ ਖੋਜਕਾਰਾਂ ਵਾਸਤੇ ਸਹੀ ਹੈ ਜਿਨ੍ਹਾਂ ਦਾ ਧਿਆਨ ਹਮੇਸਾਂ ਰਵਾਇਤੀ ਮਨੁੱਖੀ ਰਿਸ਼ਤਿਆਂ ਤੇ ਅਧਾਰਿਤ ਹੁੰਦਾ ਹੈ। ਸਾਕ ਸੰਬੰਧੀ ਰਿਸ਼ਤਿਆਂ ਦੀ ਮਹਾਨਤਾ ਹੁਣ ਬਹੁਤ ਵੱਡੀਆਂ ਸਭਾਵਾਂ ਵਿਚ ਜਿਥੇ ਕਿ ਜਨ ਸੰਖਿਆ ਘੱਟ ਹੋਵੇ ਜਾਂ ਉਹ ਆਮਦਨ ਆਧਾਰਿਤ ਹੋਣ ਕਰਕੇ ਘੱਟ ਗਈ ਹੈ। ਇਸ ਦੇ ਉਲਟ ਗ਼ੈਰ ਸਨਅਤੀ ਸਮਾਜਾਂ ਵਿਚ ਇਹ ਰਿਸ਼ਤੇਦਾਰੀ ਬੜੇ ਹੀ ਨਾਜ਼ਕ ਵਰਗਾਂ ਵੱਲ ਇਸ਼ਾਰਾ ਕਰਦੀ ਹੈ ਜਿਵੇ ਕਿ ਰਿਹਾਇਸ਼ ਵਾਲੀ ਸਥਾਨ, ਵਿਰਾਸਤੀ ਰਿਵਾਜ, ਧਾਰਮਿਕ ਫਰਜ਼, ਸਿਆਸਤੀ ਤਾਕਤ ਅਤੇ ਆਰਥਿਕ ਰਿਸ਼ਤੇ, ਘਰੇਲੂ ਜੀਵਨ ਅਤੇ ਵਰ ਦੀ ਚੋਣ। ਵੱਖ-ਵੱਖ ਕਿਸਮ ਦੇ ਸਭਿਆਚਾਰਾਂ ਵਿਚ ਲੋਕ ਆਪਣੀ ਸਹਾਇਤਾ ਵਾਸਤੇ ਗ਼ੈਰ ਨਾਲੋਂ ਆਪਣੇ ਸੰਬੰਧੀ ਵੱਲ ਹੀ ਝੁਕਣਗੇ ਅਤੇ ਗ਼ੈਰ ਨਾਲੋਂ ਆਪਣੇ ਸੰਬੰਧੀ ਦੀ ਮਦਦ ਅਤੇ ਉਸੇ ਅਨੁਸਾਰ ਹੀ ਚਲਣਾ ਪਸੰਦ ਕਰਨਗੇ।

ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਮਨੁੱਖ ਦੇ ਸੁਭਾਅ ਅਤੇ ਵਿਵਹਾਰ ਦਾ ਸਮਾਜਿਕ ਰਿਸ਼ਤਿਆਂ ਨਾਲ ਮਹੱਤਵਪੂਰਨ ਸੰਬੰਧ ਹੈ। ਰਿਸ਼ਤੇ ਵਿਚਲੀ ਅੰਤਰੀਵੀ ਪ੍ਰਵਿਰਤੀ ਵਿਚ ਬਦਲਾਅ ਆਉਣ ਲੱਗ ਜਾਂਦਾ ਹੈ ਕਿਉਂਕਿ ਸਮਾਜ ਦੀ ਸਿਰਜਣਾ ਮਨੁੱਖ ਅਧਾਰਿਤ ਹੈ। ਡਾ. ਜੀਤ ਸਿੰਘ

ਜੋਸ਼ੀ ਅਨੁਸਾਰ, "ਸਮਾਜਿਕ ਰਿਸ਼ਤਾ ਪ੍ਰਣਾਲੀ ਬਹੁ-ਪੱਖੀ ਅਤੇ ਬਹੁ-ਦ੍ਰਿਸ਼ਟੀ ਹੁੰਦੀ ਹੈ। ਇਕੋ ਵਿਅਕਤੀ ਇਕੋ ਸਮੇਂ ਰਿਸ਼ਤੇ ਦੀਆਂ ਅਨੇਕਾਂ ਤੰਦਾਂ ਵਿਚ ਬੱਝਿਆ ਹੁੰਦਾ ਹੈ ਜੇ ਉਹ ਕਿਸੇ ਦਾ ਪਿਤਾ ਹੈ ਤਾਂ ਨਾਲ ਹੀ ਕਿਸੇ ਦਾ ਪੁੱਤਰ ਵੀ। ਕਿਸੇ ਦਾ ਪਤੀ ਹੈ ਤਾਂ ਨਾਲ ਹੀ ਕਿਸੇ ਦਾ ਭਰਾ ਵੀ। ਇੰਝ ਇਹ ਲੜੀ ਚਲਦੀ ਰਹਿੰਦੀ ਹੈ। ਉਦਾਹਰਣ ਦੇ ਤੌਰ ਤੇ ਬੱਚੇ ਦੇ ਪੱਖ ਤੋਂ ਨਾਨਕੇ ਨਾਨਾ-ਨਾਨੀ, ਮਾਮੀ, ਮਾਸੀ ਹੁੰਦੇ ਹਨ। ਜਦੋਂ ਕਿ ਔਰਤ (ਧੀ) ਲਈ ਮਾਂ-ਪਿਓ ਅਤੇ ਭੈਣ, ਭਰਾ, ਜਦੋਂ ਕਿ ਮਰਦ ਜੁਆਈ ਲਈ ਉਹ ਸੱਸ, ਸਹੁਰਾ ਤੇ ਸਾਲੇ, ਸਾਲੀਆਂ ਹੁੰਦੇ ਹਨ। ਇਸੇ ਤਰ੍ਹਾਂ ਪੇਕੇ ਪਰਿਵਾਰ ਦੇ ਰਿਸ਼ਤੇ ਬਦਲਦੇ ਰਹਿੰਦੇ ਹਨ।" [21]

## ਸਿੱਟਾ:

ਉਪਰੋਕਤ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਰਿਸ਼ਤਾ ਨਾਤਾ ਪ੍ਰਬੰਧ ਵਿਚ ਸਮਾਜ ਮਨੁੱਖੀ ਰਿਸ਼ਤਿਆਂ ਦੇ ਵਰਗ ਅਧਿਆਤਮਿਕ ਰਿਸ਼ਤੇ, ਸਮਾਜਿਕ ਰਿਸ਼ਤੇ ਅਤੇ ਰਾਜਨੀਤਿਕ ਰਿਸ਼ਤਿਆਂ ਤੇ ਅਧਾਰਿਤ ਹਨ। ਜਿਵੇਂ-ਜਿਵੇਂ ਸਾਡੇ ਸਮਾਜ ਵਿਚ ਆਰਥਿਕ ਵਿਕਾਸ ਨਾਲ ਤਬਦੀਲੀਆਂ ਆਉਂਦੀਆਂ ਰਹਿਣਗੀਆਂ ਤਿਵੇਂ-ਤਿਵੇਂ ਸਾਡੇ ਰਹਿਣ-ਸਹਿਣ, ਖਾਣ-ਪੀਣ, ਧਾਰਮਿਕ ਕਾਰਜ, ਵਿਦਿਆ ਦੇ ਖੇਤਰ, ਚੋਣ ਪ੍ਰਕਿਰਿਆ ਵਿਚ, ਰਾਜਨੀਤਿਕ ਗਤੀਵਿਧੀਆਂ ਆਦਿ ਵਿਚ ਤਬਦੀਲੀਆਂ ਆਉਂਦੀਆਂ ਰਹਿਣਗੀਆਂ। ਇਨ੍ਹਾਂ ਸਮਾਜਿਕ ਤਬਦੀਲੀਆਂ ਦੇ ਕਾਰਨ ਸਾਡੇ ਰਿਸ਼ਤੇ-ਨਾਤਿਆਂ ਅਤੇ ਅੰਤਰੀਵੀ ਪ੍ਰਵਿਰਤੀਆਂ ਵਿਚ ਵੀ ਕਈ ਤਰ੍ਹਾਂ ਦੀਆਂ ਤਬਦੀਲੀਆਂ ਆਉਣੀਆਂ ਸੁਭਾਵਿਕ ਹਨ। ਜਿਨ੍ਹਾਂ ਤੋ ਬਚਣ ਲਈ ਸਾਨੂੰ ਸੁਚੇਤ ਰੂਪ ਵਿੱਚ ਯਤਨ ਕਰਦੇ ਰਹਿਣਾ ਲਾਜ਼ਮੀ ਹੈ।

---

21. ਜੋਸ਼ੀ, ਜੀਤ ਸਿੰਘ (ਡਾ.), *ਪੰਜਾਬੀ ਸਭਿਆਚਾਰ ਬਾਰੇ*, ਦੀ ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ, ਲੁਧਿਆਣਾ, 1984, ਪੰਨੇ 81-82.

## ਮਹੱਤਵ

ਰਿਸ਼ਤਾ-ਨਾਤਾ ਪ੍ਰਬੰਧ ਸਮਾਜ ਦੀ ਬਣਤਰ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਜਿਸ ਵਿਚ ਮਨੁੱਖ ਨੂੰ ਜੀਵਨ ਜਿਊਣ ਦੇ ਅਜਿਹੇ ਆਚਾਰ-ਵਿਵਹਾਰ, ਆਦਰਸ਼ ਅਤੇ ਭਾਵਨਾ ਉਤਪੰਨ ਹੁੰਦੀਆਂ ਹਨ। ਰਿਸ਼ਤਾ-ਨਾਤਾ ਪ੍ਰਬੰਧ ਮਨੁੱਖੀ ਜੀਵਨ ਦੇ ਸਾਰੇ ਖੇਤਰਾਂ, ਪੱਖਾਂ ਆਦਿ ਨੂੰ ਇਕ ਨਿਸ਼ਚਿਤ ਹੋਂਦ ਦਿੰਦਾ ਹੈ। ਰਿਸ਼ਤਾ-ਨਾਤਾ ਪ੍ਰਣਾਲੀ ਵਿਚ ਆਪਸੀ ਪ੍ਰੇਮ ਦੇ ਰਿਸ਼ਤੇ ਦਾ ਅਦੁੱਤੀ ਮਹੱਤਵ ਹੈ ਕਿਉਂਕਿ ਰਿਸ਼ਤੇ ਵਿਚਲੀ ਨੈਤਿਕਤਾ ਮਨੁੱਖ ਦੇ ਜੀਵਨ ਨੂੰ ਨਵਾਂ ਅਰਥ ਦਿੰਦੀ ਹੈ। ਮਨੁੱਖ ਆਪਣੇ ਫਰਜ਼ਾਂ ਅਤੇ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਰਿਸ਼ਤਿਆਂ ਦੀਆਂ ਤੰਦਾਂ ਨੂੰ ਮਜ਼ਬੂਤ ਕਰਦਾ ਹੈ। ਇਸੇ ਲਈ ਮਨੁੱਖ ਦਾ ਸਮਾਜਿਕ ਜੀਵਨ ਇਨ੍ਹਾਂ ਰਿਸ਼ਤਿਆਂ ਤੋਂ ਬਗ਼ੈਰ ਅਧੂਰਾ ਜਾਪਦਾ ਹੈ।

ਰਿਸ਼ਤਾ-ਨਾਤਾ ਹੀ ਮਨੁੱਖੀ ਸਮਾਜ ਵਿਚ ਵਿਚਰ ਰਹੇ ਵੱਖ-ਵੱਖ ਨਾਗਿਰਕਾਂ ਨਾਲ ਭਿੰਨ-ਭਿੰਨ ਪ੍ਰਕਾਰ ਦੇ ਸੰਬੰਧਾਂ ਨੂੰ ਸਨਮੁੱਖ ਲਿਆਉਂਦਾ ਹੈ ਅਤੇ ਰਿਸ਼ਤੇਦਾਰੀ ਦੀ ਵਿਵਸਥਾ ਵਿਚ ਹਰ ਤਰ੍ਹਾਂ ਦੇ ਸੰਬੰਧੀਆਂ ਨਾਲ ਪਾਏ ਸੰਬੰਧਾਂ ਦੀ ਜਾਣਕਾਰੀ ਕਰਵਾਉਂਦਾ ਹੈ। ਇਸ ਲਈ ਸਮਾਜ ਵਿਚ ਸੰਗਠਨ ਕਾਇਮ ਰੱਖਣ ਲਈ ਇਹ ਵਿਵਸਥਾ ਜ਼ਰੂਰੀ ਹੈ। ਮਨੁੱਖ ਦੀ ਸਮਾਜਿਕ ਸਥਿਤੀ ਅਤੇ ਭੂਮਿਕਾ ਇਨ੍ਹਾਂ ਰਿਸ਼ਤਿਆਂ ਦੇ ਆਧਾਰ ਤੇ ਰੂਪਮਾਨ ਹੁੰਦੀ ਹੈ।

ਰਿਸ਼ਤਾ ਵਿਆਹ ਸੰਬੰਧਾਂ ਰਾਹੀਂ ਸ਼ੁਰੂ ਹੁੰਦਾ ਹੈ ਅਤੇ ਧਨ-ਪਿਰ ਦੇ ਰੂਪ ਰਾਹੀਂ ਪਰਿਵਾਰ ਦੀ ਸਿਰਜਣਾ ਕਰਦਾ ਹੈ, ਇੰਝ ਕਹਿ ਲਈਏ ਕਿ ਪਤੀ-ਪਤਨੀ ਇਕ ਗੱਡੀ ਦੇ ਦੋ ਪਹੀਏ ਹਨ ਅਤੇ ਸਮਾਜ ਦੀ ਸਿਰਜਣਾ ਲਈ ਇਨ੍ਹਾਂ ਦੋਹੇਂ ਪਹੀਆਂ ਦਾ ਮਿਲ ਕੇ ਲਗਾਤਾਰ ਚਲਦੇ ਰਹਿਣਾ ਲਾਜ਼ਮੀ ਹੈ।

ਮਾਂ-ਬਾਪ ਉੱਤੇ ਆਪਣੇ ਬੱਚਿਆਂ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਹੀ ਨਹੀਂ ਹੁੰਦੀ ਸਗੋਂ ਉਨ੍ਹਾਂ ਨੂੰ ਪੜ੍ਹਾਉਣਾ ਅਤੇ ਵਿਆਹ ਕਰਨ ਦੀ ਜ਼ਿੰਮੇਵਾਰੀ ਤੋਂ ਇਲਾਵਾ, ਇਕ ਜ਼ਿੰਮੇਵਾਰ

ਨਾਗਰਿਕ ਬਣਾਉਣ ਦੀ ਵੀ ਹੁੰਦੀ ਹੈ। ਸੰਤਾਨ ਵੀ ਮਾਂ-ਬਾਪ ਦੇ ਬੁਢਾਪੇ ਦਾ ਅਖੀਰਲੀ ਉਮਰ ਵਿਚ ਸਹਾਰਾ ਬਣਦੀ ਹੈ।

ਭੈਣ-ਭਰਾ, ਭਰਾ-ਭਰਾ, ਭੈਣ-ਭੈਣ ਦੇ ਰਿਸ਼ਤੇ ਬਾਕੀ ਰਿਸ਼ਤਿਆਂ ਦੀ ਤਰ੍ਹਾਂ ਬੜੇ ਅਹਿਮ ਹਨ। ਭੈਣ-ਭਰਾ ਦੇ ਰਿਸ਼ਤੇ ਦੀ ਮਿਠਾਸ ਕਿਤੇ ਹੋਰ ਦੇਖਣ ਨੂੰ ਨਹੀਂ ਮਿਲਦੀ। ਭੈਣ ਸਾਰੀ ਉਮਰ ਭਰਾ ਦੀਆਂ ਲੰਮੀਆਂ ਉਮਰਾਂ ਦੀ ਦੁਆ ਕਰਦੀ ਹੈ। ਭੈਣ-ਭਰਾ ਦੇ ਪਿਆਰ ਦੀ ਪਵਿੱਤਰਤਾ ਦਾ ਪ੍ਰਤੀਕ ਸਮਾਜ ਵਿਚ ਰੱਖੜੀ ਦਾ ਤਿਉਹਾਰ ਵੀ ਪ੍ਰਚਲਿਤ ਹੈ। ਭਰਾ ਬਾਝੋਂ ਭੈਣ ਦੇ ਅੰਦਰਲਾ ਦਰਦ ਆਮ ਲੋਕ ਗੀਤਾਂ ਰਾਹੀਂ ਵੀ ਪ੍ਰਗਟ ਹੋਇਆ ਮਿਲਦਾ ਹੈ ਜਿਸ ਵਿਚ ਭੈਣ ਇਕ ਭਰਾ ਦੇ ਹੋਣ ਦਾ ਪਰਮਾਤਮਾ ਅੱਗੇ ਤਰਲਾ ਕਰਦੀ ਹੈਃ

ਇਕ ਵੀਰ ਦੇਈ ਵੇ ਰੱਬਾ ਸਹੁੰ ਖਾਣ ਨੂੰ ਬੜਾ ਹੀ ਚਿੱਤ ਕਰਦਾ।

ਜਦੋਂ ਅਸੀਂ ਦਿਸੱਦੇ ਸੰਸਾਰ ਵਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਰਿਸ਼ਤੇ-ਨਾਤਿਆਂ ਦਾ ਸਮੁੱਚਾ ਤਾਣਾ-ਬਾਣਾ ਇਕ ਅਟੁੱਟ ਬੇ-ਰੋਕ ਲੜੀ ਜਾਂ ਕੜੀ ਦੇ ਰੂਪ ਵਿਚ ਵਿਆਪਕ ਦਿਖਾਈ ਦਿੰਦਾ ਹੈ। ਹਰ ਮਰਦ ਅਤੇ ਔਰਤ ਆਪਣੇ ਆਪ ਵਿਚ ਇਕ ਸਮਾਜਿਕ ਇਕਾਈ ਹੁੰਦੇ ਹੋਏ ਵੀ ਇਕ ਵਿਸਥਾਰਤ ਸਮਾਜਿਕ ਕੁਟੰਬ ਦਾ ਹਿੱਸਾ ਵੀ ਹਨ। ਕਿਵੇਂ ਮਰਦ ਆਪਣੇ ਆਪ ਵਿਚ ਇਕ ਵਿਅਕਤੀ ਹੁੰਦਾ ਹੋਇਆ ਵੀ ਉਹ ਕਿਸੇ ਦਾ ਪੁੱਤਰ, ਕਿਸੇ ਦਾ ਪੋਤਰਾ, ਕਿਸੇ ਦਾ ਬਾਪ, ਕਿਸੇ ਦਾ ਭਰਾ, ਕਿਸੇ ਦਾ ਦਾਦਾ, ਕਿਸੇ ਦਾ ਪਤੀ, ਕਿਸੇ ਦਾ ਜਵਾਈ, ਦੇਵਰ, ਜੇਠ, ਜੀਜਾ, ਮਾਸੜ, ਫੁਫੜ ਆਦਿ ਵਖ-ਵਖ ਮਹੱਤਵਪੂਰਣ ਰਿਸ਼ਤਿਆਂ ਨੂੰ ਸਮੋਈ ਬੈਠਾ ਹੈ। ਠੀਕ ਇਹੀ ਵਰਤਾਰਾ ਔਰਤ ਦੇ ਸੰਬੰਧ ਵਿਚ ਵੀ ਹੈ।

ਜਦੋਂ ਅਸੀਂ ਕਵਿਤਾ ਦੇ ਖੇਤਰ ਵਿਚ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਉਥੇ 9 ਰਸ (ਸ਼ਿੰਗਾਰ ਰਸ, ਬਿਰਹਾ ਰਸ, ਬੀਰ ਰਸ, ਕਰੁਣਾ ਰਸ, ਵਾਤਸਲ ਰਸ ਆਦਿ) ਵਿਦਮਾਨ ਹੋਏ ਮਿਲਦੇ ਹਨ।

ਇਨ੍ਹਾ ਰਸਾਂ ਦਾ ਇਹੀ ਰੂਪ ਸਾਡੇ ਰਿਸ਼ਤਿਆਂ ਵਿਚ ਵੀ ਕਵਿਤਾ ਦੀ ਤਰ੍ਹਾਂ ਮਿਲਦਾ ਹੈ। ਜਦੋਂ ਮਾਂ ਆਪਣੇ ਪੁੱਤਰ ਨੂੰ ਪਿਆਰਦੀ ਹੈ ਤਾਂ ਇਹ ਝਲਕ 'ਵਾਤਸਲ ਰਸ' ਦਾ ਪ੍ਰਤੱਖ ਰੂਪ ਨਜ਼ਰ ਆਉਂਦਾ ਹੈ; ਜਦੋਂ ਪਤਨੀ ਆਪਣੇ ਪਤੀ ਦੀ ਆਉਣ ਦੀ ਖੁਸ਼ੀ ਵਿਚ ਹਾਰ ਸ਼ਿੰਗਾਰ ਕਰਕੇ ਉਸ ਨੂੰ ਉਡੀਕ ਰਹੀ ਹੁੰਦੀ ਹੈ ਤਾਂ ਸ਼ਿੰਗਾਰ ਰਸ ਪ੍ਰਧਾਨ ਨਜ਼ਰੀ ਆਉਂਦਾ ਹੈ। ਜਦੋਂ ਵਿਆਹ ਤੋਂ ਬਾਅਦ ਲੜਕੀ ਆਪਣਾ ਪੇਕਾ ਘਰ ਛੱਡ ਕੇ ਆਪਣੇ ਪਿਤਾ ਪਰਿਵਾਰ ਦੇ ਵਿਛੋੜੇ ਵਿਚ ਉਦਾਸ ਹੁੰਦੀ ਹੈ ਤਾਂ ਬਿਰਹਾ ਰਸ ਪ੍ਰਧਾਨ ਦਿਖਾਈ ਦਿੰਦਾ ਹੈ। ਇਸੀ ਤਰ੍ਹਾਂ ਸਾਡੇ ਜੀਵਨ ਵਿਚ ਹਰ ਰਿਸ਼ਤੇ ਵਿਚ ਕਿਸੇ ਨ ਕਿਸੇ ਰਸ ਦੀ ਮੌਜੂਦਗੀ ਦਿਖਾਈ ਦਿੰਦੀ ਹੈ।

ਸਾਡਾ ਰਿਸ਼ਤਾ-ਨਾਤਾ ਪ੍ਰਬੰਧ ਅਸਲ ਵਿਚ ਸਾਡੇ ਜੀਵਨ ਦਾ ਹੀ ਦਿੱਸਦਾ ਪਸਾਰਾ ਹੈ। ਸਾਡੇ ਜੀਵਨ ਵਿਚ ਕਈ ਤਰ੍ਹਾਂ ਦੇ ਵੱਖ-ਵੱਖ ਪੜ੍ਹਾਅ ਅਕਸਰ ਆਉਂਦੇ ਰਹਿੰਦੇ ਹਨ। ਕਈ ਵਾਰ ਉਹ ਵੇਲਾ ਹੁੰਦਾ ਹੈ ਜਦੋਂ ਅਸੀਂ ਖੁਸ਼ੀਆਂ ਵਿਚ ਨਚਦੇ ਟਪਦੇ ਭੰਗੜੇ ਪਾਉਂਦੇ ਹਾਂ, ਕਈ ਵਾਰ ਜੀਵਨ ਵਿਚ ਕਿਸੇ ਦੁੱਖ ਦੇ ਆ ਜਾਣ ਕਾਰਨ ਅਸੀ ਗਮਗੀਨ ਹੋਏ ਹੁੰਦੇ ਹਾਂ ਹੁਣ ਅਸੀਂ ਵੇਖਦੇ ਹਾਂ ਕਿ ਅਜਿਹੇ ਮੋਕਿਆ ਤੇ ਇਹ ਰਿਸ਼ਤੇ ਸਾਡੇ ਜੀਵਨ ਵਿਚ ਕਿਸ ਤਰ੍ਹਾਂ ਆਪਣੀ ਭੂਮਿਕਾ ਨਿਭਾਉਂਦੇ ਹਨ।

ਰਿਸ਼ਤੇ ਨਾਤਿਆਂ ਦੇ ਮਹੱਤਵ ਨਾਲ ਜੁੜੀ ਹੋਈ ਇਹ ਗੱਲ ਵੀ ਅਕਸਰ ਦੇਖਣ ਨੂੰ ਮਿਲਦੀ ਹੈ ਕਿ ਕਿਸੇ ਵੀ ਖੁਸ਼ੀ ਜਾਂ ਗਮੀ ਦੇ ਕਾਰਜ ਵੇਲੇ ਇਹ ਰਿਸ਼ਤਾ-ਨਾਤਾ ਪ੍ਰਬੰਧ ਆਪਣਾ ਸਾਰਥਿਕ ਰੋਲ ਅਦਾ ਕਰਦਾ ਹੈ। ਖੁਸ਼ੀ ਦੇ ਕਾਰਜ ਜਿਵੇਂ ਵਿਆਹ ਆਦਿ ਵੇਲੇ ਸਾਰੇ ਰਿਸ਼ਤੇਦਾਰ ਸੰਬੰਧੀ ਇਕੱਠੇ ਹੋ ਕੇ ਸੰਬੰਧਤ ਪਰਿਵਾਰ ਦੀ ਵਿਅਕਤੀਗਤ ਆਰਥਿਕ ਜ਼ਿੰਮੇਵਾਰੀ ਆਦਿ ਹਰ ਤਰ੍ਹਾਂ ਦੀ ਲੋੜ ਪੂਰੀ ਕਰਦੇ ਹਨ। ਇਕੱਠੇ ਹੋ ਕੇ ਨੱਚਦੇ ਟੱਪਦੇ ਗਾਉਂਦੇ ਹਨ। ਇਸ ਤਰ੍ਹਾਂ ਖੁਸ਼ੀ ਵਿਚ ਚੋਖਾ ਵਾਧਾ ਹੁੰਦਾ ਹੈ।

ਜਦੋਂ ਕਦੀ ਕੋਈ ਗਮੀ ਦਾ ਕਾਰਜ ਹੋਵੇ ਉਸ ਸਮੇਂ ਵੀ ਸਾਰੇ ਰਿਸ਼ਤੇਦਾਰ ਅਤੇ ਸੰਬੰਧੀ

ਸੰਬੰਧਤ ਧਿਰ ਦੀ ਗਮੀ ਵਿਚ ਸ਼ਰੀਕ ਹੁੰਦੇ ਹਨ ਅਤੇ ਹਰ ਸਮੇਂ ਮਦਦ ਵੀ ਕਰਦੇ ਹਨ। ਇਸ ਸੰਬੰਧੀ ਇਕ ਕਹਾਵਤ ਵੀ ਆਮ ਵਿਦਿਤ ਹੈ, "ਖ਼ੁਸ਼ੀ ਵੰਡਣ ਨਾਲ ਵੱਧਦੀ ਹੈ ਅਤੇ ਗਮੀ ਵਿਚ ਸ਼ਰੀਕ ਹੋਣ ਨਾਲ ਗਮੀ ਘਟਦੀ ਹੈ।" ਇਸ ਪੱਖ ਤੋਂ ਇਨ੍ਹਾਂ ਰਿਸ਼ਤਿਆਂ ਦਾ ਇਕ ਖਾਸ ਮਹੱਤਵ ਹੈ।

ਬਦਲਦੇ ਹੋਏ ਸਮਾਜਿਕ ਹਾਲਾਤ ਸਾਡੇ ਜੀਵਨ ਦੇ ਹਰ ਕਾਰਜ ਤੇ ਕਿਸੇ ਨਾ ਕਿਸੇ ਰੂਪ ਵਿਚ ਕੋਈ ਨਾ ਕੋਈ ਪ੍ਰਭਾਵ ਜ਼ਰੂਰ ਪਾਉਂਦੇ ਹਨ। ਆਮ ਹੀ ਦੇਖਣ ਵਿਚ ਆਇਆ ਹੈ ਜਿਵੇਂ ਕਿ ਬਦਲਦੇ ਹੋਏ ਭਾਸ਼ਾਈ ਪ੍ਰਭਾਵ ਨੇ ਸਾਡੇ ਰਿਸ਼ਤੇ-ਨਾਤਿਆਂ ਉੱਪਰ ਗਹਿਰਾ ਪ੍ਰਭਾਵ ਪਾਇਆ ਹੈ। ਸਾਡੇ ਪੰਜਾਬੀ ਅਮੀਰ ਵਿਰਸੇ ਵਿਚ ਰਿਸ਼ਤਿਆਂ ਨਾਲ ਜੁੜੇ ਕੁਝ ਵਿਦੇਸ਼ੀ (ਅੰਗਰੇਜ਼ੀ) ਸ਼ਬਦਾਂ ਨੇ ਸਾਡੇ ਆਪਣੇ ਸ਼ਬਦਾਂ ਦਾ ਬਦਲ ਬਣਕੇ ਉਨ੍ਹਾਂ ਵਿਚਲੀ ਮਿਠਾਸ, ਨਿੱਘ, ਸਨੇਹ, ਨੇੜਤਾ, ਪਿਆਰ ਆਦਿ ਸਭ ਕੁਝ ਖਤਮ ਕਰ ਦਿੱਤਾ ਹੈ। ਜਿਵੇਂ ਚਾਚਾ, ਤਾਇਆ, ਮਾਮਾ, ਮਾਸੜ, ਫੁੱਫੜ ਆਦਿ ਲਈ ਇਕੋ ਸ਼ਬਦ Uncle ਅਤੇ ਚਾਚੀ, ਤਾਈ, ਮਾਮੀ, ਮਾਸੀ, ਭੂਆ ਆਦਿ ਲਈ Aunty ਪ੍ਰਚਲਿਤ ਹੋ ਗਏ ਹਨ। ਇਨ੍ਹਾਂ ਵਿਦੇਸ਼ੀ ਸ਼ਬਦਾਂ ਨਾਲ ਨਾ ਤਾਂ ਸੰਬੰਧਤ ਰਿਸ਼ਤੇ ਦੀ ਹੀ ਸਹੀ ਜਾਣਕਾਰੀ ਹੁੰਦੀ ਹੈ ਅਤੇ ਨਾ ਹੀ ਉਹ ਪਿਆਰ ਉਪਜਦਾ ਹੈ। ਹੁਣ ਤਾਂ ਚਾਚਾ ਵੀ uncle ਹੈ ਅਤੇ ਰਿਕਸ਼ੇਵਾਲਾ ਵੀ uncle ਹੈ। ਸੋ ਇਨ੍ਹਾਂ ਸ਼ਬਦਾਂ ਦੇ ਦੂਹਰੇ ਤੀਹਰੇ ਅਰਥਾਂ ਕਾਰਨ ਅਸੀਂ ਰਿਸ਼ਤੇ ਦੀ ਸਹੀ ਜਾਣਕਾਰੀ ਤੋਂ ਬਹੁਤ ਦੂਰ ਰਹਿ ਜਾਂਦੇ ਹਾਂ।

ਇਸ ਤਰ੍ਹਾਂ ਦੇ ਵਿਚਾਰ ਓਮ ਪ੍ਰਕਾਸ਼ ਗਾਸੋ ਇਸ ਤਰ੍ਹਾਂ ਪ੍ਰਗਟ ਕਰਦੇ ਹਨ, "ਅੱਜ ਅਸਾਡੇ ਆਲੇ ਦੁਆਲੇ ਵਿਚ ਸਭਿਆਚਾਰ ਦੀ ਆਧੁਨਿਕਤਾ ਦੇ ਟਟਪੂੰਜੀਏ ਸਬਦਾਂ ਨੇ ਅਸਾਡੇ ਸ਼ਹਿਦ ਵਰਗੇ ਮਿੱਠੇ ਸਭਿਆਚਾਰਕ ਪਰਿਵਾਰਿਕ ਤੇ ਸਤਿਕਾਰਤ ਰਿਸ਼ਤਿਆਂ ਨੂੰ ਹਲਕਾ ਬਣਾਉਣ ਉੱਤੇ ਜ਼ੋਰ ਦਿੱਤਾ ਹੋਇਆ ਹੈ। ਅੰਗਰੇਜ਼ੀ ਭਾਸ਼ਾ ਦੇ ਅੰਕਲ ਤੇ ਆਂਟੀ ਦੇ ਦੋ ਸ਼ਬਦ ਅਸਾਡੇ ਸਭਿਆਚਾਰ ਦੇ ਆਪੇ ਨੂੰ ਆਪਣੇ ਵਿਚ ਸਮੋ ਲੈਣ ਤੋਂ ਅਸਮਰਥ ਹਨ। ਅਸਾਡੇ ਆਪਣੇ ਪੰਜਾਬੀ ਰਿਸ਼ਤਿਆਂ,

ਮਾਸੀ, ਮਾਸੜ, ਤਾਈ, ਤਾਇਆ, ਮਾਮਾ, ਮਾਮੀ, ਨਾਨਾ, ਨਾਨੀ, ਦਾਦਾ, ਦਾਦੀ, ਭੂਆ, ਫੁੱਫੜ, ਚਾਚਾ, ਚਾਚੀ, ਭਾਬੀ, ਦਿਓਰ, ਜੇਠ, ਜਠਾਣੀ ਦਾਦਸ, ਦਾਦਸਰਾ, ਫੁੱਫਸ, ਫੁੱਫਸਰਾ, ਸਾਲੀ, ਜੀਜਾ ਤੇ ਪਤੀਸ ਆਦਿ ਦੇ ਹਾਣ ਦੇ ਪਣ ਤੋਂ ਪਿਛਾਂਹ ਹੱਟ ਜਾਂਦੇ ਹਨ। ਅਸਾਡੇ ਇਨ੍ਹਾਂ ਸ਼ਬਦਾਂ ਦੇ ਉਚਾਰਣ ਦੁਆਰਾ ਰਿਸ਼ਤਿਆਂ ਦੀ ਸੁਚੱਜਤਾ, ਸੁਹਪਣ, ਸਨੇਹ ਤੇ ਸਰੂਪ ਦਾ ਪਤਾ ਲੱਗਦਾ ਹੈ।"[22]

ਮਨੁੱਖੀ ਰਿਸ਼ਤਿਆਂ ਦੇ ਤਾਣੇ ਬਾਣੇ ਦੀ ਬੁੱਕਲ ਵਿਚ ਬੱਝਾ ਹੋਇਆ ਮਨੁੱਖ ਇਕ ਦੂਸਰੇ ਦੇ ਪਿਆਰ ਤੇ ਲਾਡ ਵਿਚ ਐਸਾ ਗਲਤਾਨ ਰਹਿੰਦਾ ਹੈ ਕਿ ਇਕ ਦੂਸਰੇ ਤੋਂ ਭਿੰਨ ਨਹੀਂ ਹੋ ਸਕਦਾ। ਉਹ ਚਾਹੇ ਕਿਸੇ ਵੀ ਨਸਲ, ਰੰਗ, ਜਾਤ, ਗੋਤ, ਧਰਮ ਨਾਲ ਕਿਉਂ ਨਾ ਸੰਬੰਧ ਰੱਖਦਾ ਹੋਵੇ। ਜਿਵੇਂ ਪਿੱਛੇ ਜਿਹੇ ਭਾਰਤ ਵਿਚ ਕਾਮਨਵੈਲਥ ਖੇਡਾਂ ਹੋਈਆਂ। ਜਦੋਂ ਕੋਈ ਵੀ ਭਾਰਤੀ ਜਿੱਤ ਪ੍ਰਾਪਤ ਕਰਦਾ ਸੀ ਤਾਂ ਅਸੀਂ ਸਾਰੇ ਜਾਤਪਾਤ, ਨਸਲ, ਰੰਗ, ਗੋਤ, ਧਰਮ ਆਦਿ ਤੋਂ ਉਪਰ ਉੱਠ ਕੇ ਖੁਸ਼ੀ ਮਹਿਸੂਸ ਕਰਦੇ ਸੀ ਕਿ ਸਾਡੇ ਖਿਡਾਰੀ ਨੇ ਜਿੱਤ ਪ੍ਰਾਪਤ ਕੀਤੀ। ਭਾਰਤੀ ਖਿਡਾਰੀ ਦੇ ਮੈਡਲ ਜਿੱਤ ਦੀ ਖਿਚ ਦਾ ਕਾਰਨ ਮਨੁੱਖੀ ਮਨ ਦੇ ਅੰਦਰ ਰਿਸ਼ਤਿਆਂ ਦੀ ਤੰਦ ਹੀ ਸੀ। ਰਾਸ਼ਟਰੀ ਏਕਤਾ ਨੂੰ ਮਜਬੂਤ ਕਰਨ ਵਿਚ ਰਿਸ਼ਤਿਆਂ ਦੀ ਤੰਦ ਇਕ ਅਹਿਮ ਰੋਲ ਅਦਾ ਕਰਦੀ ਹੈ।

ਜਦੋਂ ਅਸੀਂ ਰਿਸ਼ਤਾ-ਨਾਤਾ ਪ੍ਰਬੰਧ ਦੇ ਮਹੱਤਵ ਨੂੰ ਗੁਰਬਾਣੀ ਦੇ ਪ੍ਰਸੰਗ ਵਿਚ ਸਮਝਣ ਦਾ ਯਤਨ ਕਰਦੇ ਹਾਂ ਤਾਂ ਸਾਨੂੰ ਇਹ ਨਿਰਣਾ ਕਰਨਾ ਕਾਫੀ ਮੁਸ਼ਕਲ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਇਨ੍ਹਾਂ ਰਿਸ਼ਤਿਆਂ ਦੇ ਹੱਕ ਵਿਚ ਹਨ ਜਾਂ ਵਿਰੋਧ ਵਿਚ। ਜਿਵੇਂ:

> ਕਾ ਕੀ ਮਾਈ ਕਾ ਕੋ ਬਾਪ॥
> ਨਾਮ ਧਾਰੀਕ ਝੂਠੇ ਸਭਿ ਸਾਕ॥ [23]

---

22. ਅਜੀਤ ਸਿੰਘ ਕੱਕੜ, (ਸੰਪਾ.), *ਪੰਜਾਬੀ ਸਭਿਆਚਾਰ*, ਸ਼੍ਰੀ ਓਮ ਪ੍ਰਕਾਸ਼ ਗਾਸੋ ਦਾ ਲੇਖ *(ਪੰਜਾਬੀ ਸਭਿਆਚਾਰ ਅਤੇ ਰਿਸ਼ਤੇ)*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1988, ਪੰਨਾ 118.

23 . *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 188.

ਇੱਥੇ ਗੁਰੂ ਸਾਹਿਬ ਸਪਸ਼ਟ ਰੂਪ ਵਿਚ ਇਹ ਦੱਸ ਰਹੇ ਹਨ ਕਿ ਇਹ ਦੁਨਿਆਵੀ ਮਾਤਾ-ਪਿਤਾ ਆਦਿ ਸਾਕ ਸੰਬੰਧੀ ਸਾਰੇ ਨਾਮ ਧਰੀਕ ਹੀ ਹਨ। ਜਦੋਂ ਮਨੁੱਖ ਨੇ ਪ੍ਰਭੂ ਦੀ ਹਜੂਰੀ ਵਿਚ ਆਪਣੇ ਜੀਵਨ ਦੇ ਲੇਖੇ ਲਈ ਹਾਜ਼ਰ ਹੋਣਾ ਹੈ ਉਥੇ ਕਿਸੇ ਵੀ ਰਿਸ਼ਤੇਦਾਰ ਜਾਂ ਸੰਬੰਧੀ ਨੇ ਸਹਾਈ ਨਹੀਂ ਹੋਣਾ ਪਰ ਜਦੋਂ ਬਾਣੀ ਦੀਆਂ ਤੁਕਾਂ:

> ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ।।
> ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ।।
> ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ।। [24]

ਅਨੁਸਾਰ ਅਸੀਂ ਵੇਖਦੇ ਹਾਂ ਕਿ ਇਥੇ ਗੁਰੂ ਸਾਹਿਬ ਦੁਨਿਆਵੀ ਰਿਸ਼ਤਿਆਂ ਨੂੰ ਮਾਨਤਾ ਵੀ ਦਿੰਦੇ ਹਨ। ਇਨ੍ਹਾਂ ਉਪਰੋਕਤ ਤੁਕਾਂ ਵਿਚ ਦਰਸਾਇਆ ਹੈ ਕਿ ਬੱਚੇ ਨੂੰ ਜੀਵਨ ਦੇ ਸਹੀ ਅਰਥ ਸਮਝਾਉਣ ਲਈ ਮਾਂ-ਪਿਉ ਦਾ ਅਹਿਮ ਅਤੇ ਮਹੱਤਵਪੂਰਣ ਸਥਾਨ ਹੈ। ਜੇਕਰ ਕੋਈ ਮਾਂ- ਬਾਪ ਆਪਣੇ ਬੱਚੇ ਨੂੰ ਸਹੀ ਸਿਖਿਆ ਨਹੀਂ ਦੇਣਗੇ ਤਾਂ ਫਿਰ ਕੌਣ ਦੇਵੇਗਾ? ਇਹ ਠੀਕ ਹੈ ਕਿ ਇਹ ਰਿਸ਼ਤੇ ਦੁਨਿਆਵੀ ਹਨ। ਦੁਨਿਆਵੀ ਰਿਸ਼ਤਿਆਂ ਨੇ ਸੰਸਾਰਿਕ ਅਤੇ ਸਮਾਜਿਕ ਪੱਧਰ ਤੇ ਹੀ ਵਿਚਰਨਾ ਅਤੇ ਆਪਣੀ ਭੂਮਿਕਾ ਨਿਭਾਉਣੀ ਹੁੰਦੀ ਹੈ। ਜੋ ਨਿਭਾ ਰਹੇ ਹਨ। ਦੁਨਿਆਵੀ ਰਿਸ਼ਤਿਆਂ ਕਰਕੇ ਸੇਧਤ ਹੋਇਆ ਮਨੁੱਖ ਅਧਿਆਤਮਿਕ ਪੱਧਰ ਤੇ ਕੁਝ ਨਾ ਕੁਝ ਪ੍ਰਾਪਤ ਕਰਨ ਜੋਗਾ ਹੋ ਸਕਦਾ ਹੈ।

## ਸਿੱਟੇ:

ਰਿਸ਼ਤੇ ਅਰਥ ਅਤੇ ਮਹੱਤਵ ਦੀ ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਜੋ ਕੁੱਝ ਮਹੱਤਵਪੂਰਨ ਸਿਟੇ ਸਾਡੇ ਸਾਹਮਣੇ ਆਏ, ਇਹ ਨਿਮਨ ਲਿਖਤ ਅਨੁਸਾਰ ਹਨ:

1. ਰਿਸ਼ਤਿਆਂ ਦੀ ਉਤਪਤੀ, ਵਿਕਾਸ ਅਤੇ ਮਨੁੱਖੀ ਚੇਤਨਾ ਦਾ ਵਿਕਾਸ ਦੋਵੇਂ ਅੰਤਰ-ਸੰਬੰਧਿਤ ਹਨ।

---

24. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 624.

2. ਇਕ ਦੀ ਦੂਜੇ ਪ੍ਰਤੀ ਹਮਦਰਦੀ, ਸਨੇਹ, ਪਿਆਰ ਅਤੇ ਲੋੜ ਦਾ ਨਾਂ ਹੀ ਰਿਸ਼ਤਾ ਹੈ।

3. ਪਤੀ-ਪਤਨੀ ਦਾ ਰਿਸ਼ਤਾ ਇੱਕ ਮੁੱਢਲਾ ਅਤੇ ਅਹਿਮ ਰਿਸ਼ਤਾ ਹੈ ਜਿਸ ਨਾਲ ਰਿਸ਼ਤਿਆਂ ਦਾ ਮੁੱਢ ਬੱਝਦਾ ਹੈ।

4. ਰਿਸ਼ਤਿਆਂ ਦੇ ਤਾਣੇ ਬਾਣੇ ਦੁਆਰਾ ਹੀ ਇਕ ਦੂਜੇ ਦੇ ਦੁੱਖ-ਸੁੱਖ ਨੂੰ ਵੰਡਾਇਆ ਜਾ ਸਕਦਾ ਹੈ ਅਤੇ ਵੱਖ-ਵੱਖ ਵਿਅਕਤੀਆਂ ਦੇ ਆਪਸੀ ਸੰਬੰਧਾਂ ਨੂੰ ਨੇੜੇ ਲਿਆਂਦਾ ਜਾਂਦਾ ਹੈ।

5. ਸਭਿਆਚਾਰ ਦੇ ਸਮੁੱਚੇ ਢਾਂਚੇ ਵਿਚ ਰਿਸ਼ਤਾ-ਨਾਤਾ ਪ੍ਰਬੰਧ ਮਨੁੱਖ ਦੇ ਜੀਵਨ ਨੂੰ ਅਤੇ ਉਸ ਦੇ ਆਲੇ ਦੁਆਲੇ ਨੂੰ ਸਮਾਜਿਕ ਪ੍ਰਬੰਧ ਨੂੰ ਸਿਰਜਣ ਅਤੇ ਪਰਿਵਰਤਿਤ ਕਰਨ ਵਿਚ ਇਕ ਅਹਿਮ ਹਿੱਸਾ ਪਾਉਂਦਾ ਹੈ।

6. ਰਿਸ਼ਤਿਆਂ ਦੀ ਪਵਿੱਤਰਤਾ, ਰਿਸ਼ਤਿਆਂ ਦੀ ਮਿਠਾਸ, ਨਿੱਘ, ਮਨੁੱਖੀ ਜੀਵਨ ਨੂੰ ਸ਼ਕਤੀ ਬਖਸ਼ਦੇ ਹਨ। ਰਿਸ਼ਤਿਆਂ ਦੁਆਰਾ ਹੀ ਮਨੁੱਖੀ ਜੀਵਨ ਵਿਚ ਰੌਣਕ ਅਤੇ ਰੰਗ ਦੀ ਵਰਖਾ ਹੁੰਦੀ ਰਹਿੰਦੀ ਹੈ।

7. ਹਰ ਇਕ ਰਿਸ਼ਤਾ ਆਪਣਾ ਅਹਿਮ ਸਥਾਨ ਰੱਖਦਾ ਹੈ ਪ੍ਰੰਤੂ ਕਈ ਵਾਰੀ ਕੁੱਝ ਮਹੱਤਵਪੂਰਨ ਰਿਸ਼ਤਿਆਂ (ਸੱਸ-ਨੂੰਹ, ਨਣਦ-ਭਰਜਾਈ ਆਦਿ) ਦਾ ਗੁੱਸੇ ਜਾਂ ਤਨਾਅ ਭਰਿਆ ਕਿਰਦਾਰ ਸਾਡੇ ਸਾਹਮਣੇ ਆਉਂਦਾ ਹੈ, ਜੋ ਕਿ ਸਾਡੇ ਸਮਾਜਿਕ ਪ੍ਰਬੰਧ ਦੀ ਦੇਣ ਹੈ।

8. ਸਾਡੇ ਜੀਵਨ ਦਾ ਹਰ ਕਾਰਜ ਭਾਵੇਂ ਉਹ ਖੁਸ਼ੀ ਦਾ ਹੈ ਜਾਂ ਗਮੀ ਦਾ, ਮਨੁੱਖੀ ਰਿਸ਼ਤਿਆਂ ਨਾਲ ਹੀ ਉਹ ਕਾਰਜ ਸੰਪੂਰਨ ਹੁੰਦਾ ਹੈ।

9. ਵਿਦੇਸ਼ੀ ਪ੍ਰਭਾਵਾਂ ਕਾਰਨ ਬਦਲਦੇ ਸਭਿਆਚਾਰ ਵਿਚ ਸਾਡੇ ਕਈ ਰਿਸ਼ਤਿਆਂ ਦੇ ਨਾਮ ਬਦਲ ਰਹੇ ਹਨ। ਜਿਵੇਂ ਚਾਚਾ, ਤਾਇਆ, ਮਾਮਾ ਆਦਿ ਲਈ Uncle ਅਤੇ ਚਾਚੀ, ਤਾਈ, ਮਾਮੀ, ਭੂਆ ਆਦਿ ਲਈ Aunty ਹੈ। ਇਨ੍ਹਾਂ ਅੰਗਰੇਜ਼ੀ ਦੇ ਸ਼ਬਦਾਂ ਵਿਚ ਭਾਵੇਂ ਸਾਡੀ

ਆਪਣੀ ਭਾਸ਼ਾ ਵਰਗਾ ਨਿੱਘ ਨਹੀਂ ਪ੍ਰੰਤੂ ਫਿਰ ਵੀ ਅਸੀਂ ਇਨ੍ਹਾਂ ਨੂੰ ਵਿਦੇਸ਼ੀ ਪ੍ਰਭਾਵ ਅਧੀਨ ਅਪਣਾ ਲਿਆ ਹੈ। ਸੁਚੇਤ ਸ਼ਹਿਰੀ ਅਜਿਹੀਆਂ ਗੱਲਾਂ ਤੋਂ ਸਾਵਧਾਨ ਵੀ ਹੋ ਰਹੇ ਹਨ।

ਉਪਰੋਕਤ ਵਿਚਾਰ ਚਰਚਾ ਕਰਨ ਦਾ ਮਕਸਦ ਰਿਸ਼ਤਾ: ਅਰਥ ਅਤੇ ਮਹੱਤਵ ਨੂੰ ਸਮਝਣਾ ਸੀ। ਇਸ ਨਾਲ ਅਸੀਂ ਇਹ ਸਿਟੇ ਕੱਢ ਸਕੇ ਹਾਂ ਕਿ ਰਿਸ਼ਤਿਆਂ ਦਾ ਸਾਡੇ ਜੀਵਨ ਵਿਚ ਇਕ ਖਾਸ ਅਰਥ ਹੈ ਅਤੇ ਇਨ੍ਹਾਂ ਦਾ ਮਹੱਤਵ ਹੀ ਸਾਡੀ ਜੀਵਨ ਗਤੀਸ਼ੀਲਤਾ ਬਣਾਈ ਰਖਣ ਲਈ ਲਾਜ਼ਮੀ ਹੈ। ਇਹੀ ਰਿਸ਼ਤੇ ਹਨ ਜੋ ਕਿ ਇਕ ਮਨੁੱਖ ਨੂੰ ਇਕ ਪਰਿਵਾਰ ਵਿਚ ਪਰਿਵਰਤਿਤ ਕਰਦੇ ਹਨ ਅਤੇ ਫਿਰ ਉਸੇ ਪਰਿਵਾਰ ਨੂੰ ਸਮਾਜ ਦਾ ਇਕ ਮਹੱਤਵਪੂਰਣ ਅੰਗ ਬਣਾ ਦਿੰਦੇ ਹਨ।

## (ੳ) ਮਨੁੱਖ

ਮਨੁੱਖ ਸਾਡੇ ਸਮਾਜ ਅਤੇ ਸਮੁੱਚੇ ਸੰਸਾਰ ਦੀ ਮੁੱਢਲੀ ਅਤੇ ਮਹੱਤਵਪੂਰਨ ਇਕਾਈ ਹੈ। ਸਾਡੀਆਂ ਸਾਰੀਆਂ ਸਮਾਜਿਕ ਅਤੇ ਸੰਸਾਰਿਕ ਗਤੀਵਿਧੀਆਂ ਦਾ ਕੇਂਦਰ ਬਿੰਦੂ ਮਨੁੱਖ ਹੈ। ਇਸੇ ਦੇ ਸਦਕਾ ਹੀ ਅੱਜ ਵੱਡੇ-ਵੱਡੇ ਸਮਾਜਿਕ ਸੰਗਠਨ, ਸਭਾਵਾਂ, ਮੇਲੇ, ਜਲਸੇ, ਧਾਰਮਿਕ ਸਭਾਵਾਂ ਤੇ ਸੰਪਰਦਾਵਾਂ, ਰਾਜਨੀਤਿਕ ਪ੍ਰਬੰਧ (ਵਿਧਾਨ ਸਭਾ, ਲੋਕ ਸਭਾ ਆਦਿ) ਹੋਂਦ ਵਿਚ ਆ ਕੇ ਕਾਰਜਸ਼ੀਲ ਹੋ ਸਕੇ ਹਨ। ਮਨੁੱਖ ਨੇ ਅਨੇਕਾਂ ਹੀ ਕੁਦਰਤੀ ਸਾਧਨਾਂ ਦੀ ਵਰਤੋਂ ਕਰਕੇ ਬਹੁਤ ਸਾਰੀਆਂ ਊਰਜਾ ਵਾਲੀਆਂ ਸ਼ਕਤੀਆਂ ਪੈਦਾ ਕੀਤੀਆਂ ਹਨ, ਜਿਹੜੀਆਂ ਸਾਡੇ ਸੰਸਾਰ ਨੂੰ ਵੱਖ-ਵੱਖ ਪੱਖਾਂ ਤੋਂ ਚਲਾਉਣ ਵਿਚ ਸਹਾਈ ਹੋ ਰਹੀਆਂ ਹਨ। ਜਿੱਥੇ ਮਨੁੱਖਤਾ ਦੀ ਭਲਾਈ ਲਈ ਅਨੇਕਾਂ ਕਾਰਜ ਕੀਤੇ ਉਥੇ ਨਾਲ ਹੀ ਕਈ ਵਿਨਾਸ਼ ਦੇ ਸਾਧਨ ਵੀ ਪੈਦਾ ਹੋ ਗਏ ਕਿਉਂਕਿ ਨੇਕੀ ਅਤੇ ਬਦੀ ਦਾ ਆਪਸ ਵਿਚ ਗਹਿਰਾ ਸੰਬੰਧ ਹੈ।

ਮਨੁੱਖ ਨੇ ਜਿਥੇ ਸੰਸਾਰਿਕ ਬ੍ਰਿਧੀ ਦੇ ਅਨੇਕਾਂ ਸਾਧਨ ਪੈਦਾ ਕੀਤੇ ਉਥੇ ਅਧਿਆਤਮਿਕ ਪੱਖ ਤੋਂ ਵੀ ਭਰਪੂਰ ਯੋਗਦਾਨ ਪਾਇਆ ਨਜ਼ਰ ਆਉਂਦਾ ਹੈ। ਇਸ ਸੰਸਾਰ ਉਪਰ ਬਹੁਤ ਸਾਰੇ ਪੀਰ, ਪੈਗੰਬਰ ਅਤੇ ਮਹਾਪੁਰਸ਼ ਹੋ ਚੁੱਕੇ ਹਨ ਭਾਵੇਂ ਅਸੀ ਉਨ੍ਹਾਂ ਨੂੰ ਪਰਮਾਤਮਾ ਦੇ ਹੁਕਮ ਵਿਚ ਵਰੋਸਾਏ ਧਰਤੀ ਉਪਰ ਆਏ ਮੰਨਦੇ ਹਾਂ ਪਰ ਮਨੁੱਖ ਨੂੰ ਇਸ ਜੁਗਤ ਵਿਚੋਂ ਮਨਫੀ ਨਹੀਂ ਕੀਤਾ ਜਾ ਸਕਦਾ।

ਮਨੁੱਖ ਦੀ ਪੈਦਾਇਸ਼ ਸੰਬੰਧੀ ਵੱਖ-ਵੱਖ ਵਿਦਵਾਨਾਂ ਨੇ ਵੱਖ-ਵੱਖ ਵਿਚਾਰ ਦਿੱਤੇ ਹਨ ਉਨ੍ਹਾਂ ਵਿਚੋਂ ਕੁਝ ਕੁ ਸਾਹਮਣੇ ਲਿਆਉਣ ਦਾ ਯਤਨ ਕੀਤਾ ਜਾ ਰਿਹਾ ਹੈ।

ਮਨੁੱਖ ਦੀ ਪੈਦਾਇਸ਼ ਇਸ ਧਰਤੀ ਉੱਪਰ ਹਜ਼ਾਰਾਂ ਸਾਲ ਪਹਿਲਾਂ ਹੋਂਦ ਦੇ ਅਨੁਮਾਨ ਲਗਾਏ ਜਾਂਦੇ ਹਨ। ਡਾ. ਸੁਰਜੀਤ ਸਿੰਘ ਢਿੱਲੋਂ ਅਨੁਸਾਰ, "ਅੱਜ ਤੋਂ 3 ਅਰਬ ਤੇ 8● ਵਰ੍ਹੇ

ਪਹਿਲਾਂ ਪ੍ਰਿਥਵੀ ਉਪਰ ਜੀਵਨ ਪੁੰਗਰ ਆਇਆ।[1]

ਮਨੁੱਖ ਦੀ ਉਤਪਤੀ ਕਿਹੜੇ-ਕਿਹੜੇ ਪੜਾਆਂ ਵਿਚੋਂ ਦੀ ਹੁੰਦੀ ਹੋਈ ਵਿਕਸਤ ਹੋਈ ਇਸ ਬਾਰੇ ਡਾ. ਮਨਮੋਹਨ ਸਿੰਘ ਦੇ ਵਿਚਾਰ ਇਸ ਤਰ੍ਹਾਂ ਹਨ, "ਪਰਮਾਤਮਾ ਨੇ ਜਦੋਂ ਸ੍ਰਿਸ਼ਟੀ ਦੀ ਇੱਛਾ ਕੀਤੀ ਤਾਂ ਆਪਣੀ ਜੋਤਿ ਤੋਂ ਨੂਰੁਲ ਮੁਹੰਮਦੀਆਂ ਦਾ ਨਿਰਮਾਣ ਕੀਤਾ ਇਹੀ ਆਦਿ ਭੂਤ ਸੀ। ਇਸ ਆਦਿ ਭੂਤ ਦੇ ਨਾਲ ਪਰਮਾਤਮਾ ਦਾ ਸਾਖਿਅਤ ਸੰਬੰਧ ਹੈ। ਇਹੀ ਵਿਸ਼ਵ ਗਿਆਨ ਹੈ ਅਤੇ ਇਹੀ ਜਗਤ ਦਾ ਆਦਿ ਰੂਪ ਹੈ। ਇਸੇ ਤੋਂ ਚਾਰ ਤੱਤ ਉਪਜੇ ਅਰਥਾਤ ਅਗਨੀ, ਹਵਾ, ਜਲ ਅਤੇ ਪ੍ਰਿਥਵੀ। ਦ੍ਰਿਸ਼ਟਮਾਨ ਜਗਤ ਵਿਚ ਸਭ ਤੋਂ ਪਹਿਲਾ ਰੂਪ ਗ੍ਰਹਿਣ ਕਰਨ ਵਾਲੇ ਇਹੀ ਚਾਰ ਤੱਤ ਸਨ। ਇਨ੍ਹਾਂ ਵਿਚ ਸਭ ਤੋਂ ਉਪਰ ਅਗਨੀ ਹੈ, ਉਸ ਤੋਂ ਬਾਅਦ ਹਵਾ, ਉਸ ਤੋਂ ਬਾਅਦ ਜਲ ਅਤੇ ਫਿਰ ਪ੍ਰਿਥਵੀ ਹੈ। ... ਸਭ ਦੇ ਅੰਤ ਵਿਚ ਮਾਨਵ ਦੀ ਉਤਪਤੀ ਹੁੰਦੀ ਹੈ। ਜੀਵ-ਜੰਤੂ ਦਾ ਉਤਕ੍ਰਿਸ਼ਟ ਪਰਿਵਰਤਨ ਜਾਂ ਬਦਲ ਮਨੁੱਖ ਵਿਚ ਜਾ ਕੇ ਸਮਾਪਤ ਹੋ ਜਾਂਦਾ ਹੈ।"[2]

ਮਨੁੱਖ ਦੀ ਪੈਦਾਇਸ਼ ਸੰਬੰਧੀ ਸੈਮੂਅਲ ਕੋਇਨਿੰਗ ਦੇ ਵਿਚਾਰ ਕੁਝ ਇਸ ਤਰ੍ਹਾਂ ਹਨ, "ਮਨੁੱਖ ਇਕ ਅਜਿਹੇ ਪੂਰਵਜ ਦੀ ਸੰਤਾਨ ਹੈ, ਜੋ ਮਨੁੱਖ ਅਤੇ ਬਾਨਰਾਂ ਦਾ ਸਾਂਝਾ ਸੀ। ਜਿਸ ਤੋਂ ਕਿ ਮਨੁੱਖ ਨਰ ਬਾਂਦਰਾਂ (Simians) ਦਾ ਪੁੱਤਰ ਨਹੀਂ ਸਗੋਂ ਚਚੇਰਾ ਭਾਈ ਬਣ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਪ੍ਰਾਚੀਨ ਕਾਲ ਵਿਚ ਇਕ ਸਮਾਂ ਅਜਿਹਾ ਸੀ ਜਦੋਂ ਮਨੁੱਖ ਬਾਨਰਾਂ ਨਾਲੋਂ ਭਿੰਨ ਹੋ ਗਿਆ ਅਤੇ ਮਨੁੱਖ ਅਤੇ ਨਰ ਬਾਂਦਰ ਦੋਵੇਂ ਹੀ ਸੁਤੰਤਰ ਤੌਰ ਤੇ ਵਿਕਾਸ ਕਰਦੇ ਰਹੇ। ਆਪਣੀ ਵਰਤਮਾਨ ਦਸ਼ਾ ਵਿਚ ਮਨੁੱਖ ਕ੍ਰੋਮੈਗਨਨ ਦੇ ਸਮੇਂ ਹੋਂਦ ਵਿਚ ਆਇਆ। ਇਹ ਅਨੁਮਾਨ ਲਾਇਆ

---

1. ਢਿੱਲੋਂ, ਸੁਰਜੀਤ ਸਿੰਘ (ਡਾ.), *ਮਨੁੱਖ ਅਤੇ ਮਨੁੱਖਤਾ ਦਾ ਵਿਕਾਸ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ 21.
2. ਮਨਮੋਹਨ ਸਿੰਘ (ਡਾ.), *ਭਾਰਤੀ ਧਰਮ ਤੇ ਨੈਤਿਕਤਾ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ 130.

ਜਾਂਦਾ ਹੈ ਕਿ ਕ੍ਰੋਮੈਗਨਨ 25, ●●● ਸਾਲ ਪਹਿਲੋਂ ਪੈਦਾ ਹੋਇਆ। ਕ੍ਰੋਮੈਗਨਨ ਮਾਨਵ ਨੂੰ ਇਸ ਦਾ ਇਹ ਨਾਂ ਇਸ ਲਈ ਦਿੱਤਾ ਜਾਂਦਾ ਹੈ ਕਿ ਇਹ ਫ੍ਰਾਂਸ ਵਿਚ ਇਸ ਨਾਂ ਦੀ ਗੁਫਾ ਵਿਚੋਂ ਮਿਲਿਆ ਸੀ। ਇਸ ਤਰ੍ਹਾਂ ਮਾਨਵ ਵਿਗਿਆਨੀ ਇਸ ਨੂੰ ਆਧੁਨਿਕ ਮਨੁੱਖ ਦਾ ਪੂਰਵਜ ਮੰਨਦੇ ਹਨ।"[3]

ਜਦੋਂ ਅਸੀਂ ਮਨੁੱਖ ਦੀ ਪੈਦਾਇਸ਼ ਨੂੰ ਗੁਰਬਾਣੀ ਦੇ ਪ੍ਰਸੰਗ ਵਿਚ ਵਾਚਣ ਦਾ ਯਤਨ ਕਰਦੇ ਹਾਂ ਤਾਂ ਸਾਨੂੰ ਮੌਜੂਦਾ ਵਿਗਿਆਨ ਦੀਆਂ ਸੀਮਾਵਾਂ ਤੋਂ ਕਾਫੀ ਅਗੇ ਤੱਕ ਸਮਝਣ ਦਾ ਰਾਹ ਪ੍ਰਾਪਤ ਹੁੰਦਾ ਹੈ। ਜਦੋਂ ਵਿਗਿਆਨ ਸ਼੍ਰਿਸ਼ਟੀ, ਪੈਦਾਇਸ਼ ਦੀ ਗਲ ਕਰਦਾ ਹੈ ਤਾਂ ਉਸ ਅਨੁਸਾਰ ਅਰੰਭ ਵਿਚ ਕੋਈ Matter ਸੀ। ਉਸ ਤੋਂ ਹਵਾ, ਪਾਣੀ ਅਤੇ ਜੀਵਨ ਵਿਕਸਤ ਹੋਇਆ ਪਰੰਤੂ ਗੁਰਬਾਣੀ ਵਿਗਿਆਨ ਦੇ ਦੱਸੇ ਹੋਏ ਅਣਦਿਸਦੇ Matter ਨੂੰ ਸਚ (ਪਰਮਾਤਮਾ) ਨਾਲ ਤੁਲਨਾ ਦਿੰਦੀ ਹੈ। ਗੁਰ ਫ਼ਰਮਾਨ ਹੈ:

> ਅਰਬਦ ਨਰਬਦ ਧੁੰਧੂਕਾਰਾ॥
> ਧਰਣਿ ਨ ਗਗਨਾ ਹੁਕਮੁ ਅਪਾਰਾ॥
> ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥[4]

ਭਾਵ ਕਿ ਸ਼੍ਰਿਸ਼ਟੀ ਦੀ ਹੋਂਦ ਤੋਂ ਪਹਿਲਾ ਸਿਰਫ ਤੇ ਸਿਰਫ ਇਕ ਪਰਮਾਤਮਾ ਆਪ ਹੀ ਸਮਾਧੀ ਸਥਿਤ ਸੀ ਤੇ ਫਿਰ ਉਸੇ ਪਰਮਾਤਮਾ ਦੇ ਮਨ ਵਿਚ ਇਹ ਸਾਖਿਅਤ ਸੰਸਾਰ ਦਾ ਫੁਰਨਾ ਪੈਦਾ ਹੋਇਆ ਅਤੇ ਉਸ ਨੇ ਇਸ ਸੰਸਾਰ ਦੀ ਰਚਨਾ ਕਰ ਦਿੱਤੀ। ਜਿਵੇਂ:

> ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
> ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥[5]

**ਸਾਰ** ਵਜੋਂ ਗੁਰਬਾਣੀ ਅਨੁਸਾਰ ਇਸ ਤਰ੍ਹਾਂ ਬਾਕੀ ਸ਼੍ਰਿਸ਼ਟੀ ਦੇ ਜੀਵਾਂ ਦੇ ਨਾਲ ਮਨੁੱਖ ਵੀ

---

3. ਰਹਿਲ, ਬਲਦੇਵ ਸਿੰਘ, (ਅਨੁ.), *ਸਮਾਜ ਵਿਗਿਆਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984, ਪੰਨਾ 29.
4. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1●35.
5. *ਉਹੀ*, ਪੰਨਾ 19.

ਪੈਂਦਾ ਹੋ ਜਾਂਦਾ ਹੈ। ਮਨੁੱਖ ਦੀ ਪੈਦਾਇਸ਼ ਤੋਂ ਬਾਅਦ ਜਿਵੇਂ-ਜਿਵੇਂ ਉਸ ਦੀ ਸੋਝੀ ਵਿਕਸਤ ਹੁੰਦੀ ਗਈ ਉਸ ਦੇ ਨਾਲ-ਨਾਲ ਹੀ ਮਨੁੱਖ ਨੂੰ ਆਪਣੇ ਚੌਗਿਰਦੇ ਬਾਰੇ ਵਾਕਫੀਅਤ ਹੋਣੀ ਸ਼ੁਰੂ ਹੋ ਗਈ। ਉਸ ਨੇ ਆਪਣੇ ਖਾਣ ਪੀਣ ਅਤੇ ਪਹਿਨਣ ਲਈ ਕਈ ਤਰ੍ਹਾਂ ਦੇ ਢੰਗ ਤਰੀਕੇ ਵਰਤਣੇ ਸ਼ੁਰੂ ਕਰ ਦਿੱਤੇ। ਹੁਣ ਮਨੁੱਖ ਆਪਣੀਆਂ ਲੋੜਾਂ ਪ੍ਰਤੀ ਜਾਗਰੂਕ ਹੋ ਚੁਕਿਆ ਸੀ ਪਰ ਉਹ ਇੱਕਲਾ ਕੁਝ ਵੀ ਕਰਨ ਲਈ ਸਮਰੱਥ ਨਹੀਂ ਸੀ। ਜਿਸ ਕਰਕੇ ਮਨੁੱਖ ਦੇ ਅੰਦਰ ਟੋਲਿਆਂ ਦੇ ਰੂਪ ਵਿਚ ਇਕੱਠੇ ਰਹਿਣ ਦੀ ਸੋਝੀ ਆਈ। ਮਨੁੱਖ ਦੀ ਜੈਵਿਕ ਰੁਚੀ ਨੇ ਉਸ ਦੇ ਅੰਦਰ ਸੰਤਾਨ ਪੈਦਾ ਕਰਨਾ ਅਤੇ ਆਉਣ ਵਾਲੇ ਸਮੇਂ ਨਾਲ ਆਪਣਾ ਸੰਪਰਕ ਕਾਇਮ ਰੱਖਣ ਦੀ ਰੁਚੀ ਪੈਦਾ ਹੋਈ ਇਸ ਦੇ ਨਾਲ ਵਿਆਹ ਵਰਗੀ ਸੰਸਥਾ ਪੈਦਾ ਹੋਈ। ਮਨੁੱਖ ਦੀ ਇਸੇ ਜਾਗਰੂਕਤਾ ਵਿਚੋਂ ਹੀ ਪਰਿਵਾਰ ਅਤੇ ਸਮਾਜ ਦੀ ਨੀਂਹ ਬੱਝਦੀ ਹੈ।

## (ਅ) ਪਰਿਵਾਰ

ਪਰਿਵਾਰ ਆਰੰਭ ਤੋਂ ਲੈ ਕੇ ਵਰਤਮਾਨ ਤੱਕ ਸਮਾਜ ਦੀ ਮੌਲਿਕ ਅਤੇ ਮੁੱਢਲੀ ਇਕਾਈ ਹੈ। ਕਿਉਂਕਿ ਪਰਿਵਾਰ ਰਾਹੀਂ ਹੀ ਮਨੁੱਖ ਦੀਆਂ ਮਨੋਵਿਗਿਆਨਿਕ, ਆਰਥਿਕ, ਸਮਾਜਿਕ, ਲੋੜਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਸਮੁੱਚੇ ਸੰਸਾਰ ਵਿਚਲੇ ਵੱਖ-ਵੱਖ ਸਮਾਜਾਂ ਤੇ ਹਰ ਸਮਾਜ ਵਿਚਲੇ ਵੱਖ-ਵੱਖ ਪਰਿਵਾਰਾਂ ਦੇ ਸੰਬੰਧਾਂ ਨੂੰ ਰਿਸ਼ਤੇ-ਨਾਤਿਆਂ ਦੀ ਅਟੁੱਟ ਲੜੀ ਵਿਚ ਪਰੋਈ ਰੱਖਣ ਲਈ ਵਿਆਹ ਇਕ ਮੁੱਢਲਾ ਅਤੇ ਅਹਿਮ ਕਾਰਜ ਹੈ। ਸਾਡੇ ਸਮਾਜ ਵਿਚ ਵਿਆਹ ਦੀ ਮਰਯਾਦਾ ਅਧੀਨ ਇਕ ਲੜਕੇ ਅਤੇ ਲੜਕੀ ਨੂੰ ਪੂਰਾ ਜੀਵਨ ਇੱਕਠੇ ਰਹਿਣ ਦੀ ਆਗਿਆ ਦਿੱਤੀ ਜਾਂਦੀ ਹੈ ਜਿਸ ਅਧੀਨ ਇਨ੍ਹਾਂ ਦੋਹਾਂ ਨੇ ਇਕ ਦੂਸਰੇ ਦੇ ਵਿਸ਼ਵਾਸ਼ਪਾਤਰ ਬਣ ਕੇ ਗ੍ਰਹਿਸਤ ਜੀਵਨ ਦੇ ਰਾਹ ਤੇ ਚੱਲਣਾ ਹੈ। ਸੰਤਾਨ ਦੀ ਉਪਜ, ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣਾ, ਆਪਣੇ ਧਰਮ, ਦੇਸ਼ ਦੀ ਤਰੱਕੀ ਵਿਚ ਬਣਦਾ ਹਿੱਸਾ ਪਾਉਣਾ ਹੈ।

ਅਸਲ ਵਿਚ ਵਿਆਹ ਨੂੰ ਸੰਸਾਰ ਦਾ ਮੁੱਢ ਕਹਿਣਾ ਬਣਦਾ ਹੈ ਕਿਉਂਕਿ ਸੰਤਾਨ ਦੀ ਉਪਜ ਦਾ ਮੁੱਢਲਾ ਸਾਧਨ ਵਿਆਹ ਹੀ ਹੈ। ਇਥੇ ਬੁੱਧ ਧਰਮ ਵਲੋਂ ਵਿਆਹ ਦੇ ਵਿਰੋਧ ਵਿਚ ਕੀਤੇ ਅਤੇ ਹਿੰਦੂ ਧਰਮ ਵੱਲੋਂ ਵਿਆਹ ਦੇ ਹਕ ਵਿਚ ਕੀਤੇ ਉਪਰਾਲੇ ਦਾ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ।

ਜਦੋਂ ਮਹਾਤਮਾ ਬੁੱਧ ਨੇ ਸੰਸਾਰ ਨੂੰ 'ਦੁੱਖ ਦਾ ਘਰ' ਕਿਹਾ ਤਾਂ ਸੰਸਾਰ ਵਿਚ ਵਿਚਰਦੇ ਹੋਏ ਲੋਕਾਂ ਨੇ ਵਿਆਹ ਵਰਗੀ ਪਵਿੱਤਰ ਸੰਸਥਾ ਨੂੰ ਵੀ ਦੁੱਖ ਰੂਪ ਮੰਨ ਕੇ ਵਿਸਾਰਨਾ ਸ਼ੁਰੂ ਕਰ ਦਿੱਤਾ। ਸਹਜੇ-ਸਹਜੇ ਨਤੀਜਾ ਇਹ ਨਿਕਲਣਾ ਸ਼ੁਰੂ ਹੋ ਗਿਆ ਕਿ ਸੰਤਾਨ ਦੀ ਪੈਦਾਇਸ਼ ਨ ਹੋਣ ਕਰਕੇ ਸੰਸਾਰ ਵਿਨਾਸ਼ ਦੇ ਕੰਢੇ ਤੇ ਜਾ ਖਲੋਤਾ ਅਜਿਹੀ ਦਿਸ਼ਾ ਵਿਚ ਹਿੰਦੂ ਧਰਮ ਵਲੋਂ ਪ੍ਰਸੰਸਾ ਯੋਗ ਕਦਮ ਉਠਾਏ ਗਏ। ਇਨ੍ਹਾਂ ਨੇ ਹਿੰਦੂ ਮੰਦਰਾਂ, ਗੁਫਾਵਾਂ ਆਦਿ ਵਿਚ ਔਰਤ ਅਤੇ ਮਰਦ ਦੀਆਂ ਅਜਿਹੀਆਂ ਕਲਾਕ੍ਰਿਤੀਆਂ ਚਿਤਰਣ ਕਰਵਾਈਆਂ ਜਿਨ੍ਹਾਂ ਨੂੰ ਵੇਖ ਕੇ ਲੋਕਾਈ ਵਿਚ ਵਿਆਹ ਪ੍ਰਤੀ ਆਕਰਸ਼ਣ ਮੁੜ ਪੈਦਾ ਹੋਣਾ ਸ਼ੁਰੂ ਹੋਇਆ।

ਉਪਰੋਕਤ ਅਨੁਸਾਰ ਸਿੱਖ ਧਰਮ ਵਿਚ ਵੀ ਵਿਆਹ ਸੰਸਥਾ ਨੂੰ ਪ੍ਰਮੁੱਖ ਅਤੇ ਅਹਿਮ ਸਥਾਨ ਦਿੱਤਾ ਗਿਆ। ਸਿਖ ਧਰਮ ਵਿਚ ਗੁਰੂ ਸਾਹਿਬਾਨ ਨੇ ਖੁਦ ਗ੍ਰਹਿਸਤ ਜੀਵਨ ਦੀ ਧਾਰਨਾ ਤੇ ਪਹਿਰਾ ਦਿੱਤਾ ਜਿਸਦੇ ਬਾਰੇ ਗੁਰੂ ਗ੍ਰੰਥ ਸਾਹਿਬ ਅਤੇ ਸਿਖ ਇਤਿਹਾਸ ਵਿਚ ਵਖ-ਵਖ ਹਵਾਲੇ ਵੀ ਮਿਲਦੇ ਹਨ। ਇਸ ਦੀ ਪ੍ਰੌੜ੍ਹ ਵਿਦਵਾਨ ਭਾਈ ਗੁਰਦਾਸ ਜੀ ਨੇ ਕਬਿੱਤ ਸਵੱਯੇ ਵਿਚ ਤਾਂ ਵਿਆਹ ਨੂੰ ਧਰਮ ਦਾ ਸ੍ਰੇਸ਼ਟ ਕਾਰਜ ਮੰਨਿਆ ਹੈ:

> ਗਿਆਨਨ ਮੈ ਗਿਆਨੁ ਅਰੁ ਧਿਆਨਨ ਮੈ ਧਿਆਨ ਗੁਰ,
> ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ॥ [6]

---

6. ਓਅੰਕਾਰ ਸਿੰਘ, *ਕਬਿੱਤ ਸਵੈਯੇ ਭਾਈ ਗੁਰਦਾਸ ਪਾਠ, ਤੁਕ-ਤਤਕਰਾ ਅਨੁਕ੍ਰਮਣਿਕਾ ਅਤੇ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993. ਕਬਿੱਤ ਸਵੈਯਾ 376, ਪੰਨਾ 96.

ਗੁਰੂ ਗ੍ਰੰਥ ਸਾਹਿਬ ਵਿਚ ਭਾਵੇਂ ਵਿਆਹ ਸੰਬੰਧੀ ਸਿੱਧੇ ਰੂਪ ਵਿਚ ਹਵਾਲੇ ਤਾਂ ਘੱਟ ਮਿਲਦੇ ਹਨ ਪ੍ਰੰਤੂ ਵਿਆਹ ਉਪਰੰਤ ਬਣੇ ਰਿਸ਼ਤਿਆਂ ਉਪਰ ਵਿਸਥਾਰਤ ਸਮਗਰੀ ਉਪਲੱਬਧ ਹੈ। ਜਿਵੇਂ ਧਨ-ਪਿਰ, ਪੁਤ-ਧੀ ਆਦਿ। ਸਿੱਖ ਰਹਿਤ ਮਰਯਾਦਾ ਤਿਆਰ ਕਰਨ ਸਮੇਂ ਸਾਡੇ ਸਤਿਕਾਰਤ ਗੁਰਸਿੱਖਾਂ ਅਤੇ ਵਿਦਵਾਨਾਂ ਨੂੰ ਵਿਆਹ ਸੰਸਕਾਰ ਨੂੰ ਮਰਯਾਦਾ ਦਾ ਇਕ ਅਟੁੱਟ ਅੰਗ ਬਣਾਇਆ ਹੈ। ਵਿਆਹ ਸੰਸਕਾਰ ਨੂੰ ਵਿਧੀਵਤ ਅਤੇ ਗੁਰਮਤ ਅਨੁਸਾਰ ਪੂਰੇ ਕਰਨ ਲਈ ਗੁਰੂ ਰਾਮਦਾਸ ਜੀ ਦੀਆਂ ਉਚਾਰਣ ਕੀਤੀਆਂ ਚਾਰ ਲਾਵਾਂ ਦੇ ਅਧਿਆਤਮਕ ਪ੍ਰਸੰਗ ਨੂੰ ਸਮਾਜਿਕ ਪੱਧਰ ਤੇ ਵੀ ਦਰਸਾਇਆ ਹੈ। ਵਿਆਹ ਨਾਂਲ ਸੰਬੰਧਤ ਵਿਸਤਰਿਤ ਜਾਣਕਾਰੀ ਸਿੱਖ ਰਹਿਤ ਮਰਯਾਦਾ ਦੇ ਪੰਨਾ 22 ਤੇ ਉਪਲਬੱਧ ਹੈ। ਹੁਣ ਅਸੀਂ ਅਜੋਕੇ ਵਿਦਵਾਨਾਂ ਦੇ ਵਿਆਹ ਸੰਬੰਧੀ ਵਿਚਾਰ ਨਿਮਨ ਅਨੁਸਾਰ ਦੇਣ ਦਾ ਯਤਨ ਕਰ ਰਹੇ ਹਾਂ।

ਸੈਮੂਅਲ ਕੋਇਨਿੰਗ ਅਨੁਸਾਰ, "ਵਿਆਹ ਇਕ ਸੰਬੰਧ ਜਾਂ ਰਿਸ਼ਤਾ ਹੈ।" [7]

ਸਵਿੰਦਰਜੀਤ ਕੌਰ ਦੇ ਸ਼ਬਦਾਂ ਵਿਚ, "ਵਿਆਹ ਇਕ ਸੰਸਥਾ ਹੈ ਜਿਹੜੀ ਕਿ ਇਸਤਰੀਆਂ ਅਤੇ ਆਦਮੀਆਂ ਦੇ ਪਰਿਵਾਰਕ ਜੀਵਨ ਦਾ ਮੁੱਢ ਬਣਦੀ ਹੈ।"[8]

ਡਾ. ਜੀ. ਐਸ. ਭਟਨਾਗਰ ਤੇ ਡਾ. ਬਲਦੇਵ ਸਿੰਘ ਰਹਿਲ ਅਨੁਸਾਰ, "ਵਿਆਹ ਇਕ ਅਜਿਹੀ ਸੰਸਥਾ ਹੈ ਜੋ ਕਿ ਪਰਿਵਾਰ ਦੀ ਨੀਂਹ ਰੱਖਦੀ ਹੈ। ਇਹ ਸੰਸਥਾ ਸੰਸਾਰ ਭਰ ਦੇ ਹਰ ਇਕ ਸਮਾਜ ਵਿਚ ਕਿਸੇ ਨਾ ਕਿਸੇ ਰੂਪ ਵਿਚ ਮਿਲਦੀ ਹੈ ਵਿਆਹ ਰਾਹੀਂ ਇਸਤਰੀ ਅਤੇ ਪੁਰਸ਼ ਇਕ ਸਥਾਈ ਅਤੇ ਪਵਿੱਤਰ ਬੰਧਨ ਦੀ ਸਥਾਪਨਾ ਕਰਦੇ ਹਨ ਅਤੇ ਉਨ੍ਹਾਂ ਨੂੰ ਲਿੰਗੀ ਸੰਬੰਧ ਰੱਖਣ ਅਤੇ ਬੱਚੇ ਪੈਦਾ ਕਰਨ ਦੀ ਸਮਾਜ ਵਲੋਂ ਸਵੀਕ੍ਰਿਤੀ ਦਿੱਤੀ ਜਾਂਦੀ ਹੈ।" [9]

---

7. ਰਹਿਲ, ਬਲਦੇਵ ਸਿੰਘ, (ਅਨੁ.), *ਸਮਾਜ ਵਿਗਿਆਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984, ਪੰਨਾ 128.
8. ਸਵਿੰਦਰਜੀਤ ਕੌਰ, *ਸਮਾਜ ਵਿਗਿਆਨ ਦੇ ਮੂਲ ਸੰਕਲਪ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 489.
9. ਭਟਨਾਗਰ, ਜੀ. ਐਸ. (ਡਾ.) ਅਤੇ ਰਹਿਲ, ਬਲਦੇਵ ਸਿੰਘ (ਡਾ.), *ਭਾਰਤੀ ਸਮਾਜ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 241.

David Crystal ਦੇ ਅਨੁਸਾਰ "In Anthropology the legitimate larg term Matting arrangement institutionalized in a community. If a union is called Marriage, this implies that husband and wife have corecognized claims over their partners often including Material claims – and it gives the children born of such a union a special preferential status." [10]

ਡਾ. ਨਰਿੰਦਰ ਪਾਲ ਸਿੰਘ ਅਨੁਸਾਰ, "ਵਿਆਹ ਪਰਿਵਾਰਕ ਇਕਾਈ ਨੂੰ ਸੰਗਠਿਤ ਕਰਦਾ ਹੈ। ਵਿਆਹ ਉਪਰੰਤ ਹੀ ਦੋ ਪਰਿਵਾਰਾਂ ਵਿਚਕਾਰ ਰਿਸ਼ਤਿਆਂ ਦਾ ਪ੍ਰਵਾਹ ਹੁੰਦਾ ਹੈ।" [11]

ਡਾ. ਕੁਲਵਿੰਦਰ ਕੋਰ ਛੀਨਾ ਅਨੁਸਾਰ, "ਵਿਆਹ ਇਕ ਅਜਿਹਾ ਬੰਧਨ ਹੈ, ਜਿਸ ਵਿਚ ਬੱਝ ਕੇ ਔਰਤ-ਮਰਦ ਦੋਵੇਂ ਹੱਕਾਂ ਦੇ ਨਾਲ-ਨਾਲ ਫਰਜ਼ਾਂ ਦੀ ਡੂੰਘਾਈ ਨੂੰ ਸਮਝਣ ਦੀ ਸ਼ੁਰੂਆਤ ਕਰਦੇ ਹਨ।"[12]

ਲੇਵੀ ਸਤਰਾਸ ਅਨੁਸਾਰ, "ਵਿਆਹ ਸਮੁੱਚੇ ਜੀਵਨ ਵਿਚ ਨਿਰੋਲ ਸਭਿਆਚਾਰਕ ਪੱਧਰ ਉਤੇ ਵਿਸੇਸ਼ ਬਣਤਰ ਅਨੁਰੂਪ ਨਵੀਨ ਰਿਸ਼ਤੇ ਸਿਰਜਣ ਦਾ ਬੁਨਿਆਦੀ ਮਾਧਿਅਮ ਹੈ।"[13]

ਉਪਰੋਕਤ ਹਵਾਲਿਆਂ ਤੋ ਸਪਸ਼ਟ ਹੋ ਜਾਂਦਾ ਹੈ ਕਿ ਵਿਆਹ ਜਿਥੇ ਦੋ ਪਰਿਵਾਰਾਂ ਦਾ ਮੇਲ ਹੈ ਉਥੇ ਇਕ ਨਵੇਂ ਪਰਿਵਾਰ ਦੀ ਸਿਰਜਣਾ ਵੀ ਹੈ। ਹੁਣ ਅਸੀਂ ਨਿਸਚੇ ਨਾਲ ਕਹਿ ਸਕਦੇ ਹਾਂ ਕਿ ਵਿਆਹ ਹੀ ਸੰਸਾਰ ਦਾ ਮੁਢ ਹੈ ਜਿਸ ਨਾਲ ਪਰਿਵਾਰ ਅਤੇ ਸਮਾਜ ਦੀ ਹੋਂਦ ਸਥਾਈ ਰੂਪ ਲੈਂਦੀ ਹੈ। ਜਿਵੇਂ ਅਸੀਂ ਉੱਪਰ ਜ਼ਿਕਰ ਕਰ ਆਏ ਹਾਂ ਕਿ ਪਰਿਵਾਰ ਸਮਾਜ ਦੀ ਮੌਲਿਕ ਤੇ ਮੁਢਲੀ ਇਕਾਈ ਹੈ

---

10. Crystal, David, *The Cambridge Encyclopaedia*, Printed in U.S.A., 1991. p.761.
11. ਨਰਿੰਦਰ ਪਾਲ ਸਿੰਘ (ਡਾ.), *ਲੋਕਯਾਨ: ਸਿਧਾਂਤ ਤੇ ਮੁੱਲਾਂਕਣ*, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2●●8, ਪੰਨਾ 92.
12. ਛੀਨਾ, ਕੁਲਵਿੰਦਰ ਕੌਰ (ਡਾ.), *ਪੰਜਾਬੀ ਲੋਕ ਗੀਤਾਂ ਵਿੱਚ ਰਿਸ਼ਤਾ-ਨਾਤਾ ਪ੍ਰਣਾਲੀ*, ਰਵੀ ਸਾਹਿਤ ਪ੍ਰਕਾਸ਼ਨ, ਸ੍ਰੀ ਅੰਮ੍ਰਿਤਸਰ, 2●●4, ਪੰਨਾ 2●.
13. ਲੇਵੀ, ਸਤਰਾਸ, (ਉਧਰਿਤ) ਜਸਵਿੰਦਰ ਸਿੰਘ (ਡਾ.), *ਸਭਿਆਚਾਰ ਅਤੇ ਕਿੱਸਾ-ਕਾਵਿ*, ਸੇਧ ਪ੍ਰਕਾਸ਼ਨ, ਪਟਿਆਲਾ, 1985, ਪੰਨਾ 143.

ਪਰ ਇਸ ਦੇ ਨਾਲ-ਨਾਲ ਪਰਿਵਾਰ ਕੇਵਲ ਬੱਚੇ ਦਾ ਪਾਲਣ ਪੋਸ਼ਣ, ਪੜ੍ਹਾਈ ਲਿਖਾਈ, ਵਿਆਹ ਆਦਿ ਦੇ ਕਾਰਜ ਹੀ ਨਹੀਂ ਕਰਦੇ ਸਗੋਂ ਉਸਨੂੰ ਚੰਗਾ ਨਾਗਰਿਕ ਬਣਾਉਣ ਵਿਚ ਸੱਭ ਤੋਂ ਵੱਡਾ ਰੋਲ ਅਦਾ ਕਰਦਾ ਹੈ। ਡਾ. ਗੁਰਮੀਤ ਸਿੱਧੂ ਅਨੁਸਾਰ, "ਪਰਿਵਾਰ ਮਨੁੱਖੀ ਸਮਾਜ ਦੀ ਨਰਸਰੀ ਹੈ। ਇਹ ਸਮਾਜ ਦੀ ਇਕ ਬੁਨਿਆਦੀ ਸੰਸਥਾ ਹੈ। ਪਰਿਵਾਰ ਨੂੰ ਸਮਾਜਿਕ ਸੰਸਥਾਵਾਂ ਦਾ ਇਕ ਪ੍ਰਬੰਧ ਵੀ ਆਖਿਆ ਜਾਂਦਾ ਹੈ। ਪਰਿਵਾਰ ਨਾਲ ਵਿਆਹ, ਰਿਸ਼ਤੇਦਾਰੀ, ਆਰਥਿਕਤਾ, ਸਿੱਖਿਆ, ਧਰਮ ਅਤੇ ਰਾਜਨੀਕ ਸੰਸਥਾਵਾਂ ਦਾ ਗੂੜ੍ਹਾ ਸੰਬੰਧ ਹੈ। ਇਸ ਕਰਕੇ ਪਰਿਵਾਰ ਨੂੰ ਸਮਾਜ ਦੀ ਨੀਂਹ ਵੀ ਕਿਹਾ ਜਾਂਦਾ ਹੈ।" [14]

ਮੈਕਾਈਵਰ ਅਤੇ ਪੇਜ (Maclver and Page) ਅਨੁਸਾਰ, "ਸਮਾਜ ਵਿਚ ਪਰਿਵਾਰ ਹੀ ਸਭ ਤੋਂ ਜ਼ਿਆਦਾ ਮਹੱਤਵਪੂਰਨ ਪ੍ਰਾਥਮਿਕ ਸਮੂਹ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਉਹ ਘੱਟ ਜਾਂ ਵੱਧ ਆਤਮ ਨਿਰਭਰ ਇਕਾਈ ਦੇ ਪ੍ਰਧਾਨ ਰੂਪ ਵਿਚ ਮੂਲ ਸੰਵਿਦਾਤਮਕ ਦਲਾਂ ਨਿਊਨਤਮ ਕਿਸਮ ਦੇ ਨਿਸ਼ਚਿਤ ਅਤੇ ਸੀਮਿਤ ਸੰਗਠਨਾਂ ਵਿਚੋਂ ਰੂਪਾਂਤਰਿਤ ਹੋਇਆ ਹੈ।" [15]

ਮਨੁੱਖ ਚਾਹੇ ਜਿੰਨਾਂ ਵੀ ਬਾਹਰੋਂ ਸੁੱਖ ਪ੍ਰਾਪਤ ਕਰਨ ਦੀ ਕੋਸ਼ਿਸ਼ ਕਿਉਂ ਨਾ ਕਰੇ ਪਰ ਪਰਿਵਾਰ ਵਰਗਾ, ਸਨੇਹ ਅਤੇ ਸੁੱਖ ਕਿਤੋਂ ਹੋਰ ਨਹੀਂ ਪ੍ਰਾਪਤ ਕੀਤਾ ਜਾ ਸਕਦਾ। ਇਸ ਤਰ੍ਹਾਂ ਅਸੀ ਆਖ ਸਕਦੇ ਹਾਂ ਕਿ ਪਰਿਵਾਰ ਮਨੁੱਖੀ ਸਮਾਜ ਦੀ ਮਹੱਤਵਪੂਰਨ ਇਕਾਈ ਹੈ।

ਭਾਈ ਕਾਨ੍ਹ ਸਿੰਘ ਨਾਭਾ, "ਪਰਿਵਾਰ ਦੇ ਅਰਥ, ਚਾਰੇ ਪਾਸਿਓ ਘੇਰਨ ਵਾਲਾ, ਪੜ੍ਹਦਾ ਆਵਰਣ, ਮਯਾਨ, ਕਿਸੇ ਪੁਰਸ਼ ਨੂੰ ਘੇਰਨ ਵਾਲੇ ਸੰਬੰਧੀ ਕੁਟੰਬ, ਰਾਜ ਦੇ ਆਸਪਾਸ ਰਹਿਣ ਵਾਲੇ ਨੌਕਰ ਚਾਕਰ, ਚੰਦਰਮਾ ਸੂਰਜ ਦਾ ਪਰਿਵੇਸ਼ ਕਰਦੇ ਹਨ।" [16]

---

14. ਸਿੱਧੂ, ਗੁਰਮੀਤ ਸਿੰਘ (ਡਾ.), *ਭਾਰਤੀ ਸਮਾਜ ਦੇ ਮੂਲ ਅਧਾਰ*, ਅਦਬ ਪ੍ਰਕਾਸ਼ਨ, ਪਟਿਆਲਾ, 1999, ਪੰਨਾ 56।.
15. ਸਵਿੰਦਰਜੀਤ ਕੌਰ, (ਅਨੁ.), *ਸਮਾਜ: ਇਕ ਪ੍ਰਾਰੰਭਿਕ ਵਿਸ਼ਲੇਸ਼ਣ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1979, ਪੰਨਾ 375.
16. ਕਾਨ੍ਹ ਸਿੰਘ ਨਾਭਾ (ਭਾਈ), *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 196●, ਪੰਨਾ 753.

ਸਵਿੰਦਰਜੀਤ ਕੌਰ ਅਨੁਸਾਰ, "ਪਰਿਵਾਰ ਦਾ ਅਰਥ ਪਤੀ, ਪਤਨੀ ਤੇ ਉਨ੍ਹਾਂ ਦੇ ਬੱਚਿਆਂ ਤੋਂ ਹੈ ਪਰ ਸਮਾਜ ਵਿਗਿਆਨ ਵਿਚ ਇਸ ਦਾ ਭਾਵ ਕੇਵਲ ਲੋਕਾਂ ਦਾ ਸੰਗ੍ਰਹਿ ਹੀ ਨਹੀਂ, ਸਗੋਂ ਉਨ੍ਹਾਂ ਦੇ ਆਪਸੀ ਸੰਬੰਧਾਂ ਦੀ ਵਿਵਸਥਾ ਹੈ ਅਤੇ ਇਸ ਦਾ (ਪਰਿਵਾਰ ਦਾ) ਮੁੱਖ ਉਦੇਸ਼ ਸੰਤਾਨ ਪੈਦਾ ਕਰਨਾ, ਬੱਚਿਆਂ ਦਾ ਪਾਲਣ ਪੋਸ਼ਣ ਸਮਾਜੀਕਰਣ ਅਤੇ ਲਿੰਗਿਕ ਇੱਛਾਵਾਂ ਦੀ ਪੂਰਤੀ ਕਰਨਾ ਹੈ।" [17]

ਡਾ. ਕੁਲਵਿੰਦਰ ਕੌਰ ਛੀਨਾ ਅਨੁਸਾਰ, "ਪਰਿਵਾਰ ਮਨੁੱਖੀ ਰਿਸ਼ਤਿਆਂ ਦੀ ਅਜਿਹੀ ਮੂਲ ਇਕਾਈ ਤੋਂ ਲਏ ਜਾਂਦੇ ਹਨ, ਜਿਸ ਵਿਚ ਕੁਝ ਵਿਅਕਤੀ ਸਮਾਜਿਕ ਪ੍ਰਤਿਮਾਨਾਂ ਅਨੁਸਾਰ ਇਕੱਠਾ ਜੀਵਨ ਜਿਉਣ ਲਈ ਸਭਿਆਚਾਰਕ ਤੌਰ ਤੇ ਪ੍ਰਵਾਨਿਤ ਹੁੰਦੇ ਹਨ।" [18]

"ਮਨੁੱਖੀ ਪਰਿਵਾਰ ਨੂੰ ਇਕ ਜੀਵਕ ਸਮਾਜਿਕ ਅਤੇ ਸੰਸਾਥਪਕ ਗਰੁੱਪ ਦੇ ਤੌਰ ਤੇ ਪਰਿਭਾਸ਼ਤ ਕੀਤਾ ਜਾ ਸਕਦਾ ਹੈ ਜਿਹੜਾ ਕਿ ਬਾਲਗ ਜੀਵਾਂ, ਜਿਨ੍ਹਾਂ ਦਾ ਕੋਈ ਖ਼ੂਨੀ ਰਿਸ਼ਤਾ ਨਹੀਂ ਹੁੰਦਾ ਅਤੇ ਜੋ ਵਿਰੋਧੀ ਲਿੰਗ ਦੇ ਹੁੰਦੇ ਹਨ ਅਤੇ ਜੋ ਸ਼ਾਦੀ ਸ਼ੁਦਾ ਹੁੰਦੇ ਹਨ, ਨਾਲ ਬੁਣਿਆ ਹੁੰਦਾ ਹੈ।"[19]

ਮੌਜੁਮਦਾਰ (Majumdar) ਦੇ ਸ਼ਬਦਾ ਵਿਚ, "ਪਰਿਵਾਰ ਅਜਿਹੇ ਵਿਅਕਤੀਆਂ ਦਾ ਸਮੂਹ ਹੈ ਜੋ ਕਿ ਇਕ ਛੱਤ ਹੇਠਾਂ ਰਹਿੰਦੇ ਹਨ, ਰਕਤ ਨਾਲ ਸੰਬੰਧਿਤ ਜਾਂ ਗੋਦ ਲਏ ਜਾਣ ਕਾਰਨ ਸੰਬੰਧਿਤ ਅਤੇ ਸਥਾਨ ਸਵਾਰਥ ਅਰਥਾਤ ਪਰਸਪਰ ਲੈਣ ਦੇਣ ਦੇ ਆਧਾਰ ਉਤੇ ਕਿਸਮ ਦੀ ਚੇਤੰਨਤਾ ਅਨੁਭਵ ਕਰਦੇ ਹਨ।" [20]

---

17. ਸਵਿੰਦਰਜੀਤ ਕੌਰ, *ਸਮਾਜ ਵਿਗਿਆਨ ਨਾਲ ਜਾਣ-ਪਛਾਣ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨੇ 179-180.
18. ਛੀਨਾ, ਕੁਲਵਿੰਦਰ ਕੌਰ (ਡਾ.), *ਪੰਜਾਬੀ ਲੋਕ ਗੀਤਾਂ ਵਿੱਚ ਰਿਸ਼ਤਾ-ਨਾਤਾ ਪ੍ਰਣਾਲੀ*, ਰਵੀ ਸਾਹਿਤ ਪ੍ਰਕਾਸ਼ਨ, ਸ੍ਰੀ ਅੰਮ੍ਰਿਤਸਰ, 2004, ਪੰਨਾ 15.
19. Julius Gould, William L. Kolb, *A Dictionary of the Social Sciences*, Prined in the United States of America, 1969, p.257.
20. ਮੌਜੁਮਦਾਰ, (ਉਧਰਿਤ) ਸਵਿੰਦਰਜੀਤ ਕੌਰ, *ਸਮਾਜ ਵਿਗਿਆਨ ਦੇ ਮੂਲ ਸੰਕਲਪ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 436.

ਡਾ. ਰਾਮ ਨਾਥ ਸ਼ਰਮਾ ਦੇ ਵਿਚਾਰ ਅਨੁਸਾਰ "ਪਰਿਵਾਰ ਸਮੂਹ ਦੀ ਇਕ ਮੂਲ ਇਕਾਈ ਹੈ।"[21]

"ਇਕ ਅਜਿਹੇ ਲੋਕਾਂ ਦਾ ਗਰੁੱਪ ਹੈ ਜਿਹੜੇ ਕਿ ਆਪਸੀ ਸੰਬੰਧਾਂ ਜਾਂ ਬਹੁਤ ਨਜ਼ਦੀਕੀ ਕਾਰਨਾਂ ਕਰਕੇ ਜੁੜੇ ਹੁੰਦੇ ਹਨ ਅਤੇ ਜਿਸ ਵਿਚ ਬਾਲਗ ਵਿਅਕਤੀ ਆਪਣੇ ਪੈਦਾ ਕੀਤੇ ਹੋਏ ਜਾਂ ਗੋਦ ਲਏ ਬੱਚਿਆਂ ਨੂੰ ਪਾਲਣ ਦੀ ਜ਼ਿੰਮੇਵਾਰੀ ਲੈਂਦੇ ਹਨ।"[22]

ਐਸ.ਐਸ. ਅਮੋਲ ਅਨੁਸਾਰ, "ਭਾਰਤ ਦੇ ਸੰਬੰਧ ਵਿਚ ਪਰਿਵਾਰ ਦਾ ਭਾਵ ਸਦਾ ਹੀ ਸਾਂਝਾ ਪਰਿਵਾਰ ਹੀ ਲਿਆ ਜਾਂਦਾ ਹੈ। ਜਿੱਥੇ ਪੀੜ੍ਹੀਆਂ ਤੋਂ ਇਕ ਟੱਬਰ, ਇਕੋ ਮਾਂ ਪਿਓ ਦੀ ਸੰਤਾਨ, ਇਕੋ ਛੱਤ ਥੱਲੇ ਰਹਿੰਦੀ ਹੈ ਅਤੇ ਆਪਣੇ ਟੱਬਰ ਦੀ ਸਾਂਝੀ ਜਾਇਦਾਦ ਜਾਂ ਕਮਾਈ ਉੱਤੇ ਝੱਟ ਲੰਘਾਉਂਦੀ ਹੈ। ਉਥੇ ਹੀ ਉਨ੍ਹਾਂ ਦੀਆਂ ਪਤਨੀਆਂ ਅਤੇ ਉਨ੍ਹਾਂ ਦੇ ਮਾਪੇ ਰਹਿੰਦੇ ਹਨ।"[23]

ਪਤੀ ਪਤਨੀ ਦਾ ਰਿਸ਼ਤਾ ਹੀ ਪਰਿਵਾਰ ਦਾ ਮੁੱਢ ਮੰਨਿਆ ਗਿਆ ਹੈ ਕਿਉਂਕਿ ਸਮਾਜ ਨੂੰ ਇਕ ਸੂਤਰ ਬੰਨ ਕੇ ਅਗਾਂਹ ਵਧੂ ਵਿਚਾਰ ਅਧੀਨ ਤੋਰੀ ਰੱਖਦੇ ਹਨ। ਕਰਨੈਲ ਸਿੰਘ ਥਿੰਦ, "ਰਿਸ਼ਤਾ ਨਾਤਾ ਪ੍ਰਬੰਧ ਦੀ ਨਿਰੰਤਰ ਗਤੀ ਸਾਕਾ ਸੰਬੰਧਾਂ ਦੇ ਪ੍ਰਣਾਲੀ ਬੱਧ ਵਿਧਾਨ ਵਿਚ ਬੱਝ ਜਾਂਦੀ ਹੈ। ਮਨੁੱਖੀ ਸਮਾਜ ਵਿਚ ਇਸਤਰੀਆਂ ਦਾ ਆਦਾਨ ਪ੍ਰਦਾਨ ਇਸੇ ਵਿਧਾਨ ਦੇ ਮੁਤਾਬਿਕ ਹੁੰਦਾ ਹੈ। ਮਾਨਵ ਜੀਵਨ ਵਿਚ ਪਰਿਵਾਰ ਬੰਧਨ ਭਿੰਨ-ਭਿੰਨ ਪਰਿਵਾਰਾਂ ਵਿਚ ਪਰਸਪਰ ਹੁੰਦਾ ਹੈ।"[24]

ਇਸੇ ਸੰਬੰਧ ਵਿਚ ਇਕ ਉਦਾਹਰਣ ਇਸ ਪ੍ਰਕਾਰ ਹੈ, "ਪਰਿਵਾਰ ਦੇ ਅਰਥ ਆਮ ਕਰਕੇ ਮਨੁੱਖੀ ਰਿਸ਼ਤਿਆਂ ਦੀ ਮੂਲ ਇਕਾਈ ਤੋਂ ਹੀ ਲਏ ਜਾਂਦੇ ਹਨ। ਜਿਸ ਵਿਚ ਕੁੱਝ ਵਿਅਕਤੀ ਸਮਾਜ ਪ੍ਰਤਿਮਾਨਾਂ

---

21. ਸ਼ਰਮਾ, ਰਾਮਨਾਥ (ਡਾ.) ਅਤੇ ਸ਼ਰਮਾ, ਰਾਜਿੰਦਰ ਕੁਮਾਰ (ਡਾ.), *ਸਮਾਜ ਸ਼ਾਸ਼ਤਰ ਕੇ ਸਿਧਾਂਤ*, ਅਟਲਾਂਟਿਕ ਪਲੀਕੇਸ਼ਨ, ਦਿੱਲੀ, 2001, ਪੰਨਾ 234.
22. Jary, David and jary, Julia, *Dictionary of Sociology*, Harper Collins publishers. 1991, p.219.
23. ਅਮੋਲ, ਐਸ. ਐਸ., *ਭਾਰਤੀ ਸਮਾਜਕ ਸੰਸਥਾਵਾਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ 97.
24. ਥਿੰਦ, ਕਰਨੈਲ ਸਿੰਘ, *ਲੋਕਯਾਨ ਅਤੇ ਮੱਧ ਕਾਲੀਨ ਪੰਜਾਬੀ ਸਾਹਿਤ*, ਰਵੀ ਸਾਹਿਤ ਪ੍ਰਕਾਸ਼ਨ, ਸ੍ਰੀ ਅੰਮ੍ਰਿਤਸਰ, 1973, ਪੰਨਾ 114.

ਅਨੁਸਾਰ ਇਕੱਠਾ ਜੀਵਨ ਜਿਉਣ ਲਈ ਸਭਿਆਚਾਰਕ ਤੌਰ ਤੇ ਪ੍ਰਵਾਨਿਤ ਹੁੰਦੇ ਹਨ।"[25]

ਡਾ. ਮਨਮੋਹਨ ਸਹਿਗਲ ਅਨੁਸਾਰ, "ਗ੍ਰਹਿਸਥੀ ਆਸ਼ਰਮ ਵਿਚ ਦਾਖਲ ਹੋਣ ਵਾਲੇ ਇਸ਼ਤਰੀ-ਪੁਰਸ਼ ਦੇ ਆਪਸੀ ਸੰਜੋਗ ਰਾਹੀਂ ਪੈਦਾ ਹੋਈ ਔਲਾਦ ਸਹਿਤ ਇਕ ਪਰਵਾਰ ਅਖਵਾਉਂਦੇ ਹਨ।" [26]

ਬਰਜਸ ਅਤੇ ਲਾਕੇ (Burges and Locke ) ਦੇ ਅਨੁਸਾਰ, "ਪਰਿਵਾਰ, ਵਿਆਹ, ਖ਼ੂਨ ਦੇ ਜਾਂ ਮੁਤਬੰਨਿਆਂ ਦੇ ਸੰਬੰਧਾਂ ਨਾਲ ਜੁੜਿਆ ਹੋਇਆ ਵਿਅਕਤੀਆਂ ਦਾ ਸਮੂਹ ਹੈ। ਜਿਸ ਵਿਚ ਇਕ ਘਰ ਵਿਚ ਪਤੀ-ਪਤਨੀ, ਮਾਤਾ-ਪਿਤਾ, ਲੜਕੇ-ਲੜਕੀਆਂ ਅਤੇ ਭੈਣ-ਭਰਾ ਆਪਣੇ-ਆਪਣੇ ਸਮਾਜਿਕ ਕਾਰਜਾਂ ਵਿਚ ਇਕ ਦੂਸਰੇ ਨਾਲ ਅੰਤਰ ਕਾਰਜ ਅਤੇ ਅੰਤਰ ਸੰਚਾਰ ਕਰਦੇ ਹਨ ਤੇ ਇਸ ਸਾਂਝੇ ਮੇਲ ਜੋਲ ਨਾਲ ਸਾਂਝੇ ਸਭਿਆਚਾਰ ਨੂੰ ਸਿਰਜਦੇ ਅਤੇ ਉਸ ਦੀ ਰੱਖਿਆ ਕਰਦੇ ਹਨ।" [27]

ਏਂਗਲਜ ਪਰਿਵਾਰਕ ਸੰਬੰਧਾਂ ਦੀ ਸਾਰਥਿਕਤਾ ਨੂੰ ਪਰਿਭਾਸ਼ਤ ਕਰਦਿਆਂ ਕਹਿੰਦਾ ਹੈ ਕਿ, "ਪਿਉ-ਪੁੱਤਰ ਤੇ ਭਰਾ ਅਤੇ ਭੈਣ ਦੇ ਪਦ ਐਂਵੇ ਰਸਮੀ ਨਹੀਂ ਸਗੋਂ ਇਨ੍ਹਾਂ ਦੇ ਨਾਲ ਉਨੇ ਹੀ ਨਿਸ਼ਚਿਤ ਗੰਭੀਰ ਪਰਸਪਰ ਫਰਜ਼ ਸੰਬੰਧਿਤ ਹਨ, ਜਿਨ੍ਹਾਂ ਦੀ ਸਮੁੱਚਤਾ ਇਨ੍ਹਾਂ ਲੋਕਾਂ ਦੇ ਸਮਾਜੀ ਵਿਧਾਨ ਦਾ ਇਕ ਜ਼ਰੂਰੀ ਹਿੱਸਾ ਹੁੰਦੀ ਹੈ।" [28]

ਐਸ. ਸੀ. ਦੂਬੇ ਅਨੁਸਾਰ, "ਇਹ ਇਕ ਸਰਬ ਵਿਆਪਕ ਪੱਕੀ ਤੇ ਵਿਆਪਕ ਰੂਪ ਵਿਚ

---

25. ਜਸਵਿੰਦਰ ਸਿੰਘ (ਡਾ.), *ਸਭਿਆਚਾਰ ਅਤੇ ਕਿੱਸਾ-ਕਾਵਿ*, ਸੇਧ ਪ੍ਰਕਾਸ਼ਨ, ਪਟਿਆਲਾ, 1985, ਪੰਨਾ 142.
26. ਸਹਿਗਲ, ਮਨਮੋਹਨ (ਡਾ.), *ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1987, ਪੰਨਾ 599.
27. ਬਰਜਸ ਅਤੇ ਲਾਕੇ, (ਉਧਰਿਤ) ਸਵਿੰਦਰਜੀਤ ਕੌਰ, (ਅਨੁ.) *ਸਮਾਜ ਵਿਗਿਆਨ ਨਾਲ ਜਾਣ-ਪਛਾਣ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨਾ 18੦.
28. ਏਂਗਲਜ਼, *ਟੱਬਰ ਨਿੱਜੀ ਜਾਇਦਾਦ ਅਤੇ ਰਾਜ ਦਾ ਮੁੱਢ*, ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, 2੦1੦, ਪੰਨਾ 36.

ਛਾ ਜਾਣ ਵਾਲੀ ਅਜਿਹੀ ਸੰਸਥਾ ਵੱਲ ਸੰਕੇਤ ਕਰਦਾ ਹੈ ਜਿਸ ਦੀਆਂ ਖਾਸੀਅਤ ਸਮਾਜਿਕ ਤੌਰ ਤੇ ਪ੍ਰਵਾਨ ਕੀਤੀ ਗਈ ਲਿੰਗਕ ਪਹੁੰਚ ਤੇ ਸੰਤਾਨ ਦੀ ਉਤਪਤੀ ਸਾਂਝਾ ਘਰ, ਘਰੇਲੂ ਸੇਵਾਵਾਂ ਤੇ ਆਰਥਿਕ ਮਿਲਵਰਤਣ ਹਨ।" [29]

ਡਾ. ਮਨਮੋਹਨ ਸਹਿਗਲ ਅਨੁਸਾਰ, "ਪਰਿਵਾਰ ਦਾ ਅਸਲੀ ਅਧਾਰ ਗ੍ਰਹਿਸਥ ਆਸਰਾ ਹੈ। ਸੱਚ ਤਾਂ ਇਹ ਹੈ ਕਿ ਪਰਿਵਾਰ ਹੀ ਕਿਉਂ, ਸਾਰਾ ਸਮਾਜ ਹੀ ਗ੍ਰਹਿਸਥ ਆਸ਼ਰਮ ਉਤੇ ਨਿਰਭਰ ਹੈ, ਪਰਵਾਰ ਆਪਣੇ ਅਸਲੀ ਰੂਪ ਵਿਚ ਦੂਜੇ ਤਿੰਨਾਂ ਆਸ਼ਰਮਾਂ ਦੀ ਪਾਲਣਾ ਕਰਨ ਵਾਲਾ ਅਤੇ ਸ਼ਾਸ਼ਤਰੀ ਨਜ਼ਰੀਏ ਤੋਂ ਕਰਜੇ ਤੋਂ ਮੁਕਤ ਹੋਣ ਵਿਚ ਸਹਾਇਕ ਸਿੱਧ ਹੁੰਦਾ ਹੈ। ਸੰਤਾਂ ਨੇ ਇਸ ਲਈ ਆਮ ਤੌਰ ਤੇ ਪਰਵਾਰ ਅਤੇ ਗ੍ਰਹਿਸਥ ਆਸ਼ਰਮ ਦੀ ਸ਼ਲਾਘਾ ਕਰਦੇ ਹੋਏ ਪੁੱਤਰ ਧੀ ਦੀ ਸੰਗਤ ਵਿਚ ਰਹਿ ਕੇ ਧਰਮ ਅਰਥ, ਕਾਮ ਅਤੇ ਮੁਕਤੀ ਦਾ ਕਲਪਨਾ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹੋ ਅਵਾਜ ਮੁੱਖ ਹੈ।" [3●]

## ਸਿੱਟਾ

ਉਪਰੋਕਤ ਪਰਿਭਾਸ਼ਾਂ ਦੇ ਫਲਸਰੂਪ ਇਹ ਕਿਹਾ ਜਾ ਸਕਦਾ ਹੈ ਕਿ ਪਰਿਵਾਰ ਇਕ ਅਜਿਹੀ ਸੰਸਥਾ ਹੈ ਜਿਸ ਵਿਚ ਇਸਤਰੀ ਅਤੇ ਪੁਰਸ਼ ਸੰਬੰਧਾਂ ਨੂੰ ਸਮਾਜ ਵਲੋਂ ਮਾਨਤਾ ਪ੍ਰਾਪਤ ਹੁੰਦੀ ਹੈ। ਬੱਚੇ ਦਾ ਪਾਲਣ ਪੋਸ਼ਣ ਕਰਨਾ ਅਤੇ ਸਮਾਜ ਦਾ ਯੋਗ ਨਾਗਰਿਕ ਬਣਾਉਣਾ ਪਰਿਵਾਰ ਦਾ ਮੌਲਿਕ ਕਰਤੱਵ ਹੈ। ਪਰਿਵਾਰ ਦਾ ਅਧਾਰ ਮਨੁੱਖ ਦੀਆਂ ਆਰਥਿਕ, ਮਾਨਸਿਕ ਅਤੇ ਸਮਾਜਿਕ ਜਰੂਰਤਾਂ ਹਨ। ਪਰਿਵਾਰ ਰਾਹੀਂ ਹੀ ਇਕ ਪੀੜੀ ਆਪਣੀ ਜ਼ਿੰਮੇਵਾਰੀਆਂ ਨਵੀਂ ਆਉਣ ਵਾਲੀ ਪੀੜ੍ਹੀ ਨੂੰ ਸੰਭਾਲਦੀ ਹੈ।

---

29. ਅਰਸ਼ੀ, ਗੁਰਚਰਨ ਸਿੰਘ (ਡਾ.) (ਅਨੁ.), *ਭਾਰਤੀ ਸਮਾਜ*, ਨੈਸ਼ਨਲ ਬੁੱਕ ਟਰੱਸਟ, ਇੰਡੀਆ,199●, ਪੰਨਾ 63.
30. ਸਹਿਗਲ, ਮਨਮੋਹਨ (ਡਾ.), *ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1987, ਪੰਨਾ 6●●.

## (ੲ) ਸਮਾਜ

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਸਮਾਜ ਵਿਚ ਵਿਚਰਦਿਆਂ ਉਹ ਆਪਣੇ ਆਲੇ-ਦੁਆਲੇ ਅਜਿਹੇ ਰਿਸ਼ਤਿਆਂ ਦਾ ਤਾਣਾ-ਬਾਣਾ ਸਿਰਜਦਾ ਹੈ ਜਿਸ ਰਾਹੀਂ ਉਹ ਸਮਾਜਿਕ ਪ੍ਰਾਣੀਆਂ ਦੀ ਅਤੇ ਆਪਣੀਆਂ ਵਿਅਕਤੀਗਤ ਲੋੜਾਂ ਪੂਰੀਆਂ ਕਰਦਾ ਹੈ। ਪਿਆਰ ਸਿੰਘ ਅਨੁਸਾਰ, "ਮਨੁੱਖ ਦਾ ਆਚਾਰ ਬਣਾਉਣ ਵਿਚ ਸਮਾਜ ਦਾ ਬਹੁਤ ਸਾਰਾ ਹਿੱਸਾ ਹੈ। ਇਸ ਲਈ ਸਤਿਗੁਰਾਂ ਨੇ ਸਤਸੰਗਤ (ਭਲੇ ਪੁਰਖਾਂ ਦਾ ਇੱਕਠ ਜੋ ਸੱਚ ਨੂੰ ਕਮਾ ਰਿਹਾ ਹੈ) ਦੀ ਬਹੁਤ ਵਡਿਆਈ ਕੀਤੀ ਹੈ। ਮਨੁੱਖ ਇਕ ਟੋਲਿਆਂ ਵਿਚ ਰਹਿਣ ਵਾਲਾ ਜੀਵ ਹੈ ਤੇ ਉਸ ਦੇ ਅੰਦਰ ਕੁਦਰਤੀ ਇੱਛਾ ਨਾ ਕੇਵਲ ਟੋਲੇ ਵਿਚ ਰਹਿਣ ਦੀ ਹੁੰਦੀ ਹੈ ਸਗੋ ਟੋਲੇ ਦਾ ਹੋਣ ਦੀ।"[31]

ਸਮਾਜ ਵਿਚ ਰਹਿੰਦਿਆਂ ਮਨੁੱਖ ਆਪਣਾ ਵਿਕਾਸ ਹੀ ਨਹੀਂ ਸਗੋਂ ਦੂਜਿਆਂ ਨਾਲ ਨੇੜ੍ਹਤਾ ਦੇ ਸੰਬੰਧ ਜੋੜਦਾ ਹੈ ਜਿਸ ਨੂੰ ਅਸੀਂ ਸਮਾਜਿਕ ਸੰਬੰਧ ਕਹਿ ਸਕਦੇ ਹਾਂ। ਜਿਥੇ ਮਨੁੱਖ ਨੇ ਇਕ ਦੂਜੇ ਨਾਲ ਸਮਾਜਿਕ ਸੰਬੰਧ ਕਾਇਮ ਕਰਕੇ ਸਮਾਜ ਦੇ ਨਿਰਮਾਣ ਅਤੇ ਵਿਕਾਸ ਵਿਚ ਸਹਾਇਤਾ ਪ੍ਰਦਾਨ ਕੀਤੀ, ਉਥੇ ਸਮਾਜ ਨੇ ਮਨੁੱਖ ਦਾ ਸਮਾਜੀਕਰਣ ਕਰਕੇ ਉਸ ਦੀ ਸ਼ਖ਼ਸੀਅਤ ਦੇ ਵਿਕਾਸ ਵਿਚ ਯੋਗਦਾਨ ਦਿੱਤਾ ਹੈ। ਸਾਧਾਰਨ ਤੌਰ ਤੇ ਅਸੀ ਕਹਿ ਸਕਦੇ ਹਾਂ ਕਿ ਸਮਾਜ ਮਨੁੱਖਾਂ ਦਾ ਇੱਕਠ ਹੈ। ਮਨੁੱਖ ਸਮਾਜ ਵਿਚ ਰਹਿ ਕੇ ਸੰਤੁਸ਼ਟ ਹੁੰਦਾ ਹੈ ਕਿਉਂਕਿ ਮਨੁੱਖ ਨੂੰ ਜਨਮ ਤੋਂ ਲੈ ਕੇ ਬੁਢਾਪੇ ਤੱਕ ਸਮਾਜ ਦੀ ਲੋੜ ਪੈਂਦੀ ਹੈ ਇਸੇ ਕਰਕੇ ਹੀ "ਮਨੁੱਖੀ ਸਮਾਜ ਦਾ ਪਸ਼ੂ ਸਮਾਜਾਂ ਤੋਂ ਅੰਤਰ ਕੀਤਾ ਜਾ ਸਕਦਾ ਹੈ। ਸੰਸਕ੍ਰਿਤੀ ਹੀ ਇਕ ਅਜਿਹਾ ਪ੍ਰਕਰਣ ਹੈ, ਜਿਸ ਰਾਹੀਂ ਮਨੁੱਖ ਸਮਾਜ ਦਾ ਇਕ ਉਪਯੋਗੀ ਮੈਂਬਰ ਬਣਦਾ ਹੈ ਅਤੇ ਸਮਾਜੀਕਰਣ ਦੀ ਪ੍ਰਕਿਰਿਆ ਰਾਹੀਂ ਇਕ ਵਿਅਕਤੀ ਸਮਾਜ ਅਤੇ ਸੰਸਕ੍ਰਿਤੀ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਉਂਦਾ ਹੈ।" [32]

---

31. ਪਿਆਰ ਸਿੰਘ (ਡਾ.), *ਭਾਈ ਜੋਧ ਸਿੰਘ ਗੱਦ ਸੌਰਭ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986, ਪੰਨਾ 27●.
32. ਭਟਨਾਗਰ, ਜੀ. ਐਸ. (ਡਾ.) ਅਤੇ ਰਹਿਲ, ਬਲਦੇਵ ਸਿੰਘ (ਡਾ.), *ਭਾਰਤੀ ਸਮਾਜ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 3.

ਮਨੁੱਖ ਨੂੰ ਸਮਾਜ ਵਿਚ ਵਿਚਰਦਿਆਂ ਉਸ ਅੰਦਰ ਦੂਜਿਆਂ ਪ੍ਰਤੀ ਜ਼ਿੰਮੇਵਾਰੀਆਂ ਅਤੇ ਕਰਤੱਵਾਂ ਦੀ ਭਾਵਨਾ ਉਤਪੰਨ ਹੋ ਜਾਂਦੀ ਹੈ। ਮਿਸਿਜ਼ ਸਵਿੰਦਰਜੀਤ ਕੌਰ ਅਨੁਸਾਰ, "ਸਮਾਜ ਮਨੁੱਖਾਂ ਦਾ ਸਮੂਹ ਨਹੀਂ, ਮਨੁੱਖੀ ਅੰਤਰ ਸੰਬੰਧਾਂ ਦੀ ਇੱਕ ਜਟਿਲ ਵਿਵਸਥਾ ਹੈ ਜੋ ਕਿ ਪਰਸਪਰ ਚੇਤੰਨਤਾ ਦੇ ਕਾਰਣ ਉਤਪੰਨ ਹੁੰਦੀ ਹੈ, ਜੋ ਸਮਾਨਤਾ ਅਤੇ ਭਿੰਨਤਾ, ਸਹਿਯੋਗ ਅਤੇ ਸੰਘਰਸ਼ ਵਿਚ ਪਲਦੀ ਹੈ ਅਤੇ ਜੋ ਅੰਤਰ-ਕਾਰਜ (Inter action) ਦੇ ਰਾਹੀਂ ਹੀ ਵਿਕਸਿਤ ਹੁੰਦੀ ਹੈ ਅਤੇ ਬਦਲਦੀ ਰਹਿੰਦੀ ਹੈ। ਇਹ ਨਾ ਤਾਂ ਸਥਿਰ (Static) ਅਤੇ ਨਾ ਹੀ ਅੰਤਿਮ (Final) ਹੈ।" [33]

A Dictionary of the Social Sciences ਅਨੁਸਾਰ, "ਰਿਸ਼ਤੇਦਾਰੀ ਸੰਬੰਧਾਂ ਦੇ ਸਭ ਤੋਂ ਵਿਸਤਰਿਤ ਅਰਥਾਂ ਵਿਚ ਸਮਾਜ ਮਰਦਾਂ ਵਿਚ ਆਪਸੀ ਸੰਬੰਧਾਂ ਦੀ ਸਮੁੱਚਤਾ ਵੱਲ ਇਸ਼ਾਰਾ ਕਰਦਾ ਹੈ।" [34]

ਡਾ. ਰਤਨ ਸਿੰਘ ਜੱਗੀ ਅਨੁਸਾਰ, "ਸਮਾਜ ਵਿਅਕਤੀਆਂ ਦਾ ਅਜਿਹਾ ਸੰਗਠਨ ਹੈ, ਜਿਸ ਵਿਚ ਨਿਸਚਿਤ ਸੰਬੰਧ ਅਤੇ ਵਿਸ਼ਿਸ਼ਟ ਵਿਵਹਾਰ ਰਾਹੀਂ ਮਨੁੱਖ ਇਕ ਦੂਜੇ ਨਾਲ ਬੰਨ੍ਹੇ ਰਹਿੰਦੇ ਹਨ।"[35]

ਰਿਊਟਰ ਦੇ ਅਨੁਸਾਰ, "ਸਮਾਜ ਇਕ ਅਮੂਰਤ ਸ਼ਬਦ ਹੈ ਜੋ ਕਿ ਇਕ ਸਮੂਹ ਦੇ ਦੋ ਤੋਂ ਜ਼ਿਆਦਾ ਸਦੱਸਾਂ ਦੇ ਵਿਚਕਾਰ ਸਥਿਤ ਪਰਸਪਰ ਸੰਬੰਧਾਂ ਦੀ ਜਟਿਲਤਾ ਵੱਲ ਸੰਕੇਤ ਕਰਦਾ ਹੈ।"[36]

ਸੈਮੂਅਲ ਕੋਇਨਿੰਗ ਅਨੁਸਾਰ, "ਸਮਾਜ ਲੋਕਾਂ ਦਾ ਉਹ ਸਮੂਹ ਹੈ ਜੋ ਸਾਡੀਆਂ ਪਰੰਪਰਾਵਾਂ, ਰਿਵਾਜਾਂ ਅਤੇ ਜੀਵਨ ਢੰਗਾਂ ਜਾਂ ਫਿਰ ਸਾਂਝੀ ਸੰਸਕ੍ਰਿਤੀ ਦੁਆਰਾ ਇੱਕਠੇ ਰਹਿੰਦੇ ਹਨ

---

33. ਸਵਿੰਦਰਜੀਤ ਕੌਰ, (ਅਨੁ.), *ਸਮਾਜ ਵਿਗਿਆਨ ਨਾਲ ਜਾਣ-ਪਛਾਣ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨਾ 56.
34. Julius Gould, William L. Kolb, *A Dictionary of the Social Sciences*, Prined in The United States of America, 1969, p. 674.
35. ਜੱਗੀ, ਰਤਨ ਸਿੰਘ, (ਡਾ.), *ਗੁਰੂ ਗ੍ਰੰਥ ਵਿਸ਼ਵ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2●●2, ਪੰਨਾ 159.
36. ਸੈਮੂਅਲ ਕੋਇਨਿੰਗ, (ਉਧਰਤਿ) ਸਵਿੰਦਰਜੀਤ ਕੌਰ, (ਅਨੁ.), *ਸਮਾਜ ਵਿਗਿਆਨ ਨਾਲ ਜਾਣ-ਪਛਾਣ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨਾ 51.

ਅਤੇ ਇਸ ਸਮੂਹ ਦੇ ਮੈਬਰਾਂ ਵਿਚਕਾਰ ਇਸ ਦੇ ਮੈਬਰ ਹੋਣ ਦੀ ਚੇਤਨਾ ਵਿਦਮਾਨ ਹੁੰਦੀ ਹੈ।"[37]

ਮੈਕਾਈਵਰ ਤੇ ਪੇਜ ਅਨੁਸਾਰ, "ਸਮਾਜ ਰੀਤੀ-ਰਿਵਾਜਾਂ ਅਤੇ ਕਾਰਜ ਪ੍ਰਣਾਲੀਆਂ ਦੀ, ਅਧਿਕਾਰ-ਸੱਤਾ ਅਤੇ ਪਰਸਪਰ ਸਹਿਯੋਗ ਦੀ, ਅਨੇਕ ਸਮੂਹਾਂ ਅਤੇ ਸ੍ਰੇਣੀਆਂ ਦੀ, ਮਾਨਵ-ਵਿਵਹਾਰ ਦੇ ਨਿਯੰਤ੍ਰਣ ਅਤੇ ਸ੍ਵਾਧੀਨਤਾਵਾਂ ਦੀ ਵਿਵਸਥਾ ਹੈ। ਇਸ ਨਿਰੰਤਰ ਪਰਿਵਰਤਨਸ਼ੀਲ ਅਤੇ ਗੁੰਝਲਦਾਰ ਵਿਵਸਥਾ ਨੂੰ ਅਸੀਂ ਸਮਾਜ ਕਹਿੰਦੇ ਹਨ।" [38]

ਇੰਟਰਨੈਸ਼ਨਲ ਇੰਨਸਾਕਲੋਪੀਡੀਆ ਅਨੁਸਾਰ, "ਸਮਾਜ ਉਨ੍ਹਾਂ ਵਿਅਕਤੀਆਂ ਦਾ ਸੰਗਠਨ ਹੈ, ਜਿਹੜੇ ਆਤਮ ਨਿਰਭਰਤਾ ਅਨੁਸਾਰ ਕੰਮ ਕਰਨ ਦੀ ਪ੍ਰਣਾਲੀ ਦੇ ਭਾਗੀਦਾਰ ਹੁੰਦੇ ਹਨ ਅਤੇ ਜਿਹੜਾ ਕਿ ਉਨ੍ਹਾਂ ਦੀ ਆਪਣੇ ਜੀਵਨ ਕਾਲ ਤੋਂ ਲਮੇਰੇ ਸਮੇਂ ਤਕ ਚਲਦਾ ਹੈ।" [39]

ਡਾ. ਜਗਜੀਵਨ ਸਿੰਘ ਅਨੁਸਾਰ, "ਸਮਾਜ ਸ਼ਬਦ ਸਮੂਹ ਦੇ ਅਰਥਾਂ ਤੱਕ ਸੀਮਤ ਨਹੀਂ। ਸਮੂਹ ਵਿਚ ਤਾਂ ਪਸ਼ੂ ਵੀ ਰਹਿੰਦੇ ਹਨ। ਸਮੁੱਚੇ ਮਨੁੱਖੀ ਸਮਾਜ ਜਗਤ ਦੇ ਸਮਾਨਯ ਅਰਥਾਂ ਵਿਚ ਸਮਾਜ ਇਕ ਅਮੂਰਤ ਸੰਕਲਪ ਹੈ। ਇਸ ਦੇ ਸਮਵਿੱਥ ਵਿਭਿੰਨ ਸਭਿਆਚਾਰਕ ਜਾਤੀਆਂ/ਕੌਮੀਅਤਾਂ ਵਿਚਲੀ ਵਿਲੱਖਣਤਾ ਨੂੰ ਦਰਸਾਉਣ ਦੇ ਪ੍ਰਸੰਗ ਵਿਚ ਇਹ ਅਮੂਰਤ ਹੋਣ ਦੇ ਨਾਲ-ਨਾਲ ਇਕ ਵਿਸ਼ੇਸ਼ ਸਮੂਰਤ ਸੰਕਲਪ ਵੀ ਹੈ। ਜਿਵੇਂ ਕਿ ਅਸੀਂ ਆਮ ਹੀ ਆਖਦੇ ਹਾਂ ਪੰਜਾਬੀ ਸਮਾਜ, ਬੰਗਾਲੀ ਸਮਾਜ, ਯੂਰਪੀ ਸਮਾਜ, ਭਾਰਤੀ ਸਮਾਜ, ਇਸਲਾਮੀ ਸਮਾਜ ਆਦਿ।"[40]

ਟਾਲਕਟ ਪਰਸਨਜ਼ (Talcot Persons) ਅਨੁਸਾਰ, "ਸਮਾਜ ਨੂੰ ਉਨ੍ਹਾਂ ਸੰਬੰਧਾਂ ਦੀ ਪੂਰਨ ਜਟਿਲਤਾ ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਜੋ ਕਾਰਜਾਂ ਦੇ ਕਰਨ ਤੋਂ ਉਤਪੰਨ ਹੋਏ

---

37. ਰਹਿਲ, ਬਲਦੇਵ ਸਿੰਘ, (ਅਨ.), *ਸਮਾਜ ਵਿਗਿਆਨ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984, ਪੰਨਾ 21.
38. ਸਵਿੰਦਰਜੀਤ ਕੌਰ, (ਅਨੁ.), *ਸਮਾਜ ਵਿਗਿਆਨ ਨਾਲ ਜਾਣ-ਪਛਾਣ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨਾ 5.
39. Sills, David L (ed.), *International Encyclopaedia of Social Sciences*, (ed.) The Macmillan Company and The Free Press, New York, 1968. p.578.
40. ਜਗਜੀਵਨ ਸਿੰਘ (ਡਾ.), *ਸਭਿਆਚਾਰ ਦੇ ਮੂਲ ਆਧਾਰ*, ਅਦਬ ਪ੍ਰਕਾਸ਼ਨ, ਪਟਿਆਲਾ, 2001, ਪੰਨਾ 15.

ਹੋਣ ਅਤੇ ਇਹ ਕਾਰਜ ਸਾਧਨ ਅਤੇ ਮੰਤਵ ਦੇ ਰੂਪ ਵਿਚ ਕੀਤੇ ਗਏ ਹੋਣ ਭਾਵੇਂ ਉਹ ਆਂਤਰਿਕ ਹੋਣ ਜਾਂ ਸੰਕੇਤਕ।"[41]

ਸਮਨਰ ਅਤੇ ਕੈਲਰ ਨੇ ਆਪਣੀ ਪੁਸਤਕ ਦੀ ਸਾਇੰਸ ਆਫ ਸੁਸਾਇਟੀ (The Science of Society) ਵਿਚ ਸਮਾਜ ਬਾਰੇ ਦੱਸਿਆ ਹੈ, "ਇਹ ਮਨੁੱਖਾਂ ਦਾ ਉਹ ਸਮੂਹ ਹੈ ਜੋ ਆਪਣੀ ਰੋਜ਼ੀ ਕਮਾਉਣ ਅਤੇ ਜਾਤੀ ਨੂੰ ਕਾਇਮ ਰੱਖਣ ਲਈ ਸਹਿਕਾਰੀ ਯਤਨ ਦੁਆਰਾ ਜੀਵਨ ਬਤੀਤ ਕਰਦਾ ਹੈ।"[42]

ਇਸ ਤਰ੍ਹਾਂ ਉਪਰੋਕਤ ਪਰਿਭਾਸਾਵਾਂ ਤੇ ਵਿਚਾਰ ਕਰਦਿਆਂ ਹੋਏ ਮਨੁੱਖ ਅਤੇ ਸਮਾਜ ਦੇ ਰਿਸ਼ਤੇ ਦੀ ਮੌਲਿਕ ਸਥਿਤੀ ਨੂੰ ਜਾਨਣ ਦਾ ਯਤਨ ਕੀਤਾ ਗਿਆ ਹੈ। ਸਮਾਜ ਮਨੁੱਖਾਂ ਦੇ ਕਾਰਜਾਂ ਨੂੰ ਸੁਤੰਤਰ ਅਤੇ ਨਿਰਧਾਰਤ ਕਰਦਾ ਹੈ ਅਤੇ ਮਨੁੱਖ ਨਾਲ ਵਿਚਰਦੇ ਰਿਸ਼ਤੇ-ਨਾਤਿਆਂ ਅਤੇ ਆਪਸੀ ਸਹਿਯੋਗ ਦੇ ਪੱਖਾਂ ਨੂੰ ਨਿਯੰਤ੍ਰਿਤ ਕਰਦਾ ਹੈ ਕਿਉਂਕਿ ਸਮਾਜ ਮਨੁੱਖਾਂ ਦੁਆਰਾ ਸਿਰਜਿਆਂ ਹੋਇਆ ਉਹ ਸੰਗਠਨ ਹੈ, ਜਿਸ ਵਿਚ ਉਹ ਇਕ ਸਮੂਹ ਦੇ ਰੂਪ ਵਿਚ ਰਹਿੰਦਾ ਹੈ ਅਤੇ ਆਪਣੀਆਂ ਅਤੇ ਦੂਜਿਆਂ ਦੀ ਮੌਲਿਕ ਲੋੜਾਂ ਦੀ ਪੂਰਤੀ ਕਰਦਾ ਹੈ ਜਿਸ ਨਾਲ ਮਨੁੱਖ ਦੇ ਸੁਭਾਅ ਵਿਚ ਸਹਿਯੋਗ ਦੀ ਭਾਵਨਾ ਉਪਜਦੀ ਹੈ।

ਸਹਿਯੋਗ ਅਤੇ ਸੰਘਰਸ਼ ਕਿਸੇ ਵੀ ਸਮਾਜ ਦੇ ਮੁੱਢਲੇ ਅਤੇ ਅਟੁੱਟ ਅੰਗ ਹਨ। ਸਹਿਯੋਗ ਤੋਂ ਭਾਵ ਸਮਾਜਿਕ ਕੁਟੰਬ ਵਿਚ ਆਪਸੀ ਮਿਲਵਰਤਨ ਤੋਂ ਹੈ। ਇਹ ਆਪਸੀ ਮਿਲਵਰਤਨ ਕਿਸੇ ਵੀ ਸਮਾਜ ਨੂੰ ਬਣਾਈ ਰੱਖਣ ਜੋੜਨ ਅਤੇ ਗਤੀਸ਼ੀਲ ਰੱਖਣ ਲਈ ਆਪਣਾ ਲੋੜੀਂਦਾ ਯੋਗਦਾਨ ਪਾਉਂਦਾ ਹੈ। ਇਸੇ ਤਰ੍ਹਾਂ ਸੰਘਰਸ਼ ਦਾ ਅਰਥ ਹੈ ਸਮਾਜਿਕ ਢਾਚੇ ਵਿਚੋਂ ਮਿਲੀਆਂ ਜ਼ਿੰਮੇਵਾਰੀਆਂ ਨੂੰ

---

41. ਟਾਲਕਟ ਪਰਸਨਜ਼, (ਉਧਰਿਤ) ਮਿਸਿਜ ਸਵਿੰਦਰਜੀਤ ਕੌਰ, *ਸਮਾਜ ਵਿਗਿਆਨ ਦੇ ਮੂਲ ਸੰਕਲਪ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 157.
42. ਸਮਨਰ ਅਤੇ ਕੈਲਰ, (ਉਧਰਿਤ) ਰਹਿਲ, ਬਲਦੇਵ ਸਿੰਘ, (ਅਨੁ.) *ਸਮਾਜ ਵਿਗਿਆਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984, ਪੰਨਾ 20.

ਇਮਾਨਦਾਰੀ ਨਾਲ ਅਦਾ ਕਰਨਾ। ਹਰ ਕੁਟੰਬ ਦੇ ਹਰ ਵਿਅਕਤੀ ਦੀ ਇਕ ਵਿਸ਼ੇਸ਼ ਜ਼ਿੰਮੇਵਾਰੀ ਨਿਰਧਾਰਤ ਕੀਤੀ ਹੁੰਦੀ ਹੈ। ਜਿਸ ਨੂੰ ਨਿਭਾਉਣ ਲਈ ਉਹ ਹਮੇਸਾਂ ਸੰਘਰਸ਼ੀਲ ਰਹਿੰਦਾ ਹੈ। ਇਸ ਤਰ੍ਹਾਂ ਸਹਿਯੋਗ ਅਤੇ ਸੰਘਰਸ਼ ਕਿਸੇ ਵੀ ਸਮਾਜ ਨੂੰ ਚਲਾਉਣ ਵਿਚ ਅਹਿਮ ਰੋਲ ਅਦਾ ਕਰਦੇ ਹਨ। ਇਸੇ ਸੰਬੰਧ ਵਿਚ ਮੈਕਾਈਵਰ ਤੇ ਪੇਜ ਆਪਣੇ ਵਿਚਾਰ ਇਸ ਤਰ੍ਹਾਂ ਕਰਦੇ ਹਨ, "ਸਹਿਯੋਗ ਤੇ ਸੰਘਰਸ਼ ਸਮਾਜਿਕ ਜੀਵਨ ਵਿਚ ਸਰਬ ਵਿਆਪਕ ਤੱਤ ਹਨ। ਇਹ ਦੋਵੇ ਕਾਰਜਾਂ ਦੇ ਵਿਸ਼ਾਲ ਖੇਤਰ ਵਿਚ ਨਾਲ-ਨਾਲ ਜਾਂ ਇੱਕਠੇ ਵਿਦਮਾਨ ਹਨ। ਜਿਸ ਤਰ੍ਹਾਂ ਭੋਤਿਕ ਸੰਸਾਰ ਵਿਚ ਆਕਰਸ਼ਣ ਅਤੇ ਵਿਕਰਸ਼ਣ (Attraction and Repulsion) ਸ਼ਕਤੀਆਂ ਇੱਕਠੀਆਂ ਕੰਮ ਕਰਦੀਆਂ ਹਨ ਅਤੇ ਸਪੇਸ ਵਿਚ ਸਰੀਰਾਂ ਦੀ ਥਾਂ ਨਿਸ਼ਚਿਤ ਕਰਦੀਆਂ ਹਨ। ਇਸੇ ਤਰ੍ਹਾਂ ਸਮਾਜਿਕ ਜਗਤ ਵਿਚ ਮਨੁੱਖਾਂ ਅਤੇ ਸਮੂਹਾਂ ਦੇ ਰਿਸ਼ਤਿਆਂ ਵਿਚ ਸਹਿਯੋਗ ਅਤੇ ਸੰੰਘਰਸ਼ ਦਾ ਸੰਯੋਗ ਉਜਾਗਰ ਹੈ।" [43]

ਇਸ ਲਈ ਅਸੀ ਆਖ ਸਕਦੇ ਹਾਂ ਕਿ ਸਮਾਜ ਅਮੂਰਤ ਹੈ। ਇਹ ਸਮਾਜਿਕ ਸੰਬੰਧਾਂ ਦਾ ਇਕ ਜਟਿਲ ਢਾਂਚਾ ਹੈ। ਇਹ ਚਲਦੇ ਫਿਰਦੇ ਵਿਅਕਤੀਆਂ ਦਾ ਸਮੂਹ ਹੈ ਜੋ ਕਿ ਮਾਨਸਿਕ ਤੌਰ ਤੇ ਚਾਹੇ ਉਨ੍ਹਾਂ ਦੇ ਸੰਬੰਧ ਇਕ ਹੋਣ ਪਰ ਸਰੀਰਕ ਤੌਰ ਤੇ ਉਹ ਸਾਨੂੰ ਵੱਖਰੇ ਦਿੱਸਦੇ ਹਨ। ਇਸ ਨੂੰ ਹੋਰ ਸਪੱਸ਼ਟ ਕਰਦਿਆਂ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਸਮਾਜ ਵਿਚ ਮਨੁੱਖ ਆਮ ਤੌਰ ਤੇ ਇਕ ਦੂਜੇ ਦੇ ਪੂਰਕ ਹੋਇਆ ਕਰਦੇ ਹਨ। ਪਰਿਵਾਰ ਦੀ ਤਰ੍ਹਾਂ ਸਮਾਜ ਦੇ ਦੂਜੇ ਸੰਗਠਨਾਂ, ਸੰਸਥਾਵਾਂ ਅਤੇ ਵਿਵਸਥਾਵਾਂ ਵਿਚ ਮਨੁੱਖ ਦਾ ਪਰਸਪਰ ਲੈਣ ਦੇਣ ਚਲਦਾ ਰਹਿੰਦਾ ਹੈ। ਜਿਸ ਦੇ ਆਧਾਰ ਤੇ ਮਨੁੱਖਾਂ ਦੀਆਂ ਕਮੀਆਂ ਅਤੇ ਲੋੜਾਂ ਪੂਰੀਆਂ ਹੁੰਦੀਆਂ ਹਨ। ਵਾਸਤਵ ਵਿਚ

---

43. ਸਵਿੰਦਰਜੀਤ ਕੌਰ, (ਅਨੁ.), *ਸਮਾਜ: ਇਕ ਪ੍ਰਾਰੰਭਿਕ ਵਿਸ਼ਲੇਸ਼ਣ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1979, ਪੰਨਾ 1●2.

ਵਿਅਕਤੀਗਤ ਸਵਾਰਥ ਤੋਂ ਉੱਪਰ ਉੱਠ ਕੇ ਇਕ ਦੂਜੇ ਲਈ ਕੰਮ ਕਰਨਾ ਅਤੇ ਆਪਣੇ ਕੰਮ ਰਾਹੀਂ ਦੂਜਿਆਂ ਨੂੰ ਪ੍ਰਭਾਵਤ ਕਰਨਾ ਮੂਲ ਭਾਵਨਾ ਹੈ।"[44]

ਸਮਾਜ ਵਿਚ ਮਨੁੱਖ ਦੇ ਸਿੱਧੇ ਜਾ ਅਸਿੱਧੇ ਰੂਪ ਵਿਚ ਕਈ ਤਰ੍ਹਾਂ ਦੇ ਸੰਬੰਧ ਜੁੜੇ ਹੁੰਦੇ ਹਨ। ਇਹ ਸੰਬੰਧ ਸਮੇ ਦੀ ਪ੍ਰਸਥਿਤੀਆਂ ਅਨੁਸਾਰ ਪਰਿਵਰਤਿਤ ਹੁੰਦੇ ਰਹਿੰਦੇ ਹਨ। ਜਿਸ ਦੇ ਫਲਸਰੂਪ ਮਨੁੱਖ ਸਮਾਜ ਦੇ ਪ੍ਰਤੀ ਆਪਣੇ ਕਾਰਜ ਕਰਦਾ ਹੈ। ਸੈਮੂਅਲ ਕੋਇਨਿੰਗ ਅਨੁਸਾਰ, "ਵਿਅਕਤੀ ਇਕ ਸਮਾਜੀ ਕ੍ਰਿਤ ਜੀਵ ਕਿਵੇਂ ਬਣਦਾ ਹੈ? ਇਹ ਲੋਕਾਂ ਅਤੇ ਪਦਾਰਥਾਂ ਦੇ ਸੰਪਰਕ ਵਿਚ ਆਉਣ ਨਾਲ ਬਣਦਾ ਹੈ। ਭਾਵੇ ਭੌਤਿਕ ਵਾਤਾਵਰਣ ਵੀ ਇਸ ਵਿਚ ਹਿੱਸਾ ਪਾਉਂਦਾ ਹੈ ਪਰੰਤੂ ਇਸ ਵਿਚ ਨਿਸ਼ਚਿਤ ਕਾਰਕ, ਜੋ ਮੁੱਖ ਭਾਗ ਅਦਾ ਕਰਦਾ ਹੈ ਉਹ ਹੈ, ਸਮਾਜਿਕ ਵਾਤਾਵਰਣ ਅਰਥਾਤ ਬੱਚੇ ਦੇ ਦੁਆਲੇ ਲੋਕਾਂ ਦੀ ਮੌਜੂਦਗੀ ਅਤੇ ਉਨ੍ਹਾਂ ਦੇ ਕਾਰਜ।"[45]

ਸੱਚ ਮੁੱਚ ਮਨੁੱਖ ਵਿਚ ਸਮਾਜਿਕ ਗੁਣਾਂ ਦੇ ਵਿਕਾਸ ਲਈ ਸਮਾਜ ਵਿਚ ਰਹਿ ਕੇ ਉਸ ਦੀ ਸਮਾਜਿਕਤਾ ਸਵੀਕਾਰ ਕਰਨੀ ਜਾਂ ਸਮਾਜ ਦਾ ਮੈਂਬਰ ਬਣਨ ਤੇ ਹੀ ਸੰਭਵ ਹੈ। ਸਮਾਜ ਮਨੁੱਖ ਦਾ ਅਟੁੱਟ ਅੰਗ ਹੈ ਜਿਸ ਵਿਚ ਮਨੁੱਖ ਦਾ ਸਮਾਜਿਕ ਸੰਦਰਭ ਸਾਹਮਣੇ ਆਉਂਦਾ ਹੈ। ਵਿਲੀਅਮ ਐਫ ਔਗਬਰਨ ਅਤੇ ਮੇਅਰ ਨਿਮਕਾਫ ਅਨੁਸਾਰ, "ਵਿਅਕਤਿਤਵ ਦਾ ਵਿਕਾਸ ਸਮਾਜਿਕ ਸਥਿਤੀਆਂ ਵਿਚ ਹੁੰਦਾ ਹੈ ਅਤੇ ਇਸ ਨੂੰ ਹੋਰ ਲੋਕਾਂ ਨਾਲ ਅੰਤਰ ਕ੍ਰਿਆ ਦੇ ਰੂਪ ਵਿਚ ਪ੍ਰਗਟਾਇਆ ਜਾਂਦਾ ਹੈ। ਇਸ ਕਰਕੇ ਇਸ ਦਾ ਇਕ ਮਹੱਤਵਪੂਰਨ ਸਮਾਜਿਕ ਪੱਖ ਹੈ। ਇਸ ਸਮਾਜਿਕ ਪੱਖ ਦੇ ਦ੍ਰਿਸ਼ਟੀਕੋਣ ਤੋਂ ਕਿਸੇ ਦਾ ਵਿਅਕਤੀਤਵ ਉਨ੍ਹਾਂ ਪ੍ਰਭਾਵਾਂ ਦਾ ਸਮੁੱਚਾ ਜੋੜ ਹੈ ਜੋ ਕਿ ਕੋਈ ਦੂਜਿਆਂ ਤੇ ਪਾਉਂਦਾ ਹੈ।"[46]

---

44. ਸਵਰਨ ਸਿੰਘ (ਡਾ.), *ਕਿੱਸਾ ਕਾਵਿ ਵਿੱਚ ਸਮਾਜ ਤੇ ਸਭਿਆਚਾਰ*, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2●●2, ਪੰਨਾ 54.
45. ਰਹਿਲ, ਬਲਦੇਵ ਸਿੰਘ, (ਅਨੁ.), *ਸਮਾਜ ਵਿਗਿਆਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984, ਪੰਨਾ 53.
46. ਸਚਦੇਵਾ, ਡੀ. ਆਰ (ਡਾ.) (ਅਨੁ.), *ਸਮਾਜ ਵਿਗਿਆਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 199●, ਪੰਨਾ 241.

ਉਪਰੋਕਤ ਵਿਚਾਰਾਂ ਤੋਂ ਸਪੱਸ਼ਟ ਹੈ ਕਿ ਮਨੁੱਖ ਤੇ ਸਮਾਜ ਵਿਚ ਇਕ ਅਜਿਹਾ ਸੰਬੰਧ ਹੈ ਜੋ ਸਮਾਜ ਦਾ ਨਿਰਮਾਣ ਕਰਦਾ ਹੋਇਆ ਆਪਣੇ ਵਲੋਂ ਬਣਾਈਆਂ ਇਕਾਈਆਂ ਅਧੀਨ ਸਮਾਜ ਵਿਚ ਜੀਵਨ ਨਿਰਬਾਹ ਕਰਦਾ ਹੈ। ਸਮਾਜ ਹੀ ਇਕ ਅਜਿਹੀ ਇਕਾਈ ਹੈ ਜੋ ਜੀਵ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਦਾ ਹੈ। ਭਾਵੇ ਸਮਾਜ ਅਤੇ ਮਨੁੱਖ ਦੋ ਸੁਤੰਤਰ ਇਕਾਈਆਂ ਹਨ ਪਰ ਇਨ੍ਹਾਂ ਦੋਹਾਂ ਦੀ ਹੋਂਦ ਅਤੇ ਉੱਤਪਤੀ ਇਕ ਦੂਜੇ ਤੇ ਨਿਰਭਰ ਹੈ ਇਨ੍ਹਾਂ ਨੂੰ ਵੱਖਰਿਆਂ ਨਹੀਂ ਕੀਤਾ ਜਾ ਸਕਦਾ।

ਸਾਡੇ ਭਾਰਤੀ ਸਮਾਜ ਵਿਚ ਔਰਤ ਦਾ ਸਥਾਨ ਬਹੁਤ ਮਹੱਤਵਪੂਰਣ ਹੈ। ਔਰਤ ਦੇ ਸਤਿਕਾਰ ਨੂੰ ਸਾਡੇ ਵਿਆਪਕ ਧਰਮਾਂ ਨੇ ਵੀ ਆਪਣੇ ਢੰਗ ਨਾਲ ਪ੍ਰਭਾਵਿਤ ਕੀਤਾ ਹੈ ਜਿਵੇਂ ਹਿੰਦੂ ਧਰਮ ਵਿਚ ਔਰਤ ਦਾ ਇਕ ਰੂਪ ਦੇਵੀ ਦਾ ਸਤਿਕਾਰ ਤਾਂ ਬਹੁਤ ਹੈ। ਮੰਦਰਾਂ ਵਿਚ ਉਸ ਦੀ ਪੂਜਾ ਕੀਤੀ ਜਾਂਦੀ ਹੈ ਪ੍ਰੰਤੂ ਦੂਜੇ ਪਾਸੇ ਔਰਤ ਨੂੰ ਦਾਸੀ, ਸੇਵਾ ਕਰਨ ਵਾਲੀ, ਪੈਰ ਦੀ ਜੁੱਤੀ ਆਦਿ ਕਹਿ ਕੇ ਭੰਡਿਆ ਹੈ ਜਿਵੇਂ ਕਿ ਮਨੂੰ-ਸਿਮਰਤੀ ਵਿਚ ਅਤੇ ਤੁਲਸੀ ਦੀ ਰਮਾਇਣ ਵਿਚ। ਇਸ ਦੇ ਉਲਟ ਸਿੱਖ ਧਰਮ ਵਿਚ ਔਰਤ ਦਾ ਸਤਿਕਾਰ ਕਰਕੇ ਇਸ ਨੂੰ ਭਰਪੂਰ ਸਲਾਹਿਆ ਗਿਆ ਹੈ ਕਿਉਂਕਿ ਔਰਤ ਹੀ ਰਾਜੇ, ਮਹਾਰਾਜੇ, ਰਿਸ਼ੀ ਮੁਨੀ, ਤਪੱਸਵੀ, ਭਗਤ ਅਤੇ ਗੁਰੂ ਸਾਹਿਬ ਦੀ ਜਨਮਦਾਤੀ ਹੈ। ਔਰਤ ਨੂੰ ਗੁਰੂ ਸਾਹਿਬ ਨੇ ਮੰਦਾ ਕਹਿਣ ਤੋਂ ਵਰਜਿਆ ਹੈ। ਗੁਰੂ ਫ਼ਰਮਾਨ ਹੈ:

> ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
> ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
> ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
> ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ [47]

ਜਿਥੇ ਔਰਤ ਨੂੰ ਉਪਰੋਕਤ ਬਾਣੀ ਦੀਆਂ ਤੁਕਾਂ ਅਨੁਸਾਰ ਸਭ ਦੀ ਜਨਮਦਾਤੀ ਮੰਨਿਆ

---

47. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 473.

ਹੈ ਉਥੇ ਇਸ ਦੀ ਸਮਾਜ ਨੂੰ ਚਲਾਉਣ ਵਿਚ ਵੀ ਮਹੱਤਵਪੂਰਣ ਭੂਮਿਕਾ ਹੈ। ਫ਼ਰਮਾਨ ਹੈ:

> ਬਤੀਹ ਸੁਲਖਣੀ ਸਚੁ ਸੰਤਤਿ ਪੂਤ॥
> ਆਗਿਆਕਾਰੀ ਸੁਘੜ ਸਰੂਪ॥ [48]

ਬਾਣੀ ਦੀਆਂ ਤੁਕਾਂ ਦੇ ਆਧਾਰ ਤੇ ਜਿਸ ਔਰਤ ਨੂੰ ਹਿੰਦੂ ਧਰਮ ਨੇ ਬੁਰੀ ਤਰ੍ਹਾਂ ਭੰਡਿਆ ਸੀ ਗੁਰੂ ਸਾਹਿਬ ਉਸੇ ਨੂੰ ਬਤੀਹ ਸੁੱਲਖਣੀ ਕਹਿ ਕੇ ਸਤਿਕਾਰ ਦੇ ਰਹੇ ਹਨ। ਜਿਥੇ ਉਹ ਆਪਣੇ ਕੰਤ ਦੀ ਆਗਿਆਕਾਰੀ ਰਹਿੰਦੀ ਹੈ ਉਥੇ ਆਪਣੇ ਸਾਕ ਸੰਬੰਧੀਆਂ ਨਾਲ ਵੀ ਮਿਲ ਕੇ ਰਹਿੰਦੀ ਹੈ। ਨਤੀਜੇ ਵਜੋਂ ਪਰਿਵਾਰ ਵਿਚ ਸ੍ਰੇਸ਼ਟ ਥਾਂ ਪ੍ਰਾਪਤ ਕਰਦੀ ਹੈ। ਜਿਸ ਘਰ ਵਿਚ ਇਸ ਤਰ੍ਹਾਂ ਦੇ ਸੁਭਾਅ ਵਾਲੀ ਔਰਤ ਪੈਰ ਧਰਦੀ ਹੈ ਉਸ ਘਰ ਨੂੰ ਗੁਰੂ ਅਰਜਨ ਸਾਹਿਬ ਸੁਖਾਂ ਦਾ ਖਜਾਨਾਂ ਕਹਿੰਦੇ ਹਨ।

ਉਪਰੋਕਤ ਗੁਰਬਾਣੀ ਦੇ ਹਵਾਲਿਆਂ ਅਨੁਸਾਰ ਅਸੀਂ ਸਹਿਜੇ ਹੀ ਕਹਿ ਸਕਦੇ ਹਾਂ ਕਿ ਔਰਤ ਇਕ ਸੁਚੱਜੇ ਪਰਿਵਾਰ ਦੀ ਮੁਢਲੀ ਕੜੀ ਹੈ। ਕਿਸੇ ਵੀ ਪਰਿਵਾਰ ਵਿਚ ਜਿਨਾ ਪਿਆਰ, ਸਾਝ, ਇਤਫਾਕ ਆਦਿ ਹਨ ਦੇ ਪਿੱਛੇ ਔਰਤ ਦੀ ਪ੍ਰਭਾਵੀ ਭੂਮਿਕਾ ਹੀ ਨਜ਼ਰ ਆਉਂਦੀ ਹੈ। ਅਸੀਂ ਕਹਿੰਦੇ ਹਾਂ ਕਿ ਜੇਕਰ ਇਕ ਮਨੁੱਖ ਪੜ੍ਹਿਆ ਤਾਂ ਇਕ ਵਿਅਕਤੀ ਹੀ ਪੜ੍ਹਿਆ ਪ੍ਰੰਤੂ ਜਿਸ ਘਰ ਵਿਚ ਇਕ ਔਰਤ ਪੜ੍ਹ ਲਿਖ ਗਈ ਤਾਂ ਉਸ ਨੇ ਪੂਰੇ ਪਰਿਵਾਰ ਨੂੰ ਪੜ੍ਹਿਆ ਲਿਖਿਆ ਬਣਾਉਣ ਵਿਚ ਆਪਣੀ ਉਸਾਰੂ ਭੂਮਿਕਾ ਅਦਾ ਕੀਤੀ। ਜਿਵੇਂ ਇਕ ਪਰਿਵਾਰ ਨੂੰ ਇਕ ਸਭਿਅਕ ਪਰਿਵਾਰ ਬਣਾਉਣ ਵਿਚ ਔਰਤ ਦੇ ਰੋਲ ਦਾ ਕੋਈ ਸਾਨੀ ਨਹੀਂ ਉਸੇ ਤਰ੍ਹਾਂ ਸਮੁੱਚੇ ਸਮਾਜ ਨੂੰ ਇਕ ਨਰੋਆ ਅਤੇ ਗਤੀਸ਼ੀਲ ਬਣਾਈ ਰਖਣ ਵਿਚ ਔਰਤ ਦੀ ਪ੍ਰਮੁੱਖ ਭੂਮਿਕਾ ਦੀ ਅਤਿ ਲੋੜ ਹੈ।

ਉਪਰੋਕਤ ਸੰਖੇਪ ਚਰਚਾ ਦੇ ਅਧਾਰ ਤੇ ਅਸੀਂ ਇਸ **ਸਿੱਟੇ** 'ਤੇ ਪਹੁੰਚਦੇ ਹਾਂ ਕਿ ਮਨੁੱਖ, ਪਰਿਵਾਰ ਅਤੇ ਸਮਾਜ ਦੀਆਂ ਹੋਰ ਅਨੇਕ ਲੋੜਾਂ ਹਨ, ਜਿਨ੍ਹਾਂ ਨਾਲ ਸਾਡਾ ਇਹ ਸਮੁੱਚਾ ਤਾਣਾ-ਬਾਣਾ ਬੱਝਿਆ ਹੋਇਆ ਹੈ ਅਤੇ ਜੀਵਨ ਨਿਰੰਤਰ ਗਤੀਸ਼ੀਲ ਹੁੰਦਾ ਹੋਇਆ ਆਪਣੀ

---

48. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 371.

ਮੰਜ਼ਿਲ ਦੀ ਪ੍ਰਾਪਤੀ ਲਈ ਲਗਾਤਾਰ ਅੱਗੇ ਵੱਧ ਰਿਹਾ ਹੈ। ਇਥੇ ਮਨੁੱਖ, ਪਰਿਵਾਰ, ਸਮਾਜ ਦੀ ਗਤੀਸ਼ੀਲਤਾ ਵਿਚ ਅਹਿਮ ਰੋਲ ਸਾਡੇ ਰਿਸ਼ਤਾ-ਨਾਤਾ ਪ੍ਰਬੰਧ ਦਾ ਹੈ ਕਿਉਂਕਿ ਰਿਸ਼ਤਿਆਂ ਤੋਂ ਬਿਨ੍ਹਾਂ ਪਰਿਵਾਰ ਅਤੇ ਸਮਾਜ ਦੀ ਹੋਂਦ ਸੰਭਵ ਨਹੀਂ। ਇਹ ਰਿਸ਼ਤੇ ਹੀ ਮਨੁੱਖ, ਪਰਿਵਾਰ ਅਤੇ ਸਮਾਜ ਨੂੰ ਸਥਿਰਤਾ ਦੇਣ ਵਿਚ ਆਪਣੀ ਅਹਿਮ ਭੂਮਿਕਾ ਨਿਭਾਉਂਦੇ ਹਨ।

ਸਮਾਜ ਦੀ ਮੂਲ-ਧਾਰਾ ਮਨੁੱਖੀ ਇਕਾਈ ਹੈ ਤੇ ਸਾਹਿਤ ਦਾ ਮੂਲ ਆਧਾਰ ਮਨੁੱਖੀ ਸਮਾਜ ਹੈ। ਇਕ ਚੰਗੇ ਸਮਾਜ ਵਿਚ ਵਧੀਆ ਨਾਗਰਿਕ ਬਣਨ ਲਈ ਮਨੁੱਖੀ ਜੀਵਨ ਦੇ ਗਿਆਨ ਦੀ ਅਤਿਅੰਤ ਲੋੜ ਹੈ ਅਤੇ ਇਸ ਗਿਆਨ ਦੀ ਪ੍ਰਾਪਤੀ ਲਈ ਆਦਰਸ਼ਕ ਰਿਸ਼ਤੇ-ਨਾਤਿਆਂ ਦਾ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ। ਮਨੁੱਖੀ ਸੰਬੰਧਾਂ ਦੇ ਅਸਤਿਤਵ ਸਾਹਮਣੇ ਲੱਗਾ ਪ੍ਰਸ਼ਨ ਚਿੰਨ ਸਮਾਜ ਦੀ ਅਸਥਿਰਤਾ ਦਾ ਸਵਾਲ ਵਿਅਕਤੀ ਤੱਕ ਸੀਮਿਤ ਨਾ ਰਹਿ ਕੇ ਸਮਾਜ, ਦੇਸ਼, ਸਭਿਅਤਾ ਅਤੇ ਸਮੁੱਚੇ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ। ਮਨੁੱਖ ਦੇ ਇਕੱਠੇ ਰਹਿਣ ਦੀ ਪ੍ਰਵਿਰਤੀ ਨੇ ਮਨੁੱਖੀ ਸੰਬੰਧਾਂ ਦੀ ਉਤਸੁਕਤਾ ਜਗਾਈ, ਇਸ ਲਈ ਮਨੁੱਖ ਦੀਆਂ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਪਰਿਵਾਰਕ ਰਿਸ਼ਤੇ ਜਨਮ ਲੈਣ ਲੱਗੇ। ਇਹ ਰਿਸ਼ਤੇ ਸ਼ੁਰੂ ਵਿਚ ਆਪਸੀ ਭਾਈਚਾਰੇ ਦੀ ਲੋੜ ਵਿਚੋਂ ਪੈਂਦਾ ਹੋਏ ਅਤੇ ਦਿਨੋ-ਦਿਨ ਵਧਦੇ ਗਏ। ਮਨੁੱਖੀ ਵਿਕਾਸ ਅਤੇ ਆਧੁਨਿਕਤਾ ਦੇ ਨਾਲ-ਨਾਲ ਇਨ੍ਹਾਂ ਰਿਸ਼ਤਿਆਂ ਨੇ ਇਕ ਨਰੋਏ ਸਮਾਜ ਦੀ ਉਸਾਰੀ ਵਿਚ ਨਿੱਗਰ ਯੋਗਦਾਨ ਪਾਇਆ।

ਸਮੁੱਚਾ ਸੰਸਾਰ ਵੱਖ-ਵੱਖ ਧਰਮਾਂ ਦਾ ਸਮੁੱਚ ਹੈ। ਕੁਝ ਧਰਮ ਅਜਿਹੇ ਹਨ ਜਿਹੜੇ ਪਰਮਾਤਮਾ ਵਿਚ ਵਿਸ਼ਵਾਸ਼ ਰੱਖਦੇ ਹਨ ਅਤੇ ਕੁਝ ਧਰਮ ਅਜਿਹੇ ਹਨ, ਜਿਹੜੇ ਪਰਮਾਤਮਾ ਦੀ ਹੋਂਦ ਨੂੰ ਸਵੀਕਾਰ ਹੀ ਨਹੀਂ ਕਰਦੇ ਪਰ ਹਰ ਧਰਮ ਦਾ ਆਪਣਾ-ਆਪਣਾ ਧਾਰਮਿਕ ਗ੍ਰੰਥ ਹੈ ਜਿਸ ਵਿਚ ਉਸ ਧਰਮ ਦੇ ਪੈਰੋਕਾਰਾਂ ਵਲੋਂ ਦਿੱਤੇ ਗਏ ਉਪਦੇਸ਼ ਸ਼ਾਮਲ ਹੁੰਦੇ ਹਨ। ਇਨ੍ਹਾਂ ਧਰਮਾਂ ਵਿਚੋਂ ਇਕ ਵਿਲੱਖਣ ਅਤੇ ਨਵੀਨਤਮ ਧਰਮ **ਸਿੱਖ ਧਰਮ** ਹੈ। ਜਿਸ ਦੇ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮੁੱਚੇ ਸੰਸਾਰ ਦਾ ਮਾਰਗ ਦਰਸ਼ਨ ਕਰਨ ਦੀ ਸਮਰੱਥਾ ਹੈ।

ਇਹ ਬਾਣੀ ਜਿਥੇ ਮਨੁੱਖ ਮਾਤਰ ਨੂੰ ਅਧਿਆਤਮਕ ਜੀਵਨ ਮਾਰਗ ਦਰਸਾਉਂਦੀ ਹੈ, ਉਥੇ ਇਹ ਮਨੁੱਖਾ ਜੀਵਨ ਦੇ ਹਰ ਪਹਿਲੂ ਤੇ ਵੀ ਰੋਸ਼ਨੀ ਪਾਉਂਦੀ ਤੇ ਯੋਗ ਅਗਵਾਈ ਦਿੰਦੀ ਹੈ। ਮੇਰੇ

ਹੱਥਲੇ ਖੋਜ ਪ੍ਰਬੰਧ ਦਾ ਮੁੱਖ ਵਿਸ਼ਾ '***ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਰਿਸ਼ਤੇ-ਨਾਤੇ: ਇਕ ਅਧਿਐਨ'*** ਹੈ। ਜਿਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਮਨੁੱਖੀ ਰਿਸ਼ਤਿਆਂ ਨਾਲ ਸੰਬੰਧਤ ਅਨੇਕ ਤਰ੍ਹਾਂ ਦੇ ਹਵਾਲੇ ਦੇ ਕੇ ਆਦਰਸ਼ਕ ਰਿਸ਼ਤੇ ਅਤੇ ਗੈਰ ਆਦਰਸ਼ਕ ਰਿਸ਼ਤਿਆਂ ਬਾਰੇ ਸੰਤੋਸ਼ਜਨਕ ਨਤੀਜੇ ਪ੍ਰਾਪਤ ਕਰਨ ਦਾ ਯਤਨ ਕੀਤਾ ਜਾਵੇਗਾ। ਹੁਣ ਅਸੀਂ ਇਸ ਅਧਿਆਇ ਵਿਚ ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਏ ਆਦਰਸ਼ਕ ਰਿਸ਼ਤੇ, ਨਾਮ ਅਤੇ ਗੈਰ ਆਦਰਸ਼ਕ ਰਿਸ਼ਤਿਆਂ ਦੀ ਗੱਲ ਕਰਕੇ ਅੱਗੇ ਚਲਾਂਗੇ।

## ਆਦਰਸ਼ਕ ਰਿਸ਼ਤੇ:

ਆਦਰਸ਼ਕ ਰਿਸ਼ਤੇ ਅਸੀਂ ਗੁਰਬਾਣੀ ਦੇ ਹਵਾਲੇ ਨਾਲ ਉਨ੍ਹਾਂ ਰਿਸ਼ਤਿਆਂ ਨੂੰ ਕਹਿੰਦੇ ਹਾਂ ਜਿਸ ਤਰ੍ਹਾਂ ਦੇ ਰਿਸ਼ਤਿਆਂ ਦੇ ਬੰਧਨ ਵਿਚ ਸਾਨੂੰ ਗੁਰੂ ਸਾਹਿਬ ਗੁਰਬਾਣੀ ਦੇ ਮਾਧਿਅਮ ਰਾਹੀਂ ਜਿਊਂਣ ਦਾ ਉਪਦੇਸ਼ ਦਿੰਦੇ ਹਨ। ਇਨ੍ਹਾਂ ਰਿਸ਼ਤਿਆਂ ਵਿਚ ਸਾਰੇ ਸਦਾਚਾਰਕ ਗੁਣ ਸ਼ਾਮਲ ਹੁੰਦੇ ਹਨ। ਇਹ ਰਿਸ਼ਤੇ ਸੰਸਾਰਕ ਹੋਣ ਦੇ ਨਾਲ-ਨਾਲ ਅਧਿਆਤਮਕ ਵੀ ਹੁੰਦੇ ਹਨ। ਅਸਲ ਵਿਚ ਅਜਿਹੇ ਰਿਸ਼ਤਿਆਂ ਅਧੀਨ ਜਿਊਂਣ ਵਾਲਾ ਮਨੁੱਖ ਹੀ ਸਮਾਜ ਵਿਚ ਸਤਿਕਾਰਤ ਹੁੰਦਾ ਹੈ ਅਤੇ ਪਰਮਾਰਥਕ ਤੌਰ ਤੇ ਵੀ ਤਰੱਕੀ ਕਰਦਾ ਹੈ। ਗੁਰੂ ਸਾਹਿਬ ਨੇ ਅਜਿਹਾ ਜੀਵਨ ਜਿਊਂਣ ਵਾਲੀ ਆਦਰਸ਼ਕ ਦੰਪਤੀ ਨੂੰ ਗੁਰਬਾਣੀ ਦੇ ਹਵਾਲੇ ਵਿਚ ਪਰਵਾਨ ਕੀਤਾ ਹੈ:

> ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
> ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥ [1]

ਉਪਰੋਕਤ ਗੁਰਬਾਣੀ ਦੀਆਂ ਪੰਕਤੀਆਂ ਅਨੁਸਾਰ ਗੁਰੂ ਸਾਹਿਬ ਆਦਰਸ਼ਕ ਰਿਸ਼ਤਿਆਂ ਦੀ ਪਰਿਭਾਸ਼ਾ ਦਿੰਦੇ ਹੋਏ ਕਹਿੰਦੇ ਹਨ ਕਿ ਇਹ ਰਿਸ਼ਤੇ ਵਿਚਾਰਾਂ ਦੀ ਸਾਂਝ ਇਕ ਦੂਸਰੇ ਨਾਲ ਪ੍ਰੇਮ,

---

1 . *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 788 .

ਇਤਫਾਕ, ਮਿਲਵਰਤਨ ਅਤੇ ਇਕ ਦੂਸਰੇ ਦੇ ਦੁੱਖ-ਸੁੱਖ ਵਿਚ ਸਾਂਝ ਪਾਉਣਾ ਹੈ।

ਇਨ੍ਹਾਂ ਆਦਰਸ਼ਕ ਰਿਸ਼ਤਿਆਂ-ਨਾਤਿਆਂ ਦੀ ਖ਼ੂਬਸੂਰਤੀ ਅਤੇ ਹਕੀਕਤ ਨੂੰ ਸਾਹਮਣੇ ਲਿਆਉਂਦੇ ਹੋਏ ਗੁਰੂ ਸਾਹਿਬ ਫ਼ਰਮਾਉਦੇ ਹਨ:

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥ [2]

ਉਪਰੋਕਤ ਪੰਕਤੀਆਂ ਵਿਚ ਗੁਰੂ ਸਾਹਿਬ ਨੇ ਰਿਸ਼ਤਿਆਂ ਦੇ ਇੱਕ ਅਜਿਹੇ ਨਿਆਰੇਪਣ ਨੂੰ ਸਾਹਮਣੇ ਲਿਆਉਂਦਾ ਹੈ, ਜਿਸ ਦੀ ਮੌਜੂਦਾ ਸਮਾਜਿਕ ਤਾਣੇ-ਬਾਣੇ ਵਿਚ ਘਾਟ ਮਹਿਸੂਸ ਹੁੰਦੀ ਹੈ। ਗੁਰੂ ਸਾਹਿਬ ਨੇ ਦਰਸਾਇਆ ਹੈ ਕਿ ਬੱਚੇ ਤੋਂ ਸੁਭਾਵਿਕ ਰੂਪ ਵਿਚ ਗਲਤੀ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਪ੍ਰੰਤੂ ਉਸ ਬੱਚੇ ਦੇ ਮਾਤਾ-ਪਿਤਾ ਦਾ ਫ਼ਰਜ਼ ਬਣਦਾ ਹੈ ਕਿ ਉਹ ਬੱਚੇ ਨੂੰ ਗਲਤੀ ਹੋਣ ਤੋਂ ਸੁਚੇਤ ਵੀ ਕਰੇ ਅਤੇ ਆਪਣੇ ਪਿਆਰ ਵਿਚ ਕਿਸੇ ਕਿਸਮ ਦੀ ਘਾਟ ਵੀ ਨਾ ਆਉਣ ਦੇਵੇ। ਅਜਿਹੇ ਸਮਤੋਲ ਵਾਲੇ ਅਤੇ ਹਰ ਸਮੇਂ ਮਹਿਕਾਂ ਵੰਡਣ ਵਾਲੇ ਰਿਸ਼ਤੇ ਆਦਰਸ਼ਕ ਰਿਸ਼ਤੇ-ਨਾਤੇ ਕਹਿਲਾਉਂਦੇ ਹਨ।

## ਸਾਧਨਾ ਮਾਰਗ (ਨਾਮ)

ਆਦਰਸ਼ਕ ਰਿਸ਼ਤਿਆਂ ਦੀ ਪ੍ਰਾਪਤੀ ਦਾ ਸਾਧਨਾ ਮਾਰਗ ਗੁਰੂ ਸਾਹਿਬ ਜੀ ਨੇ 'ਨਾਮ' ਦੱਸਿਆ ਹੈ। ਨਾਮ ਕੀ ਹੈ? ਗੁਰਬਾਣੀ ਅਨੁਸਾਰ ਨਾਮੀ ਦੇ ਗੁਣਾਂ ਨੂੰ ਧਾਰਨ ਕਰਨ ਵਾਲਾ ਮਨੁੱਖ ਨਾਮ ਨੂੰ ਪ੍ਰਾਪਤ ਹੁੰਦਾ ਹੈ ਦੂਸਰੇ ਸ਼ਬਦਾਂ ਵਿਚ ਪਿਆਰ, ਇਤਫਾਕ, ਨਿਡਰਤਾ, ਨਿਰਵੈਰਤਾ ਆਦਿ ਸਭ ਗੁਣ ਨਾਮੀ ਦੇ ਹਨ।

ਹਉ ਵਾਰੀ ਜੀਉ ਵਾਰੀ ਗੁਰੁ ਪੂਰਾ ਮੰਨਿ ਵਸਾਵਣਿਆ॥
ਗੁਰ ਤੇ ਸਾਤਿ ਭਗਤਿ ਕਰੇ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ॥ [3]

---

2 . *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 624.

3 . *ਉਹੀ*, ਪੰਨਾ 117.

ਮਨੁੱਖ ਦਾ ਸਦੀਵੀ ਰਹਿਣ ਵਾਲਾ ਪਿਤਾ ਤੇ ਮਾਤਾ ਪਰਮਾਤਮਾ ਹੈ। ਦੂਸਰੇ ਸ਼ਬਦਾਂ ਵਿਚ ਹਰੀ, ਮਾਤਾ ਤੇ ਪਿਤਾ ਨਾਂ ਹੈ, ਉਹੀ ਹਮੇਸ਼ਾ ਸਦਾ ਨਾਲ ਨਿਭਣ ਵਾਲਾ ਹੈ। ਸਾਡੇ ਸੰਸਾਰਿਕ, ਸੰਬੰਧੀ, ਸਖੇ, ਮਿੱਤਰ, ਭਰਾ ਅਸਥਾਈ ਹਨ। ਅਸਲ ਸੰਬੰਧੀ ਕੇਵਲ ਨਾਮ ਹੀ ਹੈ। ਇਸ ਕਰਕੇ ਉਸ ਨਾਮੀ ਨੂੰ ਧਾਰਨ ਕਰਨ ਵਾਲਾ ਆਦਰਸ਼ਕ ਰਿਸ਼ਤੇ ਅਤੇ ਸਥਾਈ ਰਿਸ਼ਤੇ ਗੰਢ ਸਕਦਾ ਹੈ। ਸੋ ਆਦਰਸ਼ਕ ਰਿਸ਼ਤਿਆਂ ਨੂੰ ਅਪਣਾਉਣ ਲਈ ਨਾਮ ਦੇ ਰਸਤੇ ਰਾਹੀਂ ਗੁਜ਼ਰਨਾ ਪੈਂਦਾ ਹੈ। ਦੂਸਰੇ ਸ਼ਬਦਾਂ ਵਿਚ ਨਾਮ ਮਾਧਿਅਮ ਰਾਹੀਂ ਆਦਰਸ਼ਕ ਰਿਸ਼ਤੇ ਬਣਾਏ ਜਾ ਸਕਦੇ ਹਨ।

ਇਸ ਦੇ ਉਲਟ ਕੁਝ ਅਜਿਹੇ ਰਿਸ਼ਤੇ ਵੀ ਹਨ ਜੋ ਨਾਮ ਦੇ ਅਧਾਰਿਤ ਨਾ ਹੋ ਕੇ ਮਾਇਆ ਦੇ ਅਧਾਰਿਤ ਹਨ। ਅਜਿਹੇ ਰਿਸ਼ਤਿਆਂ ਨੂੰ ਅਸੀਂ ਗੈਰ ਆਦਰਸ਼ਕ ਰਿਸ਼ਤਿਆਂ ਦੇ ਸਿਰਲੇਖ ਹੇਠ ਰੱਖਿਆ ਹੈ।

## ਗੈਰ ਆਦਰਸ਼ਕ ਰਿਸ਼ਤੇ:

ਪਰਮਾਤਮਾਂ ਦੀਆਂ ਦਿੱਤੀਆਂ ਹੋਈਆਂ ਸਾਰੀਆਂ ਦਾਤਾਂ ਨੂੰ ਅਸੀਂ ਮਾਣਦੇ ਤਾਂ ਹਾਂ ਪ੍ਰੰਤੂ ਅਕ੍ਰਿਤਘਣ ਹੋ ਕੇ ਉਸ ਦਾਤੇ ਦਾ ਸ਼ੁਕਰ ਵੀ ਨਹੀਂ ਕਰਦੇ। ਇਸ ਤਰ੍ਹਾਂ ਦੇ ਵਿਵਹਾਰ ਵਿਚ ਰਹਿੰਦਿਆਂ ਸਾਡਾ ਸਮੁੱਚਾ ਜੀਵਨ ਅਨੈਤਿਕ ਕਾਰਜਾਂ ਨਾਲ ਭਰਿਆਂ ਹੁੰਦਾ ਹੈ। ਅਸੀਂ ਲੋਭ ਲਾਲਚ ਦੇ ਅਧੀਨ ਹੋ ਕੇ ਹਰ ਉਹ ਕੰਮ ਕਰਦੇ ਹਾਂ ਜਿਸ ਨਾਲ ਦੂਸਰੇ ਦਾ ਭਾਵੇਂ ਕਿੰਨ੍ਹਾ ਵੀ ਨੁਕਸਾਨ ਹੋਵੇ, ਪ੍ਰੰਤੂ ਸਾਨੂੰ ਲਾਭ ਹੁੰਦਾ ਹੋਵੇ। ਅਜਿਹੀ ਅਵਸਥਾ ਨਿਜ ਅਤੇ ਸੁਆਰਥ ਨਾਲ ਭਰਪੂਰ ਹੁੰਦੀ ਹੈ। ਉਦਾਹਰਣ ਵਜੋਂ ਅਸੀਂ ਰਿਸ਼ਵਤਖੋਰੀ ਆਦਿ ਕਿਸੇ ਵੀ ਮਾਧਿਅਮ ਰਾਹੀਂ ਜਦੋਂ ਕਿਸੇ ਹੋਰ ਦਾ ਹੱਕ ਖੋਹ ਕੇ ਆਪਣੇ ਕਿਸੇ ਨੇੜਲੇ ਸੰਬੰਧੀ ਆਦਿ ਨੂੰ ਲਾਲਚ ਵੱਸ ਫਾਇਦਾ ਪਹੁੰਚਾ ਰਹੇ ਹੁੰਦੇ ਹਾਂ, ਗੁਰਬਾਣੀ ਵਿਚ ਅਜਿਹੀ ਅਵਸਥਾ ਲਈ ਪ੍ਰਮਾਣ ਹੈ:

ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ॥
ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ ਸਗਲੇ ਲਰਿ ਲਰਿ ਮੂਆ॥ [4]

ਇਸ ਤਰ੍ਹਾਂ ਦੇ ਕਾਰਜਾਂ ਦਾ ਅੰਤ ਸੁਖਾਵਾਂ ਨਹੀਂ ਹੁੰਦਾ। ਲੜਾਈ, ਝਗੜਾ, ਦੁੱਖ, ਕਲੇਸ਼ ਆਦਿ ਹੀ ਉਤਪੰਨ ਹੁੰਦੇ ਹਨ। ਇਸ ਤਰ੍ਹਾਂ ਦੇ ਬੰਧਨ ਵਿਚ ਪੈ ਕੇ ਸਿਰਜੇ ਹੋਏ ਰਿਸ਼ਤੇ-ਨਾਤਿਆਂ ਨੂੰ ਗੈਰ ਆਦਰਸ਼ਕ ਰਿਸ਼ਤੇ-ਨਾਤਿਆਂ ਦੀ ਸ਼੍ਰੇਣੀ ਵਿਚ ਲਿਆ ਗਿਆ ਹੈ।

ਸੋ ਗੁਰਬਾਣੀ ਵਿਚ ਭਾਵੇਂ ਕਿੰਨੇ ਵੀ ਕਿਸੇ ਵੀ ਪ੍ਰਕਾਰ ਦੇ ਰਿਸ਼ਤਿਆਂ ਦਾ ਸੰਦਰਭ ਪ੍ਰਾਪਤ ਹੁੰਦਾ ਹੈ। ਉਨ੍ਹਾਂ ਦੇ ਬੁਨਿਆਦੀ ਰੂਪ ਵਿਚ ਦੋ ਹੀ ਅਧਾਰ ਹਨ, ਇਕ ਨਾਮ ਦੇ ਅਧਾਰਿਤ ਦੂਜੇ ਮਾਇਆ ਅਧਾਰਿਤ। ਇਨ੍ਹਾਂ ਅਧਾਰਾਂ ਦੇ ਬਹੁ-ਪੱਖੀ ਪਸਾਰੇ ਨੂੰ ਸਮਝਣ ਲਈ ਗੁਰਬਾਣੀ ਵਿਚਲੇ ਰਿਸ਼ਤਿਆਂ ਨੂੰ ਹੇਠ ਲਿਖੇ ਚਾਰ ਭਾਗਾਂ ਵਿਚ ਵੰਡ ਕੇ ਸਮਝਿਆ ਜਾ ਸਕਦਾ ਹੈ:

(ੳ) ਅਧਿਆਤਮਕ ਰਿਸ਼ਤੇ

(ਅ) ਚਿੰਨ੍ਹਾਤਮਿਕ ਰਿਸ਼ਤੇ

(ੲ) ਸੰਸਾਰਿਕ ਰਿਸ਼ਤੇ

(ਸ) ਰਾਜਨੀਤਿਕ ਰਿਸ਼ਤੇ

## (ੳ) ਅਧਿਆਤਮਕ ਰਿਸ਼ਤੇ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਿਸ਼ਤਾ-ਨਾਤਾ ਪ੍ਰਬੰਧ ਦੇ ਵਰਗੀਕਰਣ ਅਧੀਨ ਸਭ ਤੋਂ ਪਹਿਲਾਂ ਹਥਲੇ ਖੋਜ ਪ੍ਰਬੰਧ ਵਿਚ ਅਧਿਆਤਮਕ ਰਿਸ਼ਤਿਆਂ ਬਾਰੇ ਵਿਚਾਰ ਕੀਤੀ ਜਾ ਰਹੀ ਹੈ। ਅਧਿਆਤਮਕ ਰਿਸ਼ਤਿਆਂ ਦੇ ਸਿਰਲੇਖ ਅਧੀਨ ਭਗਤ ਤੇ ਪਰਮਾਤਮਾ, ਸਾਧ-ਸੰਗਤਿ ਤੇ ਜੀਵ ਅਤੇ ਗੁਰੂ ਤੇ ਸਿੱਖ ਆਉਂਦੇ ਹਨ। ਅਧਿਆਤਮਕ ਰਿਸ਼ਤੇ ਦਾ ਅਰਥ ਹੈ ਉਹ ਰਿਸ਼ਤਾ ਜਿਹੜਾ

---

4 . *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 673.

ਅਧਿਆਤਮਕ ਪੱਧਤੀ ਨਾਲ ਸੰਬੰਧ ਰੱਖਦਾ ਹੋਵੇ। ਗੁਰਬਾਣੀ ਅਨੁਸਾਰ ਗੁਰੂ ਸਾਹਿਬ ਦਾ ਸਭ ਤੋਂ ਮੁੱਢਲਾ ਮਨੋਰਥ ਮਨੁੱਖ ਦੀ ਅਧਿਆਤਮਕ ਅਵਸਥਾ ਨਾਲ ਸੰਬੰਧਿਤ ਹੀ ਰਿਹਾ ਹੈ। ਗੁਰਬਾਣੀ ਵਿਚ ਹਰ ਕਿਸਮ ਦੇ ਰਿਸ਼ਤੇ ਦਾ ਜ਼ਿਕਰ ਹੋਇਆ ਹੈ, ਭਾਵੇਂ ਉਹ ਸੰਸਾਰਿਕ ਹੈ, ਭਾਵੇਂ ਸਮਾਜਿਕ ਪਰ ਉਸ ਦੀ ਧੁਰ ਅੰਦਰ ਤਹਿ ਵਿਚ ਅਧਿਆਤਮ ਹੀ ਵਿਆਪਕ ਹੁੰਦਾ ਹੈ। ਅਸਲ ਵਿਚ ਗੁਰਬਾਣੀ ਦਾ ਉਦੇਸ਼ ਹੀ ਆਦਰਸ਼ਕ ਮਨੁੱਖ ਦੀ ਘਾੜਤ ਹੈ। ਅਧਿਆਤਮਕ ਰਿਸ਼ਤਿਆਂ-ਨਾਤਿਆਂ ਨੂੰ ਵੱਖ-ਵੱਖ ਸਿਰਲੇਖ ਅਧੀਨ ਗੁਰਬਾਣੀ ਦੀਆਂ ਤੁਕਾਂ ਦੇ ਹਵਾਲਿਆਂ ਅਧੀਨ ਵਿਚਾਰਿਆ ਜਾ ਰਿਹਾ ਹੈ।

## ਭਗਤ ਤੇ ਪਰਮਾਤਮਾ

ਭਗਤ ਦਾ ਅਰਥ ਹੈ **'ਉਪਾਸਕ'**,[5] ਉਹ ਉਪਾਸਕ ਜਿਨ੍ਹਾਂ ਦੀ ਭਾਵਨਾ ਪ੍ਰਭੂ ਨਾਲ ਜੁੜੀ ਹੋਵੇ, ਉਹ ਭਗਤ ਅਖਵਾਉਂਦੇ ਹਨ ਦੂਜੇ ਸ਼ਬਦਾਂ ਵਿਚ ਜਿਨ੍ਹਾਂ ਦਾ ਜੀਵਨ ਭਲਾ, ਕਰਮ ਭਲਾ, ਸੋਚ ਭਲੀ, ਵਿਚਾਰ ਭਲੇ, ਦ੍ਰਿਸ਼ਟੀ ਭਲੀ ਹੋਵੇ ਉਨ੍ਹਾਂ ਨੂੰ ਭਗਤ ਆਖਿਆ ਜਾਂਦਾ ਹੈ। ਅਜਿਹੇ ਭਗਤਾਂ ਦਾ ਜੀਵਨ ਸੁਖਮਈ ਹੁੰਦਾ ਹੈ। ਪ੍ਰਭੂ ਦਾ ਨਾਮ ਧਿਆਉਂਦੇ ਹੋਏ ਪ੍ਰਭੂ ਦੀ ਯਾਦ ਸਦਾ ਆਪਣੇ ਮਨ ਵਿਚ ਵਸਾਈ ਰੱਖਦੇ ਹਨ, ਉਹ ਭਗਤ ਅਖਵਾਉਂਦੇ ਹਨ। ਸੰਸਾਰਿਕ ਪੱਖ ਤੋਂ ਕਈ ਲੋਕਾਂ ਦਾ ਹਿਤ ਕਈ ਤਰ੍ਹਾਂ ਦੇ ਸੰਸਾਰਿਕ ਪਦਾਰਥਾਂ ਵਿਚ ਜੁੜਿਆ ਹੁੰਦਾ ਹੈ ਜਿਵੇਂ ਰੁਪਏ, ਪੈਸਾ, ਜ਼ਮੀਨ, ਜਾਇਦਾਦ, ਪਰਿਵਾਰਕ ਮੋਹ ਆਦਿ। ਇਸ ਕਰਕੇ ਅਜਿਹੇ ਸੰਸਾਰੀ ਲੋਕਾਂ ਦੀ ਰੁਚੀ ਪਰਮਾਤਮਾ ਨਾਲੋਂ ਟੁੱਟ ਕੇ ਇਨ੍ਹਾਂ ਦੁਨਿਆਵੀ ਪਦਾਰਥਾਂ ਵੱਲ ਹੀ ਰੁਚਿਤ ਹੋਈ ਰਹਿੰਦੀ ਹੈ। ਸੋ ਰੱਬ ਨਾਲ ਪ੍ਰੇਮ ਕਰਨ ਵਾਲੇ ਤੇ ਸਵਾਸ-ਸਵਾਸ ਉਸ ਦਾ ਸਿਮਰਨ ਕਰਨ ਵਾਲੇ ਹੀ ਸੱਚੇ ਭਗਤ ਹੁੰਦੇ ਹਨ। ਜਿਨ੍ਹਾਂ ਦੀ ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਮਹਿਮਾ ਗਾਈ ਹੈ:

---

5. ਕਾਨ੍ਹ ਸਿੰਘ ਨਾਭਾ, (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 196●, ਪੰਨਾ 9●1.

(i) ਭਗਤੁ ਸਤਿਗੁਰੁ ਪੁਰਖੁ ਸੋਈ
ਜਿਸੁ ਹਰਿ ਪ੍ਰਭ ਭਾਣਾ ਭਾਵਏ॥ [6]

(ii) ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ
ਜੋ ਭਾਵਹਿ ਮੇਰੇ ਹਰਿ ਭਗਵੰਤਾ॥ [7]

ਬਾਬਾ ਫਰੀਦ ਜੀ ਭਗਤ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੰਦੇ ਹਨ:

ਮਤਿ ਹੋਦੀ ਹੋਇ ਇਆਣਾ॥
ਤਾਣ ਹੋਦੇ ਹੋਇ ਨਿਤਾਣਾ॥
ਅਣਹੋਦੇ ਆਪੁ ਵੰਡਾਏ॥
ਕੋ ਐਸਾ ਭਗਤੁ ਸਦਾਏ॥ [8]

ਜੋ ਵਿਅਕਤੀ ਪ੍ਰਭੂ ਦੇ ਨਾਮ ਵਿਚ ਰੱਤਿਆ ਹੋਇਆ ਹੁੰਦਾ ਹੈ, ਉਸ ਲਈ ਦੁੱਖ ਅਤੇ ਸੁੱਖ ਇਕ ਸਮਾਨ ਹੋ ਜਾਂਦੇ ਹਨ:

(i) ਸੋਈ ਭਗਤੁ ਦੁਖੁ ਸੁਖੁ ਸਮਤੁ ਕਰਿ ਜਾਣੈ
ਹਰਿ ਹਰਿ ਨਾਮਿ ਹਰਿ ਰਾਤਾ॥ [9]

(ii) ਹਰਿ ਕੇ ਹੋ ਸੰਤ ਭਲੇ ਤੇ ਊਤਮ ਭਗਤ ਭਲੇ
ਜੋ ਭਾਵਤ ਹਰਿ ਰਾਮ ਮੁਰਾਰੀ॥ [1●]

ਪਰਮਾਤਮਾ ਨਾਲ ਜੁੜ ਕੇ ਭਗਤਾਂ ਦੀ ਅਜਿਹੀ ਅਵਸਥਾ ਬਣ ਜਾਂਦੀ ਹੈ ਕਿ ਉਹ ਮੈਲ ਤੋਂ ਰਹਿਤ ਸਵੱਛ ਅਤੇ ਸਾਫ, ਨਿਰਮਲਤਾ ਦੇ ਧਾਰਨੀ ਹੋ ਜਾਂਦੇ ਹਨ। ਅਜਿਹੇ ਭਗਤਾਂ ਨੂੰ ਜੁਗਾਂ ਜੁਗਾਂ ਤੱਕ ਜਾਣਿਆ ਜਾਂਦਾ ਹੈ। ਗੁਰਬਾਣੀ ਵਿਚ ਅਨੇਕਾਂ ਹੀ ਭਗਤਾਂ ਦੀਆਂ ਕਥਾਵਾਂ ਦੇ ਹਵਾਲੇ ਪ੍ਰਾਪਤ ਹਨ, ਜਿਵੇਂ ਭਗਤ ਧੰਨਾ, ਰਵਿਦਾਸ, ਨਾਮਦੇਵ ਆਦਿ।

---

6. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 923.
7. *ਉਹੀ*, ਪੰਨਾ 348.
8. *ਉਹੀ*, ਪੰਨਾ 1384.
9. *ਉਹੀ*, ਪੰਨਾ 574.
10. *ਉਹੀ*, ਪੰਨਾ 12●1.

ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਧੰਨੇ ਭਗਤ ਦੇ ਭਗਤੀ ਭਾਵ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਹੈ :-

ਬਾਮ੍ਹਣੁ ਪੂਜੈ ਦੇਵਤੇ ਧੰਨਾ ਗਊ ਚਰਾਵਣਿ ਆਵੈ॥
ਧੰਨੈ ਡਿਠਾ ਚਲਿਤੁ ਏਹੁ ਪੂਛੈ ਬਾਮ੍ਹਣੁ ਆਖਿ ਸੁਣਾਵੈ॥
… … … …
ਪਥਰੁ ਇਕੁ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ॥
ਠਾਕੁਰ ਨੋ ਨ੍ਹਾਵਾਲਿ ਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ॥
… … … …
ਗੋਸਾਈ ਪਰਤਖਿ ਹੋਇ ਰੋਟੀ ਖਾਹਿ ਛਾਹਿ ਮੁਹਿ ਲਾਵੈ॥
ਭੋਲਾ ਭਾਉ ਗੋਬਿੰਦੁ ਮਿਲਾਵੈ॥ [11]

ਉਪਰੋਕਤ ਅਨੁਸਾਰ ਇਹ ਗੱਲ ਸਹਿਜੇ ਹੀ ਸਮਝ ਦਾ ਹਿੱਸਾ ਬਣ ਜਾਂਦੀ ਹੈ ਕਿ ਰੱਬੀ ਭਾਵਨਾ ਨਾਲ ਓਤ-ਪੋਤ ਰਹਿਣ ਵਾਲੇ ਜੀਵਾਂ ਅੰਦਰ ਭਗਤੀ ਭਾਵਨਾ ਸਹਿਜੇ ਹੀ ਉਤਪੰਨ ਹੋ ਜਾਂਦੀ ਹੈ। ਸਭ ਤੋਂ ਵੱਡੀ ਗੱਲ ਹੈ ਬ੍ਰਹਮ ਭਾਵਨਾ ਵਿਚ ਰਹਿਣਾ। ਇਸੇ ਭਾਵਨਾ ਵਿਚ ਰਹਿਣ ਵਾਲਿਆਂ ਦਾ ਜੀਵਨ ਆਨੰਦਮਈ ਹੁੰਦਾ ਹੈ ਅਤੇ ਉਹ ਪ੍ਰਭੂ ਨਾਲ ਗਿਲ੍ਹੇ ਨਹੀਂ ਕਰਦਾ। ਪਰਮਾਤਮਾ ਦੇ ਭਗਤਾਂ ਦੇ ਮਨ ਵਿਚੋਂ ਸਦਾ ਇਹੋ ਅਰਦਾਸ ਨਿਕਲਦੀ ਹੈ ਜਿਵੇਂ:

ਜਿਉ ਭਾਵੈ ਤਿਉ ਰਾਖਿ ਲੈ ਹਮ ਸਰਣਿ ਪ੍ਰਭ ਆਏ ਰਾਮ ਰਾਜੇ॥
ਹਮ ਭੂਲਿ ਵਿਗਾੜਹ ਦਿਨਸੁ ਰਾਤਿ ਹਰਿ ਲਾਜ ਰਖਾਏ॥ [12]

ਭਗਤ ਤੇ ਪਰਮਾਤਮਾ ਸੰਬੰਧੀ ਵਿਚਾਰ ਕਰਦਿਆਂ ਇਹ ਗੱਲ ਜ਼ਾਹਰ ਰੂਪ ਵਿਚ ਸਾਹਮਣੇ ਆਈ ਹੈ ਕਿ ਭਗਤ ਤੇ ਪਰਮਾਤਮਾ ਦੇ ਨਿਰਮਲ ਰਿਸ਼ਤੇ ਵਿਚ ਭਗਤ 'ਜਗਿਆਸੂ' ਹੈ। ਰੱਬੀ ਭਾਣੇ ਵਿਚ ਜੀਵਨ ਜਿਊਂਣ ਵਾਲੇ ਭਗਤ ਦੇ ਹਰ ਕਾਰਜ ਵਿਚ ਪ੍ਰਭੂ ਸਹਾਇਤਾ ਕਰਦਾ ਹੈ:

---

11. ਅਮਰ ਸਿੰਘ 'ਚਾਕਰ' (ਸੰਪਾ.), *ਵਾਰਾਂ ਭਾਈ ਗੁਰਦਾਸ ਜੀ*, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2●●1, ਵਾਰ 1●/13, ਪੰਨਾ 1●8.
12. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 45●.

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥ [13]

ਉਸ ਦੇ ਹੁਕਮ ਵਿਚ ਰਹਿ ਕੇ ਨਾਮ ਰੂਪੀ ਵਣਜ ਨੂੰ ਕਮਾਉਂਦਾ ਹੋਇਆ, ਉਸ ਨਾਲ ਓਤ-ਪੋਤ ਰਹਿੰਦਾ ਹੈ ਕਿਉਂਕਿ ਪ੍ਰਭੂ ਦੇ ਭਗਤਾਂ ਦੀ ਰਾਸ ਪੂੰਜੀ ਨਾਮ ਹੈ।

(i) ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ
ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥ [14]

(ii) ਭਗਤਾਂ ਕਾ ਭੋਜਨੁ ਹਰਿ ਨਾਮ ਨਿਰੰਜਨੁ
ਪੈਨਣੁ ਭਗਤਿ ਬਡਾਈ॥ [15]

ਗੁਰੂ ਸਾਹਿਬ ਆਪਣੀ ਬਾਣੀ ਵਿਚ ਉਚਾਰਨ ਕਰਦੇ ਹਨ ਕਿ ਉਹ ਭਗਤ ਭਾਗਾਂ ਵਾਲੇ ਹਨ ਜਿਹੜੇ ਹਰ ਸਮੇਂ ਮੁੱਖੋਂ ਹਰਿ ਨਾਮ ਦਾ ਉਚਾਰਨ ਕਰਦੇ ਹਨ:

ਧੰਨੁ ਧਨੁ ਭਾਗ ਤਿਨਾ ਭਗਤ ਜਨਾ
ਜੋ ਹਰਿ ਨਾਮਾ ਹਰਿ ਮੁਖਿ ਕਹਤਿਆ॥ [16]

ਰੱਬੀ ਗੁਣਾਂ ਦਾ ਵਪਾਰ ਕਰਨ ਵਾਲੇ ਭਗਤ ਸਦਾ ਅਨੰਦ ਵਿਚ ਰਹਿੰਦੇ ਹਨ, ਉਨ੍ਹਾਂ ਦਾ ਭੋਜਨ ਰੱਬੀ ਨਾਮ ਬਣ ਜਾਂਦਾ ਹੈ, ਜਿਸ ਨੂੰ ਜਪ-ਜਪ ਕੇ ਉਹ ਜਿਉਂਦੇ ਹਨ ਅਤੇ ਨਾਮ ਵਿਚ ਅੱਠੇ ਪਹਿਰ ਲੀਨ ਰਹਿੰਦੇ ਹਨ। ਗੁਰਬਾਣੀ ਫ਼ਰਮਾਨ ਹੈ:

ਨਾਮੁ ਭਗਤ ਕੈ ਪ੍ਰਾਨ ਅਧਾਰੁ॥ [17]

ਜੋ ਭਗਤ ਪ੍ਰਭੂ ਦੇ ਨਾਮ ਨਾਲ ਜੁੜ ਕੇ ਇਕਮਿਕ ਹੋ ਜਾਂਦੇ ਹਨ ਉਹ ਪਰਮਾਤਮਾ ਨੂੰ ਭਾਉਣ ਲੱਗ ਜਾਂਦੇ ਹਨ ਕਿਉਂਕਿ ਪ੍ਰਭੂ ਨੂੰ ਭਗਤ ਵਛਲ ਆਖਿਆ ਜਾਂਦਾ ਹੈ। ਗੁਰਬਾਣੀ ਵਿਚ

---

13. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 783.
14. *ਉਹੀ*, ਪੰਨਾ 734.
15. *ਉਹੀ*, ਪੰਨਾ 1233.
16. *ਉਹੀ*, ਪੰਨਾ 649.
17. *ਉਹੀ*, ਪੰਨਾ 189.

ਗੁਰੂ ਸਾਹਿਬ ਜੀ ਫ਼ਰਮਾਨ ਕਰਦੇ ਹਨ:

ਹਰਿ ਜੀਉ ਭਗਤਿ ਵਛਲੁ ਸੁਖਦਾਤਾ ਕਰਿ ਕਿਰਪਾ ਮੰਨਿ ਵਸਾਈ॥ [18]

ਪਰਮਾਤਮਾ ਅਤੇ ਭਗਤ ਦੇ ਰਿਸ਼ਤੇ ਵਿਚ ਸੰਸਾਰਿਕ ਜਾਤ-ਪਾਤ ਦਾ ਕੋਈ ਸਥਾਨ ਨਹੀਂ। ਭਗਤ ਚਾਹੇ ਕਿਸੇ ਵੀ ਜਾਤੀ ਨਾਲ ਸੰਬੰਧਤ ਹੋਵੇ। ਉਹ ਆਪਣੇ ਭਗਤ ਨੂੰ ਹਰ ਤਰ੍ਹਾਂ ਪਿਆਰਦਾ ਅਤੇ ਸਤਿਕਾਰਦਾ ਹੈ। [19]

ਭਗਤਾਂ ਦੀ ਪਰਮਾਤਮਾ ਨਾਲ ਨੇੜਤਾ ਐਨੀ ਡੂੰਘੀ ਹੈ ਕਿ ਜਿਸ ਨੇ ਵੀ ਪ੍ਰਭੂ ਨਾਲ ਪ੍ਰੇਮ ਦਾ ਰਿਸ਼ਤਾ ਪਾਇਆ, ਉਸ ਦੀ ਵਡਿਆਈ ਜੁਗਾ ਜੁਗਾਂ ਤੱਕ ਪਰਮਾਤਮਾ ਕਰਵਾਉਂਦਾ ਰਹਿੰਦਾ ਹੈ। ਭਗਤਾਂ ਦਾ ਮਾਣ ਤਾਣ ਪ੍ਰਭੂ ਤੇ ਹੁੰਦਾ ਹੈ। ਤੀਰਥਾਂ ਦਾ ਇਸ਼ਨਾਨ ਕਰਨ, ਧਰਤੀ ਦਾ ਭਰਮਣ ਕਰਨ, ਬਹੁਤਾ ਦਾਨ ਪੁੰਨ ਕਰਨ ਨਾਲ, ਬੇਦ ਆਦਿਕ ਦੇ ਪਾਠ ਕਰਨ ਨਾਲ ਪਰਮਾਤਮਾ ਵਸ ਵਿਚ ਨਹੀਂ ਆਉਂਦਾ ਪਰ ਇਕੋ-ਇਕ ਰੱਬ ਦੇ ਪਿਆਰੇ ਭਗਤ ਹਨ, ਜਿਨ੍ਹਾਂ ਨੇ ਪ੍ਰੇਮ ਦੀ ਡੋਰ ਪਾ ਕੇ ਪ੍ਰਭੂ ਨੂੰ ਆਪਣੇ ਵੱਸ ਵਿਚ ਕਰ ਲਿਆ ਹੈ:

ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥
ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥ [20]

ਇਸ ਤਰ੍ਹਾਂ ਪ੍ਰਭੂ ਆਪਣੇ ਭਗਤਾਂ ਦੀ ਵਡਿਆਈ ਕਰਵਾਉਂਦਾ ਹੈ, ਜਿਨ੍ਹਾਂ ਨੇ ਪਰਮਾਤਮਾ ਨਾਲ ਰਿਸ਼ਤੇ ਦੀ ਗੰਢ ਪੱਕੀ ਕੀਤੀ, ਉਹ ਪੂਜਣ ਯੋਗ ਹੋ ਗਏ। ਗੁਰਬਾਣੀ ਵਿਚ ਐਸੇ ਰੱਬ ਦੇ ਪਿਆਰੇ ਭਗਤਾਂ ਦੀ ਸ਼ਲਾਘਾ ਕਰਨ ਦਾ ਉਪਦੇਸ਼ ਅੰਕਿਤ ਹੈ:

---

18. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 65.
19. ਸਗਲ ਭਗਤ ਜਾ ਕਾ ਨਾਮੁ ਅਧਾਰੁ॥
    *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 182.
20. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 962.

ਹਰਿ ਸੰਤਨ ਕਰਿ ਨਮੋ ਨਮੋ॥
ਨਉ ਨਿਧਿ ਪਾਵਹਿ ਅਤੁਲੁ ਸੁਖੋ॥ [21]

ਪਰਮਾਤਮਾ ਦੀ ਬੰਦਗੀ ਕਰਦਿਆਂ ਅਤੇ ਸੰਸਾਰ ਦੇ ਦੁਖੀ ਬੇਸਹਾਰਾ ਜੀਵਾਂ ਨੂੰ ਪ੍ਰਭੂ ਦੀ ਅੰਸ਼ ਜਾਣ ਕੇ ਸੇਵਾ ਕਰਦਿਆਂ ਭਗਤ ਸਦਾ ਮਾਨਸਿਕ ਤੌਰ ਤੇ ਸੁਖੀ ਰਹਿੰਦੇ ਹਨ, ਉਨ੍ਹਾਂ ਦਾ ਜੀਵਨ ਆਨੰਦਮਈ ਹੋ ਜਾਂਦਾ ਹੈ। [22]

ਅਜਿਹੇ ਭਗਤਾਂ ਦੀ ਰੱਖਿਆ ਕਰਨਾ ਪਰਮਾਤਮਾ ਦਾ ਸੁਭਾਅ ਹੈ। ਉਸ ਨੇ ਹਰ ਦੁੱਖ, ਬਿਪਤਾ ਅਤੇ ਔਖੇ ਵੇਲੇ ਭਗਤ ਦੀ ਸਦਾ ਹੀ ਨੇੜੇ ਹੋ ਕੇ ਸਹਾਇਤਾ ਕੀਤੀ, ਉਦਾਹਰਣ ਵਜੋਂ [23] ਹਰਨਾਖਸ਼ ਨਾਂ ਦੇ ਰਾਜੇ ਨੂੰ ਆਪਣੇ ਆਪ ਉਤੇ ਇੰਨ੍ਹਾ ਹੰਕਾਰ ਹੋ ਗਿਆ ਕਿ ਉਸ ਨੇ ਸਾਰੀ ਰੱਯਤ (ਪ੍ਰਜਾ) ਨੂੰ ਆਪਣਾ ਨਾਂ (ਹਰਨਾਖਸ਼) ਜਪਣ ਦਾ ਆਦੇਸ਼ ਦੇ ਦਿੱਤਾ ਪਰ ਹਸਨਾਖਸ਼ ਦਾ ਆਪਣਾ ਪੁੱਤਰ ਪ੍ਰਹਿਲਾਦ ਪ੍ਰਭੂ ਭਗਤ ਸੀ, ਉਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਹਰਨਾਖਸ਼ ਨੂੰ ਇਹ ਗੱਲ ਚੰਗੀ ਨਾ ਲੱਗੀ ਅਤੇ ਉਸ ਨੇ ਪ੍ਰਹਿਲਾਦ ਉਪਰ ਜ਼ਬਰਦਸਤੀ ਕਰਨੀ ਸ਼ੁਰੂ ਕਰ ਦਿੱਤੀ ਪਰ ਪ੍ਰਹਿਲਾਦ ਆਪਣੇ ਨਿਸਚੇ ਉੱਪਰ ਅਟੱਲ ਸੀ ਜਿਸਦੇ ਫਲਸਰੂਪ ਹਰਨਾਖਸ਼ ਨੇ

---

21. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 241.
22. ਹਰਿ ਕੇ ਚਾਕਰ ਸਦਾ ਸੁਹੇਲੇ
ਗੁਰ ਚਰਣੀ ਚਿਤੁ ਲਾਏ॥
*ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 247.
23. (i) ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ॥
ਹਰਨਾਖਸੁ ਛੇਦਿਓ ਨਖ ਬਿਦਾਰ॥
... ... ...
ਪ੍ਰਹਲਾਦ ਉਧਾਰੇ ਅਨਿਕ ਬਾਰ॥
*ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1194.
(ii) ਹਰਨਾਖਸੁ ਜਿਨਿ ਨਖਹ ਬਿਦਾਰਿਓ
ਸੁਰਿ ਨਰ ਕੀਏ ਸਨਾਥਾ॥
*ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1165.

ਪ੍ਰਹਿਲਾਦ ਤੇ ਕਈ ਤਰ੍ਹਾਂ ਦੇ ਜ਼ੁਲਮ ਕੀਤੇ। ਪ੍ਰਹਿਲਾਦ ਉੱਪਰ ਪਿਤਾ ਹਰਨਾਖਸ਼ ਦੇ ਕਿਸੇ ਜ਼ੁਲਮ ਦਾ ਕੋਈ ਅਸਰ ਨਾ ਹੋਇਆ। ਪ੍ਰਭੂ ਨੇ ਆਪ ਹਾਜ਼ਰ ਹੋ ਕੇ ਆਪਣੇ ਭਗਤ ਦੀ ਰੱਖਿਆ ਕੀਤੀ। ਗੁਰੂ ਸਾਹਿਬ ਫ਼ੁਰਮਾਨ ਕਰਦੇ ਹਨ:

ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ
ਧੁਰਿ ਤੂ ਰਖਦਾ ਆਇਆ।। [24]

ਹਰਨਾਖਸ਼ ਵਲੋਂ ਭਗਤ ਪ੍ਰਹਿਲਾਦ ਉੱਪਰ ਪ੍ਰਭੂ ਦਾ ਨਾਮ ਜਪਣ ਕਰਕੇ ਢਾਹੇ ਜੁਲਮਾਂ ਦਾ ਹਵਾਲਾ ਭਾਈ ਗੁਰਦਾਸ ਜੀ ਵੀ ਦਿੰਦੇ ਹਨ:

ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।।
ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦੁ।।
… … … …
ਰਾਜੇ ਪਾਸਿ ਰੂਆਇਆ ਦੋਖੀ ਦੈਤਿ ਵਧਾਇਆ ਵਾਦੁ।।
ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।।
… … … …
ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ।।
ਜੈ ਜੈ ਕਾਰ ਕਰਨਿ ਬ੍ਰਹਮਾਦਿ।। [25]

ਜਿਵੇਂ ਭਗਤ ਪ੍ਰਹਿਲਾਦ ਦੀ ਇੱਜ਼ਤ ਪ੍ਰਭੂ ਨੇ ਆਪ ਰੱਖੀ ਅਤੇ ਹਰਨਾਖਸ਼ ਨੂੰ ਦੁਰਕਾਰਿਆ ਉਸੇ ਤਰ੍ਹਾਂ ਜਦੋਂ ਪਰਮਾਤਮਾ ਅਤੇ ਭਗਤ ਦੇ ਰਿਸ਼ਤੇ ਦੀ ਗੰਢ ਪੱਕੀ ਹੋ ਜਾਂਦੀ ਹੈ। ਉਸ ਸਮੇਂ ਜਿਹੜੀ ਆਨੰਦਮਈ ਅਲੋਕਿਕ ਸਥਿਤੀ ਬਣਦੀ ਹੈ ਉਸ ਦਾ ਵਿਖਿਆਨ ਕਰਨਾ ਬਹੁਤ ਮੁਸ਼ਕਿਲ ਹੈ। ਰੱਬ ਦੇ ਭਗਤ ਸਦਾ ਖਿੜਾਓ ਵਿਚ ਰਹਿੰਦੇ ਹਨ, ਜਿਹੜੇ ਕਦੇ ਮੁਰਝਾਉਂਦੇ ਨਹੀਂ। ਇਹ ਖੇੜੇ ਅਤੇ ਆਨੰਦ ਦੀ ਅਵਸਥਾ ਨਾਮ ਸਿਮਰਨ ਤੋਂ ਪੈਦਾ ਹੁੰਦੀ ਹੈ, ਜਿਵੇਂ ਭਗਤ ਰਵਿਦਾਸ ਜੀ

---

24. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 637.

25. ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ*, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2●●1, ਵਾਰ 1●/2, ਪੰਨਾ 1●3.

ਗੁਰਬਾਣੀ ਵਿਚ ਫ਼ੁਰਮਾਉਂਦੇ ਹਨ [26] ਕਿ ਜਿਸ ਸ਼ਹਿਰ ਦਾ ਮੈਂ ਵਾਸੀ ਹਾਂ ਉਸ ਦਾ ਨਾਮ ਬੇਗ਼ਮਪੁਰਾ ਹੈ। ਉਸ ਸ਼ਹਿਰ ਵਿਚ ਰਹਿੰਦੇ ਮੈਨੂੰ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਐਸੇ ਸ਼ਹਿਰ ਵਿਚ ਵੱਸਣ ਵਾਲੇ ਸਾਰੇ ਲੋਕ ਹੀ ਭਲੇ ਹਨ। ਨਾ ਕੋਈ ਚੋਰੀ ਕਰਦਾ ਹੈ, ਨਾ ਕਿਸੇ ਦਾ ਕੋਈ ਬੁਰਾ ਤੱਕਦਾ ਹੈ। ਭਗਤ ਜੀ ਐਸੀ ਮਾਨਸਿਕ ਦਸ਼ਾ ਦੀ ਗੱਲ ਕਰਦੇ ਹਨ ਜੋ ਨਾਮ ਜਪ ਕੇ ਬਣਦੀ ਹੈ। ਨਾਮ ਜਪਣ ਵਾਲੇ ਨਿਰਭਉ ਹੋ ਜਾਂਦੇ ਹਨ। ਰੱਬੀ ਭਾਣੇ ਵਿਚ ਰਹਿਣ ਕਰਕੇ ਭਗਤਾਂ ਨੂੰ ਸੰਸਾਰ ਦਾ ਸੰਜੋਗ-ਵਿਯੋਗ, ਦੁੱਖ-ਸੁੱਖ, ਨਫਾ-ਨੁਕਸਾਨ, ਹੱਸਣਾ-ਰੋਣਾ, ਜਨਮ-ਮਰਨ ਨਹੀਂ ਸਤਾਉਂਦੇ। ਉਹ ਸਦਾ ਸੱਚੇ ਪ੍ਰਭੂ ਦੀ ਕੀਰਤੀ ਵਿਚ ਮਗਨ ਰਹਿੰਦੇ ਹਨ। ਗੁਰੂ ਜੀ ਫ਼ਰਮਾਨ ਕਰਦੇ ਹਨ:

(i) ਭਗਤ ਜਨਾ ਕਉ ਸਦਾ ਅਨੰਦੁ ਹੈ
ਹਰਿ ਕੀਰਤਨੁ ਗਾਇ ਬਿਗਸਾਵੈ॥ [27]

(ii) ਭਗਤਾ ਮਨਿ ਆਨੰਦੁ ਭਇਆ
ਹਰਿ ਨਾਮਿ ਰਹੇ ਲਿਵ ਲਾਏ ਰਾਮ॥ [28]

ਪਰਮਾਤਮਾ ਦੀ ਭਗਤੀ ਕਰਨ ਵਾਲੇ ਨਿਰਭਉ (ਡਰ ਰਹਿਤ) ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਦਾ ਰਿਸ਼ਤਾ ਡਰ ਨੂੰ ਮੇਟਣ ਵਾਲੇ ਪ੍ਰਭੂ ਨਾਲ ਹੋ ਜਾਂਦਾ ਹੈ। ਉਹ ਨਾ ਕਿਸੇ ਤੋਂ ਡਰਦੇ ਹਨ ਅਤੇ ਨਾ ਹੀ ਕਿਸੇ ਨੂੰ ਡਰਾਉਂਦੇ ਹਨ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ [29]

---

26. ਬੇਗਮਪੁਰਾ ਸਹਰ ਕੋ ਨਾਉ॥
… … …
ਜੋ ਹਮ ਸਹਰੀ ਸੁ ਮੀਤੁ ਹਮਾਰਾ॥
*ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 345.
27. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 373.
28. *ਉਹੀ*, ਪੰਨਾ 77●.
29. *ਉਹੀ*, ਪੰਨਾ 1427.

ਸੰਸਾਰ ਵਿਚ ਵੱਡੇ-ਵੱਡੇ ਛਤ੍ਰਪਤੀ ਰਾਜੇ ਹੋ ਗੁਜ਼ਰੇ ਹਨ। ਉਨ੍ਹਾਂ ਦਾ ਨਾਮ ਇਤਿਹਾਸਕ ਪੰਨਿਆਂ ਵਿਚ ਭਾਵੇਂ ਹੋਵੇ ਪਰ ਲੋਕਾਂ ਦੇ ਦਿਲਾਂ ਵਿਚੋਂ ਗੁਆਚ ਗਏ ਹਨ ਪਰ ਪ੍ਰਭੂ ਦੇ ਭਗਤ ਲੋਕਾਂ ਦੇ ਦਿਲ ਦੇ ਰਾਜੇ ਹੰਦੇ ਹਨ, ਜਿਨ੍ਹਾਂ ਦਾ ਲੋਕ ਮਨਾਂ ਵਿਚ ਸਤਿਕਾਰ ਹੁੰਦਾ ਹੈ।

ਭਾਰਤੀ ਮਿਥਿਹਾਸ ਵਿਚ ਧ੍ਰੂ ਭਗਤ ਦੀ ਸਥਿਰ ਅਵਸਥਾ ਦਾ ਜ਼ਿਕਰ ਆਉਂਦਾ ਹੈ ਕਿ ਉਤਾਨਪਦ ਨਾਮੀ ਇਕ ਰਾਜਾ ਹੋਇਆ ਹੈ। ਇਸ ਰਾਜੇ ਦਾ ਪੁੱਤਰ ਧ੍ਰੂ ਸੀ। ਧ੍ਰੂ ਨੂੰ ਉਸ ਦੀ ਮਤ੍ਰੇਈ ਮਾਂ ਨੇ ਪਿਤਾ ਦੀ ਗੋਦ ਵਿਚੋਂ ਬਾਹਰ ਕੱਢ ਦਿੱਤਾ। ਧ੍ਰੂ ਦੀ ਆਪਣੀ ਮਾਤਾ ਭਗਤੀ ਭਾਵ ਦੀ ਹੋਣ ਕਰਕੇ ਉਸ ਨੇ ਧ੍ਰੂ ਭਗਤ ਨੂੰ ਭਗਤੀ ਵੱਲ ਪ੍ਰੇਰਿਤ ਕੀਤਾ। ਮਾਤਾ ਦੀ ਪ੍ਰੇਰਣਾ ਸਦਕਾ ਧ੍ਰੂ ਭਗਤ ਨੇ ਪ੍ਰਭੂ ਦੀ ਬੰਦਗੀ ਕਰਨ ਦਾ ਵਿਚਾਰ ਮਨ ਵਿਚ ਬਣਾਇਆ ਅਤੇ ਜੰਗਲਾਂ ਵਿਚ ਚਲਾ ਗਿਆ। ਇਸ ਬਾਲਕ ਦੀ ਭਗਤੀ ਤੋਂ ਪ੍ਰਭੂ ਜੀ ਬੜੇ ਪ੍ਰਸੰਨ ਹੋਏ ਅਤੇ ਉਸ ਨੂੰ ਅਟਲ ਪਦਵੀ ਦੀ ਪ੍ਰਾਪਤੀ ਹੋਈ। ਗੁਰੂ ਤੇਗ ਬਹਾਦਰ ਸਾਹਿਬ ਸੋਰਠਿ ਰਾਗ ਵਿਚ ਵਰਨਣ ਕਰਦੇ ਹਨः

ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ॥
ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ॥ [30]

ਭਗਤ ਪਰਮਾਤਮਾ ਦੀ ਭਗਤੀ ਕਰਕੇ ਆਪਣਾ ਉਧਾਰ ਤਾਂ ਕਰਦੇ ਹੀ ਹਨ, ਉਨ੍ਹਾਂ ਦੇ ਸੰਗੀ ਸਾਥੀ ਵੀ ਇਸ ਸੰਸਾਰ ਵਿਚੋਂ ਤਰ ਜਾਂਦੇ ਹਨ। ਭਗਤਾਂ ਦੀ ਸੰਗਤ ਤਾਂ ਪਾਪੀਆਂ ਨੂੰ ਵੀ ਤਾਰ ਦਿੰਦੀ ਹੈ। ਜਿਵੇਂ ਗਨਿਕਾ ਦਾ ਨਾਂ ਆਉਂਦਾ ਹੈ ਜਿਸ ਦਾ ਭਾਈ ਗੁਰਦਾਸ ਜੀ ਕਥਨ ਕਰਦੇ ਹਨः

ਗਨਿਕਾ ਪਾਪਣਿ ਹੋਇ ਕੈ ਪਾਪਾਂ ਦਾ ਗਲਿ ਹਾਰੁ ਪਰੋਤਾ॥
ਮਹਾਂ ਪੁਰਖ ਆਚਾਣਚਕ ਗਨਿਕਾ ਵਾੜੇ ਆਇ ਖਲੋਤਾ॥
ਦੁਰਮਤਿ ਦੇਖਿ ਦਇਆਲੁ ਹੋਇ ਹਥਹੁ ਉਸ ਨੋ ਦਿਤੋਨੁ ਤੋਤਾ॥ [31]

---

30. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 632.

31. ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2001, ਵਾਰ 10/13, ਪੰਨਾ 112.

ਭਗਤਾਂ ਦਾ ਮਨ ਦਿਆਲੂ ਹੁੰਦਾ ਹੈ। ਉਹ ਕਿਸੇ ਦੀ ਕਠੋਰਤਾ ਅਤੇ ਪਾਪਾਂ ਨੂੰ ਦੇਖ ਕੇ ਦਇਆ ਦੇ ਘਰ ਵਿਚ ਆ ਜਾਂਦੇ ਹਨ। ਭਗਤਾਂ ਦਾ ਉਪਦੇਸ਼ ਨੰਗੇ (ਬੇ-ਪਤੇ) ਲੋਕਾਂ ਲਈ ਕਪੜੇ ਦੇ ਸਮਾਨ ਹੁੰਦਾ ਹੈ, ਜਿਸ ਨੂੰ ਪਹਿਨ ਕੇ ਨੰਗੇ ਵੀ ਕੱਜੇ ਜਾਂਦੇ ਹਨ। ਗੁਰਬਾਣੀ ਦਾ ਵਿਚਾਰ ਹੈ :

ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ॥ [32]

ਹੁਣ ਤੱਕ ਦੀ ਵਿਚਾਰ ਚਰਚਾ ਤੋਂ ਅਸੀਂ **ਆਖ ਸਕਦੇ** ਹਾਂ ਕਿ ਭਗਤ ਉਹ ਹਨ, ਜਿਨ੍ਹਾਂ ਦੀ ਲਿਵ ਪ੍ਰਭੂ ਨਾਲ ਜੁੜੀ ਹੋਈ ਹੋਵੇ। ਪ੍ਰਭੂ ਨਾਲ ਜੁੜ ਕੇ ਭਗਤ ਦੀ ਅਜਿਹੀ ਅਵਸਥਾ ਬਣ ਜਾਂਦੀ ਹੈ ਕਿ ਉਹ ਮੈਲ ਤੋਂ ਰਹਿਤ, ਸਵੱਛ, ਸਾਫ ਅਤੇ ਨਿਰਮਲਤਾ ਦੀ ਧਾਰਨੀ ਹੋ ਜਾਂਦਾ ਹੈ। ਭਗਤ ਪ੍ਰਭੂ ਦੇ ਹੁਕਮ ਵਿਚ ਰਹਿ ਕੇ ਉਸ ਦੇ ਨਾਮ ਨੂੰ ਅਪਣਾਉਂਦਾ ਹੈ ਕਿਉਂਕਿ ਪ੍ਰਭੂ ਅਤੇ ਭਗਤ ਦਾ ਰਿਸ਼ਤਾ ਪਿਆਰ ਦਾ ਅਟੁੱਟ ਰਿਸ਼ਤਾ ਹੈ। ਪ੍ਰਭੂ ਦੇ ਨਾਮ ਨਾਲ ਜੁੜ ਕੇ ਭਗਤ ਦੇ ਮਨ ਵਿਚ ਵਿਗਾਸ ਪੈਦਾ ਹੁੰਦਾ ਹੈ। ਮਨ ਦੁੱਖਾਂ ਤੇ ਪਾਪਾਂ ਤੋਂ ਨਿਰਲੇਪ ਰਹਿੰਦਾ ਹੈ। ਭਗਤ ਲਈ ਪ੍ਰਭੂ ਦਾ ਨਾਮ ਬੀਜ ਅਤੇ ਸਰੀਰ ਭੂਮੀ ਹੈ। ਨਾਮ ਵਿਚ ਓਤ ਪੋਤ ਹੋਏ ਭਗਤ ਦੀ ਰੱਖਿਆ ਉਸ ਦਾ ਡਰ ਅਤੇ ਉਸ ਦਾ ਉਧਾਰ ਦਾ ਕਾਰਜ ਸਭ ਕੁਝ ਪਰਮਾਤਮਾ ਦੇ ਹੱਥ ਹੁੰਦਾ ਹੈ। ਸੋ ਅਜਿਹੇ ਭਗਤ ਹੀ ਪਰਮਾਤਮਾ ਦੇ ਦਰ ਤੇ ਪ੍ਰਵਾਨ ਹੋਏ ਮੰਨੇ ਜਾਂਦੇ ਹਨ।

## ਸਾਧ-ਸੰਗਤਿ ਤੇ ਜੀਵ

ਜਦੋਂ ਅਸੀਂ ਸਤ-ਸੰਗਤਿ ਜਾਂ ਸਾਧ-ਸੰਗਤਿ ਦੀ ਗੱਲ ਕਰਦੇ ਹਾਂ ਤਾਂ ਇਸ ਦੇ ਅਰਥ ਇਹੀ ਸਮਝ ਆਉਂਦੇ ਹਨ ਕਿ ਸਤ-ਪੁਰਸ਼ਾਂ ਜਾਂ ਸਾਧ-ਜਨਾਂ ਦੇ ਮਿਲ ਬੈਠਣ ਕਰਕੇ ਹੋਇਆ ਇਕੱਠ ਹੀ ਸਤ-ਸੰਗਤਿ ਹੈ। ਗੁਰੂ ਸਾਹਿਬ ਗੁਰਬਾਣੀ ਵਿਚ ਥਾਂ-ਥਾਂ ਤੇ ਸਤ-ਸੰਗਤਿ ਦੇ ਗੁਣਾਂ ਦਾ ਵਿਖਿਆਨ ਕਰਦੇ ਹੋਏ ਇਸ ਦੀ ਮਹਿਮਾ ਦਾ ਵਰਨਣ ਕਰਦੇ ਹਨ। ਗੁਰੂ ਸਾਹਿਬ ਸਤ-ਸੰਗਤਿ ਦੀ ਸੰਖੇਪ

---

32. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 811.

ਸ਼ਬਦਾਂ ਵਿਚ ਪਰਿਭਾਸ਼ਾ ਦਿੰਦੇ ਹੋਏ ਆਪ ਹੀ ਪ੍ਰਸ਼ਨ ਕਰਦੇ ਹਨ ਤੇ ਆਪ ਹੀ ਉਤਰ ਦਿੰਦੇ ਹਨ:

ਸਤਸੰਗਤਿ ਕੈਸੀ ਜਾਣੀਐ॥ [33]

ਇਸ ਦਾ ਉੱਤਰ ਹੈ:

ਜਿਥੈ ਏਕੋ ਨਾਮੁ ਵਖਾਣੀਐ॥ [34]

ਅਤੇ ਉਪਰੋਕਤ ਉੱਤਰ ਦੀ ਵਿਆਖਿਆ ਹੈ:

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥ [35]

ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ ਸਤ-ਸੰਗਤਿ ਉਹ ਸਭਾ ਜਾਂ ਇੱਕਠ ਹੈ ਜਿਥੇ ਸਿਰਫ ਇਕੋ ਪਰਮਾਤਮਾ ਦੇ ਨਾਮ ਦੀ ਵਿਚਾਰ ਅਤੇ ਵਿਖਿਆਨ ਕੀਤਾ ਜਾਂਦਾ ਹੋਵੇ ਅਤੇ ਉਹ ਨਾਮ ਪਰਮਾਤਮਾ ਦਾ ਹੁਕਮ ਹੈ ਜਿਸ ਦੀ ਸਮਝ ਸੱਚੇ ਗੁਰੂ ਤੋਂ ਗਿਆਨ ਪ੍ਰਾਪਤ ਕਰਕੇ ਹੀ ਹੁੰਦੀ ਹੈ। ਅਜਿਹੀ ਸਤਿ ਦੀ ਸੰਗਤਿ ਨਾਮ ਦੀ ਰੰਗਣ ਨਾਲ ਜੁੜੇ ਗੁਰਮੁਖਾਂ ਮਹਾਪੁਰਖਾਂ ਦੇ ਮਿਲਾਪ ਵਿਚ ਹੀ ਹੋ ਸਕਦੀ ਹੈ।

ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਸਾਧ-ਸੰਗਤਿ ਦੀ ਮਹਿਮਾ ਦਾ ਭਰਪੂਰ ਜ਼ਿਕਰ ਕੀਤਾ ਹੈ। ਜਿਹੜਾ ਜੀਵ ਸਾਧ-ਸੰਗਤਿ ਕਰਦਾ, ਸਤਸੰਗੀ ਸ਼ੁਭ ਗੁਣਾਂ ਨੂੰ ਗ੍ਰਹਿਣ ਕਰਦਾ ਹੈ। ਉਸ ਨੂੰ ਭਲੇ-ਬੁਰੇ ਦੀ ਸਮਝ ਆ ਜਾਂਦੀ ਹੈ ਅਤੇ ਅਗਿਆਨਤਾ ਦਾ ਨਾਸ਼ ਹੋ ਜਾਂਦਾ ਹੈ ਪਰ ਸਾਧ-ਸੰਗਤਿ ਉਨ੍ਹਾਂ ਵਡਭਾਗੀਆਂ ਨੂੰ ਹੀ ਪ੍ਰਾਪਤ ਹੁੰਦੀ ਹੈ ਜਿਨ੍ਹਾਂ ਉੱਤੇ ਪ੍ਰਭੂ ਦੀ ਕਿਰਪਾ ਹੁੰਦੀ ਹੈ। ਕਿਉਂਕਿ ਸੰਗਤ ਵਿਚ ਨਾਮ ਦੇ ਰੰਗ ਵਿਚ ਰੱਤੇ ਕਈ ਗੁਰਸਿੱਖਾਂ ਨਾਲ ਮੇਲ ਹੁੰਦਾ ਹੈ। ਸੰਗਤ ਵਿਚ ਨਾਮ ਦੀ ਵਿਆਖਿਆ ਤੋਂ ਬਿਨ੍ਹਾਂ ਸੰਗਤ ਇਕ ਮੇਲਾ ਜਾਂ ਜਲਸੇ ਦਾ ਰੂਪ ਹੈ। ਸੁਰਤਿ ਨੂੰ ਪੂਰੀ ਇਕਾਗਰਤਾ

---

33. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 72.
34. *ਉਹੀ*, ਪੰਨਾ 72.
35. *ਉਹੀ*, ਪੰਨਾ 72.

ਨਾਲ ਨਾਮ ਤੇ ਕੇਵਲ ਪ੍ਰਭੂ ਨਾਮ ਨਾਲ ਹੀ ਜੋੜਨਾ ਸੰਗਤ ਦੀ ਮਰਯਾਦਾ ਹੈ। ਗੁਰੂ ਸਾਹਿਬ ਗੁਰਬਾਣੀ ਵਿਚ ਫ਼ਰਮਾਨ ਕਰਦੇ ਹਨ ਕਿ ਜੀਵ ਨੂੰ ਵੱਡੇ ਭਾਗਾਂ ਨਾਲ ਹੀ ਸਾਧ-ਸੰਗਤਿ ਦੀ ਪ੍ਰਾਪਤ ਹੁੰਦੀ ਹੈ:

ਵਡਭਾਗੀ ਹਰਿ ਸੰਗਤਿ ਪਾਵਹਿ॥
ਭਾਗਹੀਨ ਭ੍ਰਮਿ ਚੋਟਾ ਖਾਵਹਿ॥
ਬਿਨੁ ਭਾਗਾ ਸਤਸੰਗੁ ਨ ਲਭੈ
ਬਿਨੁ ਸੰਗਤਿ ਮੈਲੁ ਭਰੀਜੈ ਜੀਉ॥ [36]

ਸਾਧ-ਸੰਗਤਿ ਵਿਚ ਜੁੜ ਕੇ ਜੀਵ ਨੂੰ ਪ੍ਰਭੂ ਦੇ ਸਿਮਰਨ ਕਰਨ ਦਾ ਉਪਦੇਸ਼ ਮਿਲਦਾ ਹੈ ਜਿਸ ਨਾਲ ਜੀਵ ਦੇ ਮਨ ਦੀ ਅਡੋਲਤਾ, ਸਹਿਜ ਅਤੇ ਠਹਿਰਾਉ ਆਉਂਦਾ ਹੈ:

(i) ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ [37]

(ii) ਜਾ ਕਉ ਕ੍ਰਿਪਾ ਕਰੀ ਪ੍ਰਭਿ ਮੇਰੈ ਮਿਲਿ ਸਾਧਸੰਗਤਿ ਨਾਉ ਲੀਆ॥ [38]

ਭਾਈ ਗੁਰਦਾਸ ਜੀ ਤਾਂ ਇਥੋਂ ਤੱਕ ਕਹਿੰਦੇ ਹਨ ਕਿ ਜਿਸ ਸ਼ਬਦ ਨਾਲ ਗੁਰੂ ਪਰਿਚਕ ਹੁੰਦਾ ਹੈ ਉਸ ਸ਼ਬਦ ਦਾ ਪ੍ਰਗਟ ਪਸਾਰਾ ਸਾਧ-ਸੰਗਤਿ ਦੁਆਰਾ ਹੀ ਮਾਨਿਆ ਜਾ ਸਕਦਾ ਹੈ:

ਗੁਰ ਮੂਰਤਿ ਗੁਰ ਸਬਦੁ ਹੈ
ਸਾਧਸੰਗਤਿ ਵਿਚਿ ਪਰਗਟੀ ਆਇਆ॥ [39]

ਗੁਰਬਾਣੀ ਦੇ ਉਪਦੇਸ਼ ਅਨੁਸਾਰ ਮਨੁੱਖ ਮਾਤਰ ਲਈ ਸਭ ਤੋਂ ਮੁੱਢਲੀ ਅਤੇ ਅਹਿਮ ਲੋੜ ਨਾਮ ਹੈ। ਇਸੇ ਨਾਮ ਦੀ ਪ੍ਰਾਪਤੀ ਨਾਲ ਹੀ ਜੀਵ ਨੇ ਆਪਣਾ ਇਹ ਮਨੁੱਖਾ ਜੀਵਨ ਸਫਲ ਕਰਨਾ

---

36. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 95.
37. *ਉਹੀ,* ਪੰਨਾ 12.
38. *ਉਹੀ*, ਪੰਨਾ 611.
39. ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2●●1, ਵਾਰ 24/25, ਪੰਨਾ 266.

ਹੈ। ਇਸ ਨਾਮ ਦੀ ਪ੍ਰਾਪਤੀ ਦਾ ਉੱਤਮ ਸਥਾਨ ਸਾਧ-ਸੰਗਤਿ ਹੈ।

ਭਗਤ ਕਬੀਰ ਜੀ ਜਦੋਂ ਸਾਧ-ਸੰਗਤਿ ਦੀ ਸ੍ਰੇਸ਼ਟਤਾ ਦੀ ਗੱਲ ਕਰਦੇ ਹਨ ਤਾਂ ਉਹ ਇਸ ਨੂੰ ਬੈਕੁੰਠ ਦਾ ਦਰਜਾ ਦਿੰਦੇ ਹਨ:

(i) ਕਹੁ ਕਬੀਰ ਇਹ ਕਹੀਐ ਕਾਹਿ॥
ਸਾਧਸੰਗਤਿ ਬੈਕੁੰਠੈ ਆਹਿ॥ [40]

(ii) ਕਹਿ ਕਮੀਰ ਅਬ ਕਹੀਐ ਕਾਹਿ॥
ਸਾਧਸੰਗਤਿ ਬੈਕੁੰਠੈ ਆਹਿ॥ [41]

ਭਗਤ ਕਬੀਰ ਜੀ ਅਨੁਸਾਰ ਇਸ ਧਰਤੀ ਉੱਪਰ ਜੇ ਕੋਈ ਸਵਰਗ ਹੈ ਜਾਂ ਸਵਰਗ ਦੀ ਤੁਲਨਾ ਵਿਚ ਇਸ ਦੇ ਗੁਣਾਂ ਨਾਲ ਭਰਪੂਰ ਸਥਾਨ ਸਾਧ-ਸੰਗਤਿ ਦਾ ਹੈ।

ਗੁਰੂ ਸਾਹਿਬ ਸਾਧ ਸੰਗਤਿ ਦੀ ਸ਼੍ਰੇਸ਼ਟਤਾ ਅਤੇ ਮਹੱਤਵ ਬਾਰੇ ਦੱਸਦੇ ਹੋਏ ਫੁਰਮਾਉਂਦੇ ਹਨ ਕਿ ਸਿਰਫ ਉਹੀ ਇੱਕਠ ਸਾਧ-ਸੰਗਤਿ ਹੈ ਜਿਸ ਵਿਚ ਸਿਰਫ ਇਕ ਨਾਮ (ਪਰਮਾਤਮਾ) ਦੀ ਹੀ ਵਿਚਾਰ ਕੀਤੀ ਜਾਂਦੀ ਹੈ:

ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ [42]

ਸਾਧ-ਸੰਗਤਿ ਦੀ ਸ੍ਰੇਸ਼ਟਤਾ ਉਦੋਂ ਹੋਰ ਵੀ ਸਪਸ਼ਟ ਹੋ ਜਾਂਦੀ ਹੈ ਜਦੋਂ ਭਾਈ ਗੁਰਦਾਸ ਜੀ ਇਸ ਨੂੰ ਸੱਚਖੰਡ ਕਹਿੰਦੇ ਹਨ ਅਤੇ ਸਤ-ਸੰਗਤਿ ਦੇ ਦੁਆਰੇ ਚਾਰੇ ਹੀ ਵਰਨਾਂ ਲਈ ਖੁੱਲ੍ਹੇ ਰੱਖ ਕੇ ਸਭ ਨੂੰ ਸ਼ਾਮਲ ਹੋਣ ਦਾ ਹਾਰਦਿਕ ਸੱਦਾ ਵੀ ਦਿੰਦੇ ਹਨ। ਭਾਈ ਗੁਰਦਾਸ ਜੀ ਅਨੁਸਾਰ ਗੁਰਮਤਿ ਦੇ ਪ੍ਰਕਾਸ਼ ਦਾ ਢੁੱਕਵਾਂ ਥਾਂ ਸਾਧ-ਸੰਗਤਿ ਹੈ:

---

40 . *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 325.

41 . *ਉਹੀ*, ਪੰਨਾ 1161.

42 . *ਉਹੀ*, ਪੰਨਾ 378.

ਸਾਧਸੰਗਤਿ ਸਚੁ ਖੰਡੁ ਹੈ ਭਾਉ ਭਗਤਿ ਅਭਿਆਸੀ॥
ਚਹੁ ਵਰਨਾ ਉਪਦੇਸੁ ਕਰਿ ਗੁਰਮਤਿ ਪਰਗਾਸੀ॥ [43]

ਜਿਵੇਂ ਪਾਰਸ ਦਾ ਸੰਗ ਕਰਕੇ ਲੋਹਾ ਸੋਨਾ ਬਣ ਜਾਂਦਾ ਹੈ। ਇਸੇ ਤਰ੍ਹਾਂ ਅਸ਼ੁੱਧ ਮਨ, ਚੰਗੇ ਬੰਦਿਆਂ ਦੀ ਸੰਗਤ ਕਰਕੇ ਸ਼ੁੱਭ ਅਤੇ ਪਵਿੱਤਰ ਹੋ ਜਾਂਦਾ ਹੈ।

ਪੰਜਵੇਂ ਗੁਰੂ ਜੀ ਦੇ ਸਿੱਖ ਭਾਈ ਬਿਧੀ ਚੰਦ ਜਿਨ੍ਹਾਂ ਨੇ ਬਹੁਤ ਸਮਾਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਹਜ਼ੂਰੀ ਵਿਚ ਰਹਿ ਕੇ ਸੇਵਾ ਕੀਤੀ ਜੋ ਕਿ ਪਹਿਲਾਂ ਇਕ ਧਾੜਵੀ (ਡਾਕੂ) ਸੀ। ਗੁਰੂ ਕੇ ਸਿੱਖ ਭਾਈ ਅਦਲੀ ਜੀ ਦੀ ਸੰਗਤ ਕਰਕੇ ਬਿਧੀਆ ਡਾਕੂ ਬੁਰੇ ਕੰਮ ਕਰਨੇ ਛੱਡ ਕੇ ਗੁਰੂ ਜੀ ਦਾ ਮਹਾਨ ਸਿੱਖ ਬਣਿਆ। ਸਾਧ-ਸੰਗਤ ਦੇ ਪ੍ਰਭਾਵ ਨੇ ਹੀ ਗਨਿਕਾ (ਵੇਸਵਾ) ਅਤੇ ਅਜਾਮਲ ਵਰਗੇ ਪਾਪੀ ਨੂੰ ਤਾਰਿਆ:

(i) ਸਾਧਸੰਗਿ ਪਰਮ ਗਤਿ ਪਾਈਐ
ਮਾਇਆ ਰਚਿ ਬੰਧਿ ਹਾਰੇ॥ [44]

(ii) ਸਤਸੰਗਤਿ ਮਨਿ ਭਾਈ ਹਰਿ ਰਸਨ ਰਸਾਈ
ਵਿਚਿ ਸੰਗਤਿ ਹਰਿ ਰਸੁ ਹੋਇ ਜੀਉ॥ [45]

ਇਹ ਸਾਧ-ਸੰਗਤਿ ਦੀ ਨਿਰਮਲ ਵਡਿਆਈ ਹੈ ਕਿ ਸਾਧ-ਸੰਗਤਿ ਕਰਨ ਨਾਲ ਜੀਵ ਨੂੰ ਬਿਬੇਕ (ਵਿਚਾਰ) ਵਾਲੀ ਬੁੱਧੀ ਪ੍ਰਾਪਤ ਹੋ ਜਾਂਦੀ ਹੈ ਅਤੇ ਹਉਮੈ ਨਾਸ਼ ਹੋ ਜਾਂਦੀ ਹੈ। ਸਾਧ-ਸੰਗਤਿ ਕਰਨ ਨਾਲ ਵਹਿਮਾਂ ਭਰਮਾਂ ਦਾ ਨਾਸ਼ ਹੋ ਜਾਂਦਾ ਹੈ। ਪੰਜੇ ਕਾਮਦਾਇਕ ਵਿਕਾਰਾਂ ਨੂੰ ਸਾਧ-ਸੰਗਤਿ ਦੀ ਬਰਕਤ ਨਾਲ ਹੀ ਵੱਸ ਵਿਚ ਕੀਤਾ ਜਾ ਸਕਦਾ ਹੈ। ਬਜਰ ਪਾਪ ਧੋਤੇ ਜਾਂਦੇ ਹਨ। ਸ਼ੁੱਭ-ਅਸ਼ੁੱਭ ਦੀ ਜਾਣਕਾਰੀ ਹੋ ਜਾਂਦੀ ਹੈ। ਮਨ ਨਾਮ ਜਪਣ ਵੱਲ ਰੁਚਿਤ ਹੋ ਜਾਂਦਾ ਹੈ। ਐਸਾ ਗੁਰਮੁਖ ਸਾਰੇ

---

43. ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2001, ਵਾਰ 9/1, ਪੰਨਾ 93.
44. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 714.
45. *ਉਹੀ*, ਪੰਨਾ 446.

ਸੰਸਾਰ ਦੀ ਭਲਾਈ ਲਈ ਸੋਚਦਾ ਹੈ। ਸਤ-ਸੰਗਤਿ ਕਰਨ ਵਾਲੇ ਦਾ ਜੀਵਨ ਪਰਉਪਕਾਰੀ ਹੋ ਜਾਂਦਾ ਹੈ। ਲੋਕਾਈ ਦੀ ਸੇਵਾ ਕਰਦਿਆਂ ਉਸ ਦੇ ਮਨ ਵਿਚ ਕੋਈ ਲਾਲਚ ਨਹੀਂ ਹੁੰਦਾ। ਮਨ ਵਿਚ ਪ੍ਰੇਮ ਹੋਣ ਕਰਕੇ ਸਭਨਾਂ ਦੇ ਭਲੇ ਦੀ ਅਰਦਾਸ ਹੁੰਦੀ ਹੈ। ਇਹ ਸਾਧ-ਸੰਗਤਿ ਦੀ ਹੀ ਵਡਿਆਈ ਹੈ ਕਿ ਜਿਸ ਦੀ ਬਰਕਤ ਨਾਲ ਜੀਵ ਚਾਰੇ ਚੱਕਾਂ ਵਿਚ ਪ੍ਰਸਿੱਧ ਹੋ ਜਾਂਦਾ ਹੈ ਕਿਉਂਕਿ ਜਨਮਾਂ ਤੋਂ ਸੁੱਤਾ ਹੋਇਆ ਮਨ ਸਾਧ-ਸੰਗਤਿ ਕਰਨ ਨਾਲ ਜਾਗ ਪੈਂਦਾ ਹੈ ਜਿਵੇਂ:

(i) ਸੁਖੁ ਨਾਹੀ ਰੇ ਹਰਿ ਭਗਤਿ ਬਿਨਾ॥
ਜੀਤਿ ਜਨਮੁ ਇਹੁ ਰਤਨੁ ਅਮੋਲਕੁ
ਸਾਧਸੰਗਤਿ ਜਪਿ ਇਕ ਖਿਨਾ॥ [46]

(ii) ਸਾਧਸੰਗਿ ਜਨਮ ਮਰਨ ਨਿਵਾਰੇ ਬਹੁਰਿ ਨ ਕਤਹੂ ਧਾਇਆ॥ [47]

ਸਤਿ-ਸੰਗਤਿ ਦੇ ਜ਼ਰੀਏ ਜਿਥੇ ਮਨ ਪਵਿਤਰ ਹੋ ਜਾਂਦਾ ਹੈ ਉਥੇ ਉਹ ਸਥਾਨ ਵੀ ਪਵਿੱਤਰ ਹੋ ਜਾਂਦਾ ਹੈ, ਜਿਥੇ ਸਾਧ-ਸੰਗਤਿ ਹੋ ਰਹੀ ਹੋਵੇ। ਉਸ ਕੁਲ੍ਹੀ ਨੂੰ ਵੀ ਭਾਗ ਲੱਗ ਜਾਂਦੇ ਹਨ, ਜਿਥੇ ਸਤਿਸੰਗੀ ਬੈਠ ਕੇ ਨਾਮ ਜਪਦੇ ਹਨ। ਉਹ ਵੱਡੇ ਮਹੱਲ ਕਿਸੇ ਕੰਮ ਨਹੀਂ ਆਉਂਦੇ, ਜਿਸ ਵਿਚ ਪ੍ਰਵੇਸ਼ ਪਾ ਕੇ ਪਰਮਾਤਮਾ ਭੁੱਲ ਜਾਂਦਾ ਹੋਵੇ:

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥ ਰਹਾਉ॥ [48]

ਮਨੁੱਖਾ ਜੀਵਨ ਦੇ ਹੋਰ ਦੁੱਖਾਂ ਦੇ ਨਾਲ-ਨਾਲ ਇਕ ਅਹਿਮ ਦੁੱਖ ਜਨਮ ਮਰਨ ਦਾ ਹੈ। ਗੁਰਬਾਣੀ ਵਿਚ ਇਸ ਲਈ ਇਕ ਢੁੱਕਵਾਂ ਸ਼ਬਦ ਆਵਾਗਵਣ ਵਰਤਿਆ ਗਿਆ ਹੈ। ਹਰ ਕੋਈ ਇਸ ਜਨਮ ਮਰਨ ਦੇ ਦੁੱਖ ਤੋਂ ਛੁਟਕਾਰਾ ਚਾਹੁੰਦਾ ਹੈ। ਗੁਰੂ ਉਪਦੇਸ਼ ਅਨੁਸਾਰ ਸਿਰਫ ਨਾਮ ਹੀ ਆਵਾਗਵਣ ਤੋਂ ਛੁਟਕਾਰਾ ਦਿਵਾਉਣ ਦੇ ਸਮਰੱਥ ਹੈ ਅਤੇ ਨਾਮ ਦੀ ਪ੍ਰਾਪਤੀ ਦਾ ਸਥਾਨ

---

46. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 21●.
47. *ਉਹੀ,* ਪੰਨਾ 1268.
48 . *ਉਹੀ*, ਪੰਨਾ 745.

ਸਾਧ-ਸੰਗਤਿ ਹੈ। ਸੋ ਸਾਧ ਸੰਗਤਿ ਵਿਚ ਜਾਣ ਨਾਲ ਜਿਥੇ ਹੋਰ ਦੁੱਖਾਂ ਦੀ ਨਵਿਰਤੀ ਹੁੰਦੀ ਹੈ ਉਥੇ ਆਵਾਗਵਣ ਤੋਂ ਵੀ ਛੁਟਕਾਰਾ ਮਿਲਦਾ ਹੈ:

(i) ਸਾਧਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ।। [49]

(ii) ਸਾਧਸੰਗਤਿ ਹੋਹਿ ਨਿਰਮਲੁ ਬਹੁੜਿ ਜੋਨਿ ਨ ਆਉ।। [50]

ਸੰਸਾਰ ਵਿਚ ਜੀਵਨ ਜਿਉਂਦੇ ਹੋਏ ਜਿਨ੍ਹਾਂ ਮਨੁੱਖਾਂ ਨੇ ਜੀਵਨ ਲਕਸ਼ ਨੂੰ ਪ੍ਰਾਪਤ ਕਰਨ ਲਈ ਸਾਧ-ਸੰਗਤਿ ਵਿਚ ਪ੍ਰਭੂ ਦਾ ਨਾਮ ਜਪਿਆ ਹੈ, ਉਨ੍ਹਾਂ ਦੀ ਕੀਤੀ ਬੰਦਗੀ ਰੱਬੀ ਦਰਗਾਹ ਵਿਚ ਪ੍ਰਵਾਨ ਹੋ ਜਾਂਦੀ ਹੈ। ਉਹ ਆਪਣਾ ਉੱਜਲਾ ਮੂੰਹ ਲੈ ਕੇ ਆਪਣੇ ਅਨੇਕਾਂ ਸੰਗੀਆਂ ਨਾਲ ਸੰਸਾਰ ਸਾਗਰ ਤੋਂ ਪਾਰ ਲੰਘ ਜਾਂਦੇ ਹਨ:

ਸਾਧਸੰਗਿ ਨਾਨਕ ਨਾਮੁ ਧਿਆਇਆ ਮੁਖ ਊਜਲ ਭਏ ਦਰਬਾਰਾ।। [51]

ਸਾਧ-ਸੰਗਤਿ ਜੀਵ ਲਈ ਪ੍ਰਭੂ ਪ੍ਰਾਪਤੀ ਦਾ ਵਸੀਲਾ ਹੈ। ਗੁਰਬਾਣੀ ਅਨੁਸਾਰ ਪਰਮਾਤਮਾ ਸਾਧ-ਸੰਗਤਿ ਵਿਚ ਵਸਦਾ ਹੈ। ਭਾਈ ਗੁਰਦਾਸ ਜੀ ਆਪਣੇ ਕਬਿੱਤ ਸੱਵਈਏ ਵਿਚ ਕਲਮਬੰਦ ਕਰਦੇ ਹਨ ਕਿ ਇਕ ਵਾਰੀ ਨਾਰਦਮੁਨੀ ਜੀ ਨੇ ਪ੍ਰਭੂ ਤੋਂ ਪੁੱਛ ਕੀਤੀ ਕਿ ਹੇ ਭਗਵਾਨ ਤੁਹਾਡਾ ਧਾਮ, ਟਿਕਾਣਾ, ਘਰ ਕਿਥੇ ਹੈ? ਤੁਸੀਂ ਕਿਸ ਜਗ੍ਹਾ ਤੇ ਵਸਦੇ, ਰਹਿੰਦੇ ਹੋ? ਤਾਂ ਅੱਗੋ ਪ੍ਰਭੂ ਦਾ ਜਵਾਬ ਸੀ :

ਨਿਜਘਰ ਮੇਰੋ ਸਾਧਸੰਗਤਿ ਨਾਰਦਮੁਨਿ,
ਦਰਸਨ ਸਾਧਸੰਗ ਮੇਰੋ ਨਿਜ ਰੂਪ ਹੈ।। [52]

ਪਰਮਾਤਮਾ ਦਾ ਅਸਲ ਘਰ ਸਾਧ-ਸੰਗਤਿ ਹੈ। ਜੋ ਜੀਵ ਪ੍ਰੇਮ ਨਾਲ ਸਾਧ-ਸੰਗਤਿ ਕਰਦੇ

---

49. *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 44.

50. *ਉਹੀ*, ਪੰਨਾ 1220.

51. *ਉਹੀ*, ਪੰਨਾ 631.

52. ਓਅੰਕਾਰ ਸਿੰਘ, *ਕਬਿੱਤ ਸਵੈਯੇ ਭਾਈ ਗੁਰਦਾਸ ਪਾਠ, ਤੁਕ-ਤਤਕਰਾ ਅਨੁਕ੍ਰਮਣਿਕਾ ਅਤੇ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993. ਕਬਿੱਤ ਸਵੈਯਾ 303, ਪੰਨਾ 78.

ਹਨ। ਪਰਮਾਤਮਾ ਉਨ੍ਹਾਂ ਨੂੰ ਸਾਧ-ਸੰਗਤ ਵਿਚੋਂ ਹੀ ਮਿਲ ਪੈਂਦਾ ਹਾਂ। ਇਸ ਲਈ ਸਾਧ-ਸੰਗਤਿ ਹੀ ਗੁਰਬਾਣੀ ਅਨੁਸਾਰ ਪ੍ਰਭੂ ਪ੍ਰਾਪਤੀ ਦਾ ਵਸੀਲਾ ਹੈ।

ਪਰ ਇਸ ਦੀ ਪ੍ਰਾਪਤੀ ਵੱਡੇ ਭਾਗਾਂ ਨਾਲ ਹੀ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 36 ਮਹਾਂਪੁਰਸ਼ਾਂ ਦੀ ਬਾਣੀ ਦਰਜ ਹੈ। ਇਨ੍ਹਾਂ ਮਹਾਂਪੁਰਸ਼ਾਂ ਦੀ ਬਾਣੀ ਪੜ੍ਹ ਕੇ ਪਤਾ ਚਲਦਾ ਹੈ ਕਿ ਹਰ ਭਗਤ ਨੂੰ ਪ੍ਰਭੂ ਪ੍ਰਾਪਤੀ ਗੁਰੂ ਦੀ ਸੰਗਤ ਵਿਚੋਂ ਹੀ ਹੋਈ ਹੈ। ਜੀਵ ਸੰਗਤ ਕਰਕੇ ਅਤੇ ਨਾਮ ਜਪ ਕੇ ਪਿੰਗਲੇ ਪਰਬਤਾਂ ਨੂੰ ਸਰ ਕਰ ਲੈਂਦੇ ਹਨ ਅਤੇ ਮੂਰਖ ਸਿਆਣੇ ਵਕਤੇ ਬਣ ਜਾਂਦੇ ਹਨ। ਸਾਧ-ਸੰਗਤਿ ਕਰਨ ਦੀ ਮਹਿਮਾ ਗੁਰੂ ਜੀ ਨੇ ਇਸ ਸ਼ਬਦ ਵਿਚ ਅੰਕਤ ਕੀਤੀ ਹੈ ਪਰ ਪ੍ਰਾਪਤੀ ਭਾਗਾਂ ਨਾਲ ਹੁੰਦੀ ਦੱਸੀ ਹੈ:

ਵਡੈ ਭਾਗਿ ਸਤਸੰਗਤਿ ਪਾਈ ਗੁਰੁ ਸਤਿਗੁਰੁ ਪਰਸਿ ਭਗਵਾਨ॥ [53]

ਜਿਹੜਾ ਜੀਵ ਕਦੇ ਵੀ ਸਾਧ-ਸੰਗਤਿ ਨਹੀਂ ਕਰਦਾ, ਉਹ ਚੌਰਾਸੀ ਲੱਖ ਜੂਨਾਂ ਵਿਚ ਭਟਕਦਾ ਰਹਿੰਦਾ ਹੈ। ਜਨਮ ਮਰਨ ਦੇ ਚੱਕਰ ਵਿਚੋਂ ਨਿਕਲਣ ਲਈ ਮਨੁੱਖਾ ਜਨਮ ਦਰਵਾਜ਼ੇ ਦੀ ਨਿਆਂਈ ਹੈ। ਇਸ ਸਟੇਜ ਨੂੰ ਪ੍ਰਾਪਤ ਕਰਕੇ ਜੀਵ ਆਤਮਾ ਨਾਮ ਜਪ ਕੇ ਸਾਧ-ਸੰਗਤਿ ਕਰਕੇ ਮੁਕਤ ਹੋ ਸਕਦੀ ਹੈ:

ਅੰਤਰਿ ਲਹਰਿ ਲੋਭਾਨੁ ਪਰਾਨੀ ਸੋ ਪ੍ਰਭੁ ਚਿਤਿ ਨ ਆਵੈ॥
ਸਾਧਸੰਗਤਿ ਸਿਉ ਸੰਗੁ ਨ ਕੀਆ ਬਹੁ ਜੋਨੀ ਦੁਖੁ ਪਾਵੈ॥ [54]

ਭਾਈ ਗੁਰਦਾਸ ਜੀ ਵੀ ਆਪਣੀ ਵਾਰ ਵਿਚ ਫ਼ਰਮਾਨ ਕਰਦੇ ਹੋਏ ਕਹਿੰਦੇ ਹਨ ਕਿ ਵਿਕਾਰਾਂ ਵਿਚ ਫਸੇ ਹੋਏ ਜੀਵ ਸਾਧ-ਸੰਗਤਿ ਦੇ ਰਿਸ਼ਤੇ ਤੋਂ ਵਾਂਝੇ ਰਹਿ ਜਾਂਦੇ ਹਨ :

ਸਾਧਸੰਗਤਿ ਗੁਰ ਸਬਦੁ ਸੁਣਿ ਰਿਦੈ ਨ ਵਸੈ ਅਭਾਗ ਪਰਾਣੀ॥
ਹਉਮੈ ਅੰਦਰਿ ਭਰਮਿ ਭੁਲਾਣੀ॥ [55]

---

53. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1335.

54. *ਉਹੀ*, ਪੰਨਾ 77.

55. ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2001, ਵਾਰ 17/5, ਪੰਨਾ 183.

ਸਰੀਰ ਭਾਵੇਂ ਕਿਸੇ ਨੂੰ ਕਿੰਨਾ ਵੀ ਸੁੰਦਰ ਮਿਲਿਆ ਹੋਵੇ, ਉੱਚੀ ਕੁੱਲ ਵਿਚ ਪੈਦਾ ਹੋਇਆ ਹੋਵੇ, ਚਤੁਰਾਈ ਅਤੇ ਸਿਆਣਪ ਦਾ ਮਾਲਕ ਹੋਵੇ, ਆਪਣੇ ਮੂੰਹੋਂ ਬੜੀਆਂ ਸਿਆਣੀਆਂ ਗੱਲਾਂ ਕਰਨੀਆਂ ਵੀ ਜਾਣਦਾ ਹੋਵੇ, ਅਤੇ ਬਹੁਤੇ ਧਨ ਦਾ ਵੀ ਮਾਲਕ ਹੋਵੇ, ਇਹ ਪੰਜ ਚੀਜ਼ਾਂ ਕਿਸੇ ਨੂੰ ਮਿਲ ਜਾਣ ਪਰ ਪ੍ਰਭੂ ਦੀ ਪ੍ਰੀਤ ਅਤੇ ਸਾਧ-ਸੰਗਤਿ ਤੋਂ ਟੁੱਟਿਆ ਹੋਵੇ ਤਾਂ ਧਰਤੀ ਤੇ ਪਈ ਲੋਥ ਵਾਂਗ ਹੈ। ਇਹ ਗੁਣ ਕਿਸੇ ਵੀ ਕੰਮ ਨਹੀਂ। ਐਸਾ ਮਨੁੱਖ ਮਾਨੋਂ ਧਰਤੀ ਤੇ ਭਾਰ ਹੈ:

ਮਿਰਤਕ ਦੇਹ ਸਾਧਸੰਗ ਬਿਹੂਨਾ॥
ਆਵਤ ਜਾਤ ਜੋਨੀ ਦੁਖ ਖੀਨਾ॥ [56]

ਗੁਰੂ ਜੀ ਕਹਿੰਦੇ ਹਨ ਕਿ ਸਾਧ-ਸੰਗਤਿ ਤੋਂ ਬਿਨ੍ਹਾਂ ਜੀਵ ਮੁਰਦਾ ਹੈ ਜਿਵੇਂ ਸਵਾਸਾਂ ਤੋਂ ਬਿਨ੍ਹਾਂ ਦੇਹ ਦੁਹੇਲੀ ਹੈ। ਪ੍ਰਭੂ ਭਗਤੀ ਤੋਂ ਬਿਨ੍ਹਾਂ ਅਨੇਕਾਂ ਗੁਣ ਅਤੇ ਸਿਆਣਪਾਂ ਕਿਸੇ ਵੀ ਕੰਮ ਨਹੀਂ।

ਸਾਧ ਸਭਾ ਮਹਿ ਸਹਜੁ ਨ ਚਾਖਿਆ ਜਿਹਬਾ ਰਸੁ ਨਹੀ ਰਾਈ॥
ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ ਦਰ ਕੀ ਖਬਰਿ ਨ ਪਾਈ॥ [57]

ਜਿਸ ਤਰ੍ਹਾਂ ਬੱਚੇ ਨੂੰ ਸੰਸਾਰ ਦਾ ਗਿਆਨ ਦੇਣ ਲਈ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਹਨ, ਜਿਨ੍ਹਾਂ ਵਿਚ ਬੱਚਾ ਤਾਲੀਮ ਪ੍ਰਾਪਤ ਕਰਦਾ ਹੋਇਆ ਇਕ ਦਿਨ ਸੰਸਾਰ ਦੀ ਅਤੇ ਪਦਾਰਥਾਂ ਦੀ ਸਮਝ ਰੱਖਣ ਵਾਲਾ ਹੋ ਜਾਂਦਾ ਹੈ। ਭਾਵੇਂ ਕਿ ਇਨ੍ਹਾਂ ਸਿੱਖਿਆ ਦੇ ਅਦਾਰਿਆਂ ਵਿਚ ਬੱਚਾ ਵਿੱਦਿਆ ਪ੍ਰਾਪਤ ਕਰਕੇ ਡਾਕਟਰ, ਇੰਜੀਨੀਅਰ, ਵਿਗਿਆਨਿਕ, ਦਾਰਸ਼ਨਿਕ ਅਤੇ ਫਿਲਾਸਫਰ ਆਦਿ ਬਣਦਾ ਹੈ ਪਰ ਇਹ ਸਾਰੀ ਸਮਝ ਪਦਾਰਥ ਦੀ ਹੀ ਹੈ। ਪਦਾਰਥ ਦੇ ਗਿਆਨ ਦੇ ਨਾਲ-ਨਾਲ ਇਕ ਐਸਾ ਗਿਆਨ ਵੀ ਹੈ, ਜਿਸ ਨੂੰ ਪਰਮਾਤਮਾ ਦਾ ਗਿਆਨ ਆਖਿਆ ਜਾਂਦਾ ਹੈ ਪਰ ਇਹ ਸਾਧ-ਸੰਗਤਿ ਦੁਆਰਾ ਸਿੱਖਿਆ ਜਾ ਸਕਦਾ ਹੈ। ਇਸ

---

56. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 190.
57. *ਉਹੀ*, ਪੰਨਾ 596.

ਲਈ ਇਸ ਗਿਆਨ ਨੂੰ ਸਿੱਖਣ ਲਈ ਧਾਰਮਿਕ ਪੁਰਸ਼ਾਂ ਨੇ ਵੱਡੇ-ਵੱਡੇ ਗ੍ਰੰਥਾਂ ਦੀ ਰਚਨਾ ਕੀਤੀ ਹੈ ਅਤੇ ਧਾਰਮਿਕ ਸਥਲ, ਮੰਦਰ, ਮਸਜਿਦ ਅਤੇ ਗੁਰਦੁਆਰਿਆਂ ਦਾ ਨਿਰਮਾਣ ਹੋਇਆ ਜਿਨ੍ਹਾਂ ਵਿਚ ਪ੍ਰਭੂ ਦੇ ਨਾਮ ਦੀ ਗੱਲ ਕੀਤੀ ਜਾਂਦੀ ਹੈ। ਸਾਧ-ਸੰਗਤਿ ਤੋਂ ਬਿਨ੍ਹਾਂ ਜੀਵ ਦਾ ਛੁਟਕਾਰਾ ਨਹੀਂ ਹੁੰਦਾ। ਕਰਮਾਂ ਦੇ ਚੱਕਰ ਵਿਚੋਂ ਨਿਕਲਣ ਲਈ ਜੀਵ ਨੂੰ ਸਾਧ-ਸੰਗਤਿ ਕਰਨ ਦੀ ਲੋੜ ਹੈ। ਸਮੁੰਦਰ ਵਿਚੋਂ ਹੀਰੇ ਦੇ ਮਿਲਦਿਆਂ ਰੇਤ ਆਪਣੇ ਆਪ ਹੱਥ ਵਿਚੋਂ ਗਿਰ ਜਾਂਦੀ ਹੈ। ਸਾਧ-ਸੰਗਤਿ ਵਿਚ ਨਾਮ ਰੂਪੀ ਹੀਰਾ ਮਿਲਣ ਨਾਲ ਸੰਸਾਰ ਦੇ ਮਿਥਿਆ ਭਾਵ ਝੂਠੇ ਪਦਾਰਥਾਂ ਦੀ ਤ੍ਰਿਸ਼ਨਾ ਖਤਮ ਹੋ ਜਾਂਦੀ ਹੈ। ਭਟਕਦਾ ਹੋਇਆ ਮਨ ਸਾਧ-ਸੰਗਤਿ ਦੁਆਰਾ ਪ੍ਰਭੂ ਦੀ ਬੰਦਗੀ ਵਿਚ ਟਿੱਕ ਜਾਂਦਾ ਹੈ ਅਤੇ ਜੀਵ ਆਪਣੇ ਟੀਚੇ ਤੇ ਪਹੁੰਚ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਸਾਧ-ਸੰਗਤਿ ਬਿਨ੍ਹਾਂ ਮਨੁੱਖ ਦਾ ਪਾਰ ਉਤਾਰਾ ਨਹੀਂ ਹੋ ਸਕਦਾ ਜਿਵੇਂ ਗੁਰੂ ਅਰਜਨ ਦੇਵ ਜੀ ਫ਼ਰਮਾਨ ਕਰਦੇ ਹਨः

> ਖੋਜਤ ਖੋਜਤ ਸੁਨੀ ਇਹ ਸੋਇ॥
> ਸਾਧਸੰਗਤਿ ਬਿਨੁ ਤਰਿਓ ਨ ਕੋਇ॥ [58]

ਇਸ ਤਰ੍ਹਾਂ ਸਤ-ਪੁਰਸਾਂ ਜਾਂ ਸਾਧ-ਜਨਾਂ ਨਾਲ ਮਿਲ ਕੇ ਬੈਠਣਾ ਹੀ ਸਾਧ-ਸੰਗਤਿ ਹੈ ਜਿਥੇ ਸਿਰਫ ਇਕੋ ਪਰਮਾਤਮਾ ਦੇ ਨਾਮ ਦਾ ਵਿਚਾਰ ਅਤੇ ਵਿਖਿਆਨ ਕੀਤਾ ਜਾਂਦਾ ਹੋਵੇ। ਸੰਗਤ ਵਿਚ ਨਾਮ ਦੀ ਵਿਆਖਿਆ ਤੋਂ ਬਿਨ੍ਹਾਂ ਸੰਗਤ ਇਕ ਮੇਲਾ ਜਾਂ ਜਲਸੇ ਦਾ ਰੂਪ ਲੱਗਦਾ ਹੈ। ਸਾਧ-ਸੰਗਤਿ ਹੀ ਪ੍ਰਭੂ ਦੀ ਪ੍ਰਾਪਤੀ ਦਾ ਵਸੀਲਾ ਹੈ ਪਰ ਪ੍ਰਭੂ ਦੀ ਪ੍ਰਾਪਤੀ ਲਈ ਸਾਧ-ਸੰਗਤਿ ਜੀਵ ਨੂੰ ਚੰਗੇ ਕਰਮਾਂ ਨਾਲ ਹੀ ਪ੍ਰਾਪਤ ਹੁੰਦੀ ਹੈ। ਮਨੁੱਖ ਬਾਹਰੀ ਆਰਾਮ ਲਈ ਕਈ ਸਾਧਨ ਜੁਟਾ ਲੈਂਦਾ ਹੈ ਪ੍ਰੰਤੂ ਮਨ ਦੀ ਸ਼ਾਂਤੀ ਪ੍ਰਾਪਤ ਕਰਨ ਦਾ ਇਕੋ ਇਕ ਰਸਤਾ ਸਾਧ-ਸੰਗਤਿ ਹੈ। ਮਨ ਦੀ ਸ਼ਾਂਤੀ

---

58. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 373.

ਪ੍ਰਾਪਤ ਕਰਨ ਅਤੇ ਆਪਣੇ ਜੀਵਨ ਸੁਧਾਰਨ ਦੇ ਨਾਲ-ਨਾਲ ਉਹ ਆਪਣੇ ਸੰਬੰਧੀਆਂ ਨੂੰ ਵੀ ਤਾਰ ਦਿੰਦੇ ਹਨ।

ਕੁਲ ਮਿਲਾ ਕੇ ਇਹ **ਸਿੱਟਾ ਕਢਿਆ** ਜਾ ਸਕਦਾ ਹੈ ਕਿ ਜਿਥੇ ਜੀਵ ਸਾਧ ਸੰਗਤਿ ਕਰਨ ਨਾਲ ਆਵਾਗਵਣ ਦੇ ਚੱਕਰ ਤੋਂ ਛੁਟਕਾਰਾ, ਪ੍ਰਭੂ ਦੀ ਪ੍ਰਾਪਤੀ, ਦਰਗਾਹ ਵਿਚ ਵਡਿਆਈ ਆਦਿ ਪ੍ਰਾਪਤ ਕਰਦਾ ਹੈ ਉਥੇ ਸਾਧ-ਸੰਗਤਿ ਦੀ ਵਿਹੂਣਤਾ ਕਰਕੇ ਜੀਵ ਜੂਨਾਂ ਵਿਚ ਭਟਕਦਾ ਰਹਿੰਦਾ ਹੈ। ਸਾਧ-ਸੰਗਤਿ ਤੋਂ ਬਿਨ੍ਹਾਂ ਜੀਵ ਦਾ ਪਾਰ ਉਤਾਰਾ ਨਹੀਂ ਹੋ ਸਕਦਾ।

## ਗੁਰੂ-ਸਿੱਖ

ਗੁਰੂ ਸ਼ਬਦ ਸੰਸਕ੍ਰਿਤ ਭਾਸ਼ਾ ਦਾ ਹੈ। ਗੁ+ਰੂ, ਗੁ ਦਾ ਅਰਥ ਹੈ ਹਨ੍ਹੇਰਾ, ਰੂ ਦਾ ਅਰਥ ਹੈ ਰੋਸ਼ਨੀ। [59] ਭਾਵ ਹਨ੍ਹੇਰੇ ਵਿਚ ਰੋਸ਼ਨੀ ਕਰਨ ਵਾਲਾ ਤੇ ਅਗਿਆਨਤਾ ਦੇ ਅੰਧਕਾਰ ਵਿਚ ਗਿਆਨ ਦਾ ਦੀਵਾ ਬਾਲਣ ਵਾਲਾ ਗੁਰੂ ਹੈ। ਗੁਰੂ ਅਧਿਆਤਮਕ ਮਾਰਗ ਵਿਚ ਚੱਲਣ ਦੀ ਸਮਝ (ਰੋਸ਼ਨੀ) ਦਿੰਦਾ ਹੈ। ਜਦੋਂ ਜੀਵ ਆਪਣੇ ਅਸਲੀ ਰਸਤੇ ਤੋਂ ਭਟਕ ਜਾਂਦਾ ਹੈ ਤਾਂ ਇਸ ਨੂੰ ਸਹੀ ਰਸਤੇ ਪਾਉਣ ਲਈ ਗੁਰੂ ਦੀ ਲੋੜ ਪੈਂਦੀ ਹੈ। ਪ੍ਰਭੂ ਕ੍ਰਿਪਾ ਸਦਕਾ ਇਕ ਗੁਰੂ ਹੀ ਬ੍ਰਹਮ ਗਿਆਨ ਦਾ ਦੀਵਾ ਬਾਲ ਕੇ ਸਿੱਖ ਨੂੰ ਸਿੱਧੇ ਰਸਤੇ ਪਾਉਂਦਾ ਹੈ। ਗੁਰੂ ਦਾ ਦੱਸਿਆ ਰਸਤਾ ਸਿੱਖ ਨੂੰ ਬ੍ਰਹਮ ਨਾਲ ਜੋੜ ਦਿੰਦਾ ਹੈ। ਜੀਵ ਦੀ ਭਟਕੀ ਸੁਰਤੀ ਪ੍ਰਭੂ ਨਾਮ ਵਿਚ ਜੁੜ ਜਾਂਦੀ ਹੈ। ਗੁਰੂ ਰਾਮਦਾਸ ਜੀ ਫ਼ਰਮਾਨ ਕਰਦੇ ਹਨਃ

ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ॥ [60]

ਸੋ ਇਸ ਤਰ੍ਹਾਂ ਹਨ੍ਹੇਰੇ ਰਸਤੇ ਤੇ ਤੁਰਨ ਲਈ ਚਾਨਣ ਦੀ ਲੋੜ ਹੈ। ਪਰਮਾਰਥਕ ਪੰਥ ਤੇ ਚੱਲਣ ਲਈ ਆਤਮਿਕ ਰੋਸ਼ਨੀ (ਗੁਰੂ) ਗਿਆਨ ਦੀ ਲੋੜ ਹੈਃ

---

59. ਜੱਗੀ, ਰਤਨ ਸਿੰਘ, (ਡਾ.), *ਗੁਰੂ ਗ੍ਰੰਥ ਵਿਸ਼ਵ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 418.
60. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 450.

ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ।। [61]

ਸਿੱਖ ਰਹਿਤ ਮਰਯਾਦਾ ਅਨੁਸਾਰ ਗੁਰੂ ਦਾ ਸਿੱਖ ਉਹ ਹੈ ਜੋ ਦੱਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਜਾਣ ਕੇ ਕਿਸੇ ਹੋਰ ਦੇਵੀ ਦੇਵਤੇ ਦੀ ਪੂਜਾ ਨਹੀਂ ਕਰਦਾ ਅਤੇ ਅਕਾਲ ਪੁਰਖ ਦਾ ਪੁਜਾਰੀ ਹੈ। ਗੁਰੂ ਦਾ ਸਿੱਖ ਅੰਮ੍ਰਿਤ ਵੇਲੇ ਉੱਠ ਕੇ ਪ੍ਰਭੂ ਦਾ ਨਾਮ ਜਪਦਾ ਹੈ ਅਤੇ ਪ੍ਰਭਾਤ ਹੋਣ ਵੇਲੇ ਤੱਕ ਇਸ਼ਨਾਨ ਕਰਦਾ ਹੈ ਅਤੇ ਸਾਧ-ਸੰਗਤਿ ਕਰਦਾ ਹੈ। ਗੁਰੂ ਦਾ ਦੱਸਿਆ ਉਪਦੇਸ਼ ਪ੍ਰਭੂ ਦਾ ਨਾਮ ਜਪਦਾ ਹੋਇਆ ਸਾਰੇ ਵਿਘਨਾਂ ਨੂੰ ਟਾਲ ਲੈਂਦਾ ਹੈ। ਅੱਠੇ ਪਹਿਰ ਰਸਨਾ ਦੇ ਨਾਲ ਬਹਿੰਦਾ ਉਠਦਾ ਗੁਰਬਾਣੀ ਗਾਉਂਦਾ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।।
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ।।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ।।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ।।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ।।
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ।।
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।। [62]

## ਗੁਰੂ ਤੇ ਸਿੱਖ ਦਾ ਰਿਸ਼ਤਾ

ਸੰਸਾਰ ਵਿਚ ਬਹੁਤ ਸਾਰੇ ਰਿਸ਼ਤੇ ਹਨ। ਮਾਤਾ-ਪਿਤਾ, ਭੈਣ-ਭਰਾ, ਪੁੱਤਰ-ਧੀ ਆਦਿ

61. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 172.
62. *ਉਹੀ,* ਪੰਨੇ 3●5-3●6.

ਇਹ ਸਾਰੇ ਰਿਸ਼ਤੇ ਖ਼ੂਨ ਦੇ ਰਿਸ਼ਤੇ ਮੰਨੇ ਗਏ ਹਨ, ਇਸੇ ਤਰ੍ਹਾਂ ਕੁਝ ਅਧਿਆਤਮਕ ਰਿਸ਼ਤੇ ਵੀ ਹਨ, ਇਨ੍ਹਾਂ ਸਾਰੇ ਰਿਸ਼ਤਿਆਂ ਤੋਂ ਉੱਤਮ ਅਤੇ ਪਾਕ ਪਵਿੱਤਰ ਰਿਸ਼ਤਾ ਹੈ, ਗੁਰੂ ਅਤੇ ਸਿੱਖ ਦਾ। ਇਹ ਖ਼ੂਨ ਦਾ ਰਿਸ਼ਤਾ ਨਹੀਂ ਹੈ। ਇਹ ਪ੍ਰੇਮ ਦਾ ਰਿਸ਼ਤਾ ਅਖਵਾਉਂਦਾ ਹੈ, ਜਦ ਪ੍ਰੇਮ ਦੀਆਂ ਤੰਦਾਂ ਪਾ ਕੇ ਸਿੱਖ ਆਪਣੇ ਗੁਰੂ ਨੂੰ ਪ੍ਰਸੰਨ ਕਰ ਲੈਂਦਾ ਹੈ ਤਾਂ ਗੁਰੂ ਆਪਣੇ ਸਿੱਖ ਦੀ ਹਰ ਥਾਂ ਸੰਭਾਲ ਅਤੇ ਰੱਖਿਆ ਕਰਦਾ ਹੈ:

> ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ।।
> ਸੇਵਕ ਕਉ ਗੁਰੁ ਸਦਾ ਦਇਆਲ।। [63]

ਗੁਰੂ ਆਪਣੇ ਸਿੱਖ ਦੀ ਸੰਭਾਲ ਦੇ ਨਾਲ-ਨਾਲ ਉਸ ਦੇ ਮਨ ਵਿਚੋਂ ਸਾਰੀਆਂ ਖੋਟਾਂ, ਵਿਕਾਰਾਂ ਨੂੰ ਕੱਢ ਕੇ ਪਵਿੱਤਰਤਾ ਬਖਸ਼ਦਾ ਹੈ ਅਤੇ ਸਿੱਖ ਦੇ ਮਨ ਨੂੰ ਸਵਾਰਦਾ ਹੈ। ਗੁਰੂ ਦੇ ਸਿੱਖ ਦਾ ਪਹਿਲਾ ਫਰਜ਼ ਹੈ ਕਿ ਗੁਰੂ ਦੀ ਸਿੱਖਿਆ ਨੂੰ ਮਨ ਵਿਚ ਧਾਰਨ ਕਰਕੇ ਉਸ ਅਨੁਸਾਰ ਜੀਵਨ ਬਤੀਤ ਕਰੇ। ਫ਼ਰਮਾਨ ਹੈ:

> ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ ਗੁਰੁ ਸਿਖ ਰਖੈ ਜੀਅ ਨਾਲੀ।। [64]

ਇਸ ਦੇ ਸੰਬੰਧ ਵਿਚ ਭਾਈ ਗੁਰਦਾਸ ਜੀ ਫ਼ਰਮਾਨ ਕਰਦੇ ਹਨ ਕਿ ਸਿੱਖ ਤੇ ਗੁਰੂ ਦੇ ਰਿਸ਼ਤੇ ਦਾ ਪਿਆਰ ਐਨਾ ਡੂੰਘਾ ਹੈ ਕਿ ਇਸ ਦੇ ਬਰਾਬਰ ਦਾ ਪਿਆਰ ਕੋਈ ਨਹੀਂ ਹੈ:

> ਸਤਿਗੁਰੁ ਤੁਲਿ ਨ ਮਿਹਰਵਾਨ ਮਾਤ ਪਿਤਾ ਨ ਦੇਵ ਸਬਾਏ।।
> ਡਿਠੇ ਸਭੇ ਠੋਕਿ ਵਜਾਏ।। [65]

ਉਹ ਤਾਂ ਇੱਥੋਂ ਤਕ ਕਹਿੰਦੇ ਹਨ ਕਿ ਗੁਰੂ ਤੇ ਸਿੱਖ ਦੀ ਏਕਤਾ ਇਕ ਜੋਤ ਸਮਾਨ ਹੈ।

---

63. *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 286.

64. *ਉਹੀ,* ਪੰਨਾ 168.

65.ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2001, ਵਾਰ 39/20, ਪੰਨਾ 424.

ਇਨ੍ਹਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ:

> ਇਕ ਜੋਤਿ ਦੁਇ ਮੂਰਤੀ ਇਕ ਸਬਦੁ ਸਰਿਸੈ॥
> ਗੁਰ ਚੇਲਾ ਚੇਲਾ ਗੁਰੂ ਸਮਝਾਏ ਕਿਸੈ॥ [66]

ਸਾਧ-ਸੰਗਤਿ ਕਰਨ ਅਤੇ ਨਾਮ ਜਪਣ ਵਾਲੇ ਸਿੱਖ ਗੁਰੂ ਨੂੰ ਪਿਆਰੇ ਲੱਗਦੇ ਹਨ। ਇਸ ਤਰ੍ਹਾਂ ਸਿੱਖ ਦੀ ਸਾਂਝ ਗੁਰੂ ਨਾਲ ਪੱਕੀ ਹੋ ਜਾਂਦੀ ਹੈ। ਨਾਮ ਜਪਣ ਵਾਲੇ ਸਿੱਖ ਦਾ ਹਰ ਕਰਮ ਪ੍ਰਭੂ ਦੇ ਲੇਖੇ ਵਿਚ ਪੈ ਜਾਂਦਾ ਹੈ। ਸਿੱਖ ਦੀ ਕਰਨੀ ਪਵਿੱਤਰ ਹੋ ਜਾਂਦੀ ਹੈ। ਰੱਬ ਦੇ ਪ੍ਰੇਮੀ ਉੱਠਦੇ-ਬੈਠਦੇ, ਸੌਂਦੇ-ਜਾਗਦੇ ਅਤੇ ਕਰਮ ਕਰਦੇ ਹੋਏ ਪ੍ਰਭੂ ਨੂੰ ਯਾਦ ਰੱਖਦੇ ਹਨ। ਇਸ ਲਈ ਗੁਰੂ ਦੇ ਚਿੱਤ ਨੂੰ ਚੰਗੇ ਲੱਗਦੇ ਹਨ ਕਿਉਂਕਿ ਉਨ੍ਹਾਂ ਦਾ ਜੀਵਨ ਰੱਬੀ ਭਾਣੇ ਵਿਚ ਹੁੰਦਾ ਹੈ:

> ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
> ਸੋ ਗੁਰਸਿਖੁ ਗੁਰੂ ਮਨਿ ਭਾਵੈ॥ [67]

ਉਪਰੋਕਤ ਗੁਰਬਾਣੀ ਪੰਕਤੀਆਂ ਗੁਰੂ ਅਤੇ ਸਿੱਖ ਦੇ ਪ੍ਰੇਮ ਦੀ ਬਾਤ ਪਾਉਂਦੀਆਂ ਹਨ। ਸਿੱਖ ਦਾ ਗੁਰੂ ਨਾਲ ਐਨਾ ਪ੍ਰੇਮ ਹੈ ਕਿ ਰਸਤਿਆਂ ਵਿਚ ਚਿੱਕੜ ਹੋਵੇ, ਸਰਦੀ ਹੋਵੇ, ਬਰਫ ਪੈਂਦੀ ਹੋਵੇ, ਫਿਰ ਵੀ ਗੁਰੂ ਦਾ ਪ੍ਰੇਮੀ ਸਿੱਖ ਆਪਣੇ ਗੁਰੂ ਨੂੰ ਜਾ ਕੇ ਮਿਲਦਾ ਹੈ। ਆਪਣੇ ਨਿਤਨੇਮ ਵਿਚ ਭੰਗ ਨਹੀਂ ਪੈਣ ਦਿੰਦਾ:

> ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ॥ [68]

ਜਿਸ ਤਰ੍ਹਾਂ ਦੀ ਖਿੱਚ ਗੁਰੂ ਪ੍ਰਤੀ ਸਿੱਖ ਦੇ ਮਨ ਵਿਚ ਹੁੰਦੀ ਹੈ ਇਸੀ ਤਰ੍ਹਾਂ ਦੀਆਂ ਉਦਾਹਰਣਾ ਪ੍ਰਕ੍ਰਿਤੀ ਵਿਚੋਂ ਵੀ ਮਿਲਦੀਆਂ ਹਨ ਜਿਵੇਂ ਭੰਵਰੇ ਦਾ ਫੁੱਲ ਨਾਲ ਪਿਆਰ ਹੁੰਦਾ ਹੈ,

---

66. ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2●●1, ਵਾਰ 9/16, ਪੰਨਾ 99.
67. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 3●5.
68. *ਉਹੀ,* ਪੰਨਾ 757.

ਚਿੱਕੜ ਵਿਚ ਕਮਲ ਦਾ ਫੁੱਲ ਉੱਗਦਾ ਅਤੇ ਖਿੜਦਾ ਹੈ ਪਰ ਉਸੇ ਚਿੱਕੜ (ਛੱਪੜ) ਵਿਚ ਡੱਡੂ ਵੀ ਰਹਿੰਦਾ ਹੈ। ਡੱਡੂ ਫੁੱਲ ਕੋਲ ਰਹਿੰਦਾ ਵੀ ਫੁੱਲ ਦੇ ਸੁਹੱਪਣ, ਸੁਗੰਧੀ ਅਤੇ ਕੋਮਲਤਾ ਤੋਂ ਅਣਜਾਣ ਹੈ ਪਰ ਭੌਰਾ ਫੁੱਲ ਦਾ ਮਕਰੰਦ ਰਸ ਲੈਣ ਲਈ ਬੜੀ ਦੂਰ ਤੋਂ ਆ ਜਾਂਦਾ ਹੈ ਭਾਵੇਂ ਰਸਤੇ ਵਿਚ ਅਨੇਕਾਂ ਰੁਕਾਵਟਾਂ ਹੋਣ, ਹਨੇਰੀ ਵਗਦੀ ਹੋਵੇ। ਇਸੇ ਤਰ੍ਹਾਂ ਸਿੱਖ ਗੁਰੂ ਦੀ ਸੰਗਤ ਅਤੇ ਬਾਣੀ ਦੇ ਨਾਲ ਪ੍ਰੇਮ ਕਰਦਾ ਹੈ। ਭਾਈ ਗੁਰਦਾਸ ਜੀ ਨੇ ਕੁਝ ਪ੍ਰੇਮੀਆਂ (ਜੀਵਾਂ) ਦੀ ਪ੍ਰੇਮ ਅਵਸਥਾ ਦਰਸਾਈ ਹੈ:

ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ॥
ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥
ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ॥
ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ॥
ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ॥
ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥ [69]

ਸਿੱਖ ਦੀ ਸੱਚੀ ਪ੍ਰੀਤ ਸੰਬੰਧੀ ਭਾਈ ਗੁਰਦਾਸ ਜੀ ਬਿਆਨ ਕਰਦੇ ਹਨ:

ਦਰਸਨੁ ਦੇਖਿ ਪਤੰਗ ਜਿਉ ਜੋਤੀ ਜੋਤਿ ਸਮਾਵੈ॥
ਸਬਦ ਸੁਰਤਿ ਲਿਵ ਮਿਰਗ ਜਿਉ ਅਨਹਦ ਲਿਵ ਲਾਵੈ॥
ਸਾਧਸੰਗਤਿ ਵਿਚਿ ਮੀਨੁ ਹੋਇ ਗੁਰਮਤਿ ਸੁਖ ਪਾਵੈ॥
ਚਰਣ ਕਵਲ ਵਿਚਿ ਭਵਰੁ ਹੋਇ ਸੁਖ ਰੈਣਿ ਵਿਹਾਵੈ॥
ਗੁਰ ਉਪਦੇਸ ਨ ਵਿਸਰੈ ਬਾਬੀਹਾ ਧਿਆਵੈ॥
ਪੀਰ ਮੁਰੀਦਾਂ ਪਿਰਹੜੀ ਦੁਬਿਧਾ ਨਾ ਸੁਖਾਵੈ॥ [7●]

ਗੁਰੂ ਆਪਣੇ ਸਿੱਖ ਦਾ ਅਧਿਆਤਮਕ ਪਿਤਾ ਹੈ। ਸਿੱਖ ਤੇ ਗੁਰੂ ਦਾ ਮਾਤਾ-ਪਿਤਾ, ਪਿਤਾ-ਪੁੱਤਰ, ਮਾਂ-ਪੁੱਤਰ ਵਾਲਾ ਸੰਬੰਧ ਹੈ। ਗੁਰੂ ਆਪਣੇ ਸਿੱਖ ਦੇ ਕੇਵਲ ਬਾਹਰੀ (ਕ੍ਰਿਤ ਦੇ ਤੌਰ

---

69. ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2●●1, ਵਾਰ 27/4, ਪੰਨਾ 296.
70. *ਉਹੀ,* ਵਾਰ 27/14, ਪੰਨਾ 3●●.

ਤੇ) ਗੁਨਾਹਾਂ ਨੂੰ ਹੀ ਨਹੀਂ ਵੇਖਦਾ ਸਗੋਂ ਗੁਰੂ ਮਨ ਦੇ ਪਾਪਾਂ (ਸੰਕਲਪਾਂ-ਵਿਕਲਪਾਂ) ਨੂੰ ਵੇਖਦਾ ਅਤੇ ਦੂਰ ਕਰਦਾ ਹੈ। [71]

ਗੁਰੂ ਹੀ ਇਕ ਐਸਾ ਸਾਧਨ ਹੈ ਜੋ ਜੀਵ ਦੀ ਚਿਰਾਂ ਤੋਂ ਸੁੱਤੀ ਆਤਮਾ ਨੂੰ ਜਗਾ ਕੇ ਪ੍ਰਭੂ ਨਾਲ ਮਿਲਾਪ ਕਰਾਉਂਦਾ ਹੈ। ਗੁਰੂ ਤੋਂ ਬਿਨ੍ਹਾਂ ਅਗਿਆਨਤਾ ਦਾ ਹਨ੍ਹੇਰਾ ਦੂਰ ਨਹੀਂ ਹੁੰਦਾ। ਗੁਰੂ ਦਾ ਗਿਆਨ ਐਸਾ ਚਾਨਣ ਹੈ ਜੋ ਹਜ਼ਾਰਾਂ ਸੂਰਜਾਂ ਦੀ ਰੋਸ਼ਨੀ ਨੂੰ ਮੱਧਮ ਕਰ ਦਿੰਦਾ ਹੈ। ਗੁਰੂ ਦੀ ਸਿੱਖਿਆ ਸਿੱਖ ਨੂੰ ਪਰਮਾਤਮਾ ਵਿਚ ਲੀਨ ਕਰਨ ਦੇ ਸਮਰੱਥ ਹੈ। ਗੁਰੂ ਮਿਲਾਪ ਦੇ ਸਦਕਾ ਜੀਵ ਦਾ ਚਿਹਰਾ ਆਤਮਿਕ ਆਨੰਦ ਵਿਚ ਆ ਜਾਂਦਾ ਹੈ। ਗੁਰੂ ਦੀ ਸੰਗਤ ਵਿਚ ਰਹਿ ਕੇ ਵਿਕਾਰਾਂ ਤੋਂ ਬੱਚ ਜਾਂਦਾ ਹੈ ਪਰ ਇਸ ਸਭ ਪ੍ਰਾਪਤੀ ਲਈ ਵਿਚ ਗੁਰੂ ਪ੍ਰਤੀ ਸ਼ਰਧਾ ਅਤੇ ਵਿਸ਼ਵਾਸ਼ ਹੋਣਾ ਲਾਜ਼ਮੀ ਹੈ।

ਸਿੱਖ ਦਾ ਗੁਰੂ ਨਾਲ ਗੂੜ੍ਹਾ ਰਿਸ਼ਤਾ ਹੈ। ਨਾਮ ਜਪਣ ਅਤੇ ਜਪਾਉਣ ਵਾਲੇ ਸਿੱਖ ਗੁਰੂ ਨਾਲ ਮਾਨਸਿਕ ਤੌਰ ਤੇ ਜੁੜੇ ਹੁੰਦੇ ਹਨ। ਸਿੱਖ ਗੁਰੂ ਦੇ ਹੁਕਮ ਵਿਚ ਰਹਿ ਕੇ ਆਪਣਾ ਜੀਵਨ ਬਤੀਤ ਕਰਦਾ ਹੈ, ਐਸੇ ਸਿੱਖ ਨਾਲ ਗੁਰੂ ਦਾ ਪਿਆਰ ਬਣ ਜਾਂਦਾ ਹੈ। ਦੁੱਖ-ਸੁੱਖ ਵੇਲੇ ਗੁਰੂ ਆਪਣੇ ਸਿੱਖ ਦੀ ਸਹਾਇਤਾ ਕਰਦਾ ਹੈ। ਗੁਰੂ ਆਪਣੇ ਸਿੱਖ ਨੂੰ ਨਾਮ ਧਨ ਦੇ ਕੇ ਪਾਕ-ਪਵਿੱਤਰ ਕਰਦਾ ਹੈ। ਗੁਰੂ ਤੋਂ ਮਿਲੇ ਹੋਏ ਨਾਮ ਧਨ ਦੀ ਬਰਕਤ ਨਾਲ ਸਿੱਖ ਦਾ ਲੋਕ ਪ੍ਰਲੋਕ ਉੱਜਲ ਹੋ ਜਾਂਦਾ ਹੈ। ਇਸ ਤਰ੍ਹਾਂ ਗੁਰੂ ਸਿੱਖ ਦੇ ਮਾਇਕੀ ਬੰਧਨ ਕੱਟ ਕੇ ਮੁਕਤੀ ਦੀ ਦਾਤ ਬਖਸ਼ਦਾ ਹੈ ਫਿਰ ਐਸਾ ਮੁਕਤ ਹੋਇਆ ਸਿੱਖ ਗੁਰੂ ਨਾਲ ਇਕ ਰੂਪ ਹੋ ਕੇ ਪਰਮਾਤਮਾ ਦੇ ਉਪਦੇਸ਼ ਨੂੰ ਆਪਣੇ ਜੀਵਨ ਵਿਚ ਧਾਰਨ ਕਰਦਾ ਹੋਇਆ ਹੋਰਨਾਂ ਨੂੰ ਵੀ ਇਸ ਰਸਤੇ ਤੇ ਚੱਲਣ ਦਾ ਉਪਦੇਸ਼ ਦਿੰਦਾ ਹੈ:

---

71. ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ॥
*ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 25●.

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥ [72]

ਸਿੱਖ ਤੇ ਗੁਰੂ ਦਾ ਰਿਸ਼ਤਾ ਬੜਾ ਅਮੋਲਕ ਰਿਸ਼ਤਾ ਹੈ। ਸਿੱਖ ਆਪਣੇ ਗੁਰੂ ਤੇ ਐਨਾ ਭਰੋਸਾ ਕਰਦਾ ਹੈ ਜਿਸ ਸਦਕਾ ਸੇਵਾ ਕਰਦਿਆਂ ਅਤੇ ਬਾਣੀ ਪੜ੍ਹਦਿਆਂ ਸਿੱਖ ਨੂੰ ਇਹ ਸਮਝ ਆ ਜਾਂਦੀ ਹੈ ਕਿ ਮਾਇਆ ਅਤੇ ਕਮਾਦਿਕ ਵਿਕਾਰਾ ਤੋਂ ਮੇਰੀ ਰੱਖਿਆ ਗੁਰੂ ਨੇ ਹੀ ਕਰਨੀ ਹੈ ।

ਜਿਨ੍ਹਾਂ ਗੁਰੂ-ਜਨਾਂ ਨੇ ਉਸ ਦੀ ਰਜ਼ਾ ਨੂੰ ਮਿੱਠਾ ਕਰਕੇ ਮੰਨਿਆ ਉਹ ਪ੍ਰਭੂ ਵਿਚ ਅਭੇਦ/ ਇਕਮਿਕ ਹੋ ਜਾਂਦੇ ਹਨ:

ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ॥ [73]

ਧਾਰਮਿਕ ਮਹਾਂਪੁਰਸ਼ਾਂ ਨੇ ਮਨੁੱਖ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਹੈ, ਗੁਰਮੁਖ ਤੇ ਮਨਮੁਖ। ਗੁਰਮੁਖ ਜੋ ਗੁਰੂ ਦੇ ਦੱਸੇ ਰਾਹ ਤੇ ਚਲਦਾ ਹੈ। ਮਨਮੁਖ ਜੋ ਮਨ ਦਾ ਮੁਰੀਦ ਹੋ ਕੇ ਆਪਣਾ ਜੀਵਨ ਬਤੀਤ ਕਰਦਾ ਹੈ। ਉਸ ਨੂੰ ਗੁਰੂ ਦੀ ਗੱਲ ਤੇ ਉੱਕਾ ਹੀ ਵਿਸ਼ਵਾਸ ਨਹੀਂ ਹੁੰਦਾ ਅਤੇ ਗੁਰੂ ਦੀ ਸੰਗਤ ਵਿਚ ਬੈਠਣ ਤੋਂ ਵੀ ਇਨਕਾਰੀ ਹੁੰਦਾ ਹੈ ਕਿਉਂਕਿ ਗੁਰੂ ਦੀ ਸੰਗਤ ਵਿਚ ਸੱਚ ਦਾ ਭੋਜਨ ਜਗਿਆਸੂਆਂ ਲਈ ਪਰੋਸਿਆ ਜਾਂਦਾ ਹੈ। ਮਨਮੁਖ ਦਾ ਮਨ ਪਦਾਰਥਾਂ ਦੀ ਲਾਲਸਾ ਵਿਚ ਹੋਣ ਕਰਕੇ ਗੁਰੂ ਦੇ ਉਪਦੇਸ਼ ਨੂੰ ਅਣਸੁਣਿਆ ਕਰ ਦਿੰਦਾ ਹੈ ਕਿਉਂਕਿ ਮਨਮੁਖ ਉਹ ਭੋਗੀ ਹੈ ਜਿਸ ਲਈ ਉਸ ਦਾ ਮਨ ਭੋਗਾਂ ਵਿਚ ਹੀ ਖਿੰਡਿਆ ਰਹਿੰਦਾ ਹੈ। ਖਿੰਡੇ ਹੋਏ ਮਨ ਨੂੰ ਇਕ ਕਰਨ ਲਈ ਪ੍ਰਭੂ ਸਿਮਰਨ ਦੀ ਲੋੜ ਹੈ ਜਦੋਂ ਕਿ ਮਨਮੁਖ ਸਿਮਰਨ ਤੋਂ ਸੱਖਣਾ ਜਿਉਂਦਾ ਹੈ ਅਤੇ ਦੁਖੀ ਰਹਿੰਦਾ ਹੈ ਕਿਉਂਕਿ ਮਨਮੁਖ ਦੇ ਮਨ ਦੀਆਂ ਕੁਝ ਇੱਛਾਵਾਂ ਐਸੀਆਂ ਹਨ ਜਿਨ੍ਹਾਂ ਵਿਚ ਬਹੁਤੀਆਂ ਅਧੂਰੀਆਂ ਰਹਿੰਦੀਆਂ ਹਨ ਅਤੇ ਥੋੜੀਆਂ ਦੀ ਪੂਰਤੀ ਹੁੰਦੀ ਹੈ। ਅਧੂਰੀਆਂ ਇੱਛਾਵਾਂ ਵਾਲਾ ਮਨ ਅਧੂਰਾ ਹੀ ਰਹਿੰਦਾ ਹੈ। ਇਸ ਲਈ ਮਨਮੁਖ ਅਧੂਰੇ ਜੀਵਨ ਦਾ ਮਾਲਕ ਹੁੰਦਾ ਹੈ। ਜਿਵੇਂ ਅਧੂਰੀ

---

72. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 444.
73. *ਉਹੀ*, ਪੰਨਾ 1424.

ਚੀਜ਼ ਨੂੰ ਸੰਸਾਰ ਵਿਚ ਮਾਣ ਨਹੀਂ ਮਿਲਦਾ ਇਸੀ ਤਰ੍ਹਾਂ ਮਨਮੁੱਖ ਵੀ ਚੋਟਾਂ ਖਾਂਦਾ ਜੀਵਨ ਯਾਤਰਾ ਪੂਰੀ ਕਰ ਲੈਂਦਾ ਹੈ।

**ਸਾਰ** ਵਜੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ-ਸਿੱਖ ਦਾ ਰਿਸ਼ਤਾ ਬਹੁਤ ਗੂੜ੍ਹਾ, ਉੱਤਮ, ਪਾਕ ਪਵਿੱਤਰ ਅਤੇ ਅਹਿਮ ਰਿਸ਼ਤਾ ਹੈ। ਗੁਰੂ-ਸਿੱਖ ਨੂੰ ਸੋਝੀ ਦੇ ਕੇ ਅਗਿਆਨਤਾ ਦੇ ਹਨ੍ਹੇਰੇ ਵਿਚੋਂ ਬਾਹਰ ਕੱਢ ਕੇ ਸਹੀ ਰਸਤੇ ਪਾਉਂਦਾ ਹੈ। ਸਿੱਖ ਵੀ ਗੁਰੂ ਦੇ ਹੁਕਮ ਵਿਚ ਰਹਿ ਕੇ ਅੰਮ੍ਰਿਤ ਵੇਲੇ ਦਾ ਨਿਤਨੇਮੀ ਜੀਵਨ ਨਿਭਾਉਂਦਾ ਹੋਇਆ ਪ੍ਰਭੂ ਦੇ ਨਾਮ ਸਿਮਰਨ ਵਿਚ ਲੱਗਾ ਰਹਿੰਦਾ ਹੈ। ਸਿੱਖ ਦਾ ਗੁਰੂ ਨਾਲ ਗੂੜ੍ਹਾ ਪ੍ਰੇਮ ਹੁੰਦਾ ਹੈ ਕਿ ਰਸਤਿਆ ਵਿਚ ਚਿਕੜ ਹੋਵੇ, ਸਰਦੀ ਹੋਵੇ, ਬਰਫ ਪੈਂਦੀ ਹੋਵੇ, ਫਿਰ ਵੀ ਗੁਰੂ ਦਾ ਪ੍ਰੇਮੀ ਸਿੱਖ ਆਪਣੇ ਗੁਰੂ ਨੂੰ ਜਾ ਕੇ ਮਿਲਦਾ ਹੈ। ਇਸੇ ਲਈ ਗੁਰੂ ਵੀ ਆਪਣੇ ਸਿੱਖਾਂ ਨੂੰ ਪੁੱਤਾ ਵਾਂਗ ਪਿਆਰ ਕਰਦਾ ਹੈ। ਸਿੱਖ ਲਈ ਗੁਰੂ ਮਾਤਾ-ਪਿਤਾ ਅਤੇ ਭਰਾ ਸਭ ਕੁਝ ਹੈ। ਪ੍ਰਭੂ ਦੇ ਨਾਮ ਦੀ ਪ੍ਰਾਪਤੀ ਸਿੱਖ ਨੂੰ ਗੁਰੂ ਰਾਹੀਂ ਹੁੰਦੀ ਹੈ। ਗੁਰੂ ਦੀ ਕੀਤੀ ਸੇਵਾ ਬਿਰਥੀ ਨਹੀਂ ਜਾਂਦੀ। ਉਸ ਨੂੰ ਦੁਨਿਆਵੀ ਸੁੱਖਾਂ ਦੇ ਨਾਲ-ਨਾਲ ਅਧਿਆਤਮਕ ਸੁੱਖ ਵੀ ਪ੍ਰਾਪਤ ਹੁੰਦੇ ਹਨ ਅਤੇ ਮਨ ਵਿਚੋਂ ਪੰਜੇ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਸਮਾਪਤ ਹੋ ਜਾਂਦੇ ਹਨ। ਮਨ ਪਵਿੱਤਰ ਹੋ ਜਾਂਦਾ ਹੈ। ਗੁਰੂ ਹੀ ਪ੍ਰਭੂ ਦੇ ਮਿਲਾਪ ਦੀ ਇਕ ਪੌੜੀ ਹੈ। ਜਿਸ ਦੇ ਫਲਸਰੂਪ ਯਮਰਾਜ (ਮੌਤ ਦਾ ਦੂਤ) ਨੇੜੇ ਨਹੀਂ ਲੱਗਦਾ। ਨਾਮ ਜਪਣ ਦੀ ਬਰਕਤ ਨਾਲ ਸਿੱਖ ਦਾ ਲੋਕ-ਪ੍ਰਲੋਕ ਸੁਧਰ ਜਾਂਦਾ ਹੈ। ਇਸ ਤਰ੍ਹਾਂ ਗੁਰੂ ਸਿੱਖ ਦੇ ਬੰਧਨਾਂ ਨੂੰ ਕੱਟ ਕੇ ਮੁਕਤੀ ਦੀ ਦਾਤ ਬਖਸ਼ਦਾ ਹੈ ਫਿਰ ਐਸਾ ਮੁਕਤ ਹੋਇਆ ਸਿੱਖ ਗੁਰੂ ਨਾਲ ਇਕ ਰੂਪ ਹੋ ਕੇ ਪਰਮਾਤਮਾ ਦੇ ਉਪਦੇਸ਼ ਨੂੰ ਹਿਰਦੇ ਵਿਚ ਧਾਰਨ ਕਰਕੇ ਮੁਕਤੀ ਨੂੰ ਪ੍ਰਾਪਤ ਕਰਦਾ ਹੈ। ਜਿਥੇ ਚੰਗੇ ਗੁਰੂ ਦੀ ਕੀਤੀ ਸੰਗਤ ਲਾਭਕਾਰੀ ਹੁੰਦੀ ਹੈ, ਉਥੇ ਬੁਰੀ ਸੰਗਤ ਹਾਨੀਕਾਰਕ ਹੁੰਦੀ ਹੈ। ਗੁਰੂ ਨੂੰ ਭੁਲਾ ਕੇ ਜੀਵ ਪਾਖੰਡ ਵਾਲੇ ਕਾਰਜ ਕਰਦਾ ਹੈ। ਉਸ ਦੇ ਪੱਲੇ ਅੰਤ ਸਮੇਂ ਕੇਵਲ ਪਛਤਾਵਾ ਹੀ ਰਹਿੰਦਾ ਹੈ। ਗੁਰਬਾਣੀ ਤਾਂ ਇਥੋ ਤੱਕ ਕਹਿੰਦੀ ਹੈ ਕਿ ਗੁਰੂ ਦੇ ਹੁਕਮ ਨੂੰ ਵਿਸਾਰ ਕੇ ਨਸ਼ੇ, ਵਿਕਾਰ ਅਤੇ ਸੰਸਾਰ ਦੇ ਭੋਗਾਂ ਵਿਚ ਗਲਤਾਨ ਹੋਇਆ ਮਨੁੱਖ ਪਸ਼ੂ ਸਮਾਨ ਹੈ ਐਸੇ ਗੁਰੂ ਤੋਂ ਬੇਮੁਖ ਹੋਏ ਸਿੱਖ ਨੂੰ ਮੁਕਤੀ ਪ੍ਰਾਪਤ ਨਹੀਂ ਹੁੰਦੀ।

## (ਅ) ਚਿੰਨ੍ਹਾਤਮਿਕ ਰਿਸ਼ਤੇ

ਗੁਰਬਾਣੀ ਵਿਚ ਰਿਸ਼ਤਿਆਂ ਦੇ ਸੰਦਰਭ ਰੂਪਕੀ ਜਾਂ ਸੰਚਾਰ ਯੁਗਤ ਵਜੋਂ ਪੇਸ਼ ਹੁੰਦੇ ਹਨ। ਅਧਿਆਤਮਕ ਰਮਜ਼ ਨੂੰ ਭੌਤਿਕ ਪੱਧਰ ਤੇ ਪ੍ਰਗਟਾਉਣ ਲਈ ਪੁਰਾਨ, ਲੋਕਧਾਰਾ, ਕਾਵਿ, ਸੰਗੀਤ ਆਦਿ ਦੀ ਸੰਚਾਰ ਯੁਗਤ ਵਰਤੋਂ ਕੀਤੀ ਹੈ, ਉਥੇ ਰਿਸ਼ਤਿਆਂ ਦੇ ਸੰਦਰਭ ਵੀ ਅਧਿਆਤਮਕ ਅਨੁਭਵ ਨੂੰ ਜਨ ਸੰਚਾਰ ਤੱਕ ਪਹੁੰਚਦੇ ਨਜ਼ਰ ਆਉਂਦੇ ਹਨ। ਦੂਜੇ ਸ਼ਬਦਾਂ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਇਹ ਰਿਸ਼ਤੇ ਚਿੰਨ੍ਹਾਤਮਿਕ ਸੰਕੇਤਕ ਹਨ। ਇਹ ਚਿੰਨ ਰੂਪੀ ਸੰਕੇਤ ਅਧਿਆਤਮਕ ਰਮਜ਼ ਦਾ ਪ੍ਰਤੀਕ ਹਨ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਚਿੰਨ੍ਹਾਤਮਿਕ ਪ੍ਰਤੀਕਾਂ ਦੇ ਅਧਾਰ ਤੇ ਇਕ ਸਮਾਜਿਕ ਮਾਰਗ ਵੀ ਵਿਕਸਿਤ ਕੀਤਾ ਜਾ ਸਕਦਾ ਹੈ ਪਰ ਸਾਡਾ ਉਦੇਸ਼ ਗੁਰਬਾਣੀ ਵਿਚਲੇ ਅਸਲ ਅਰਥਾਂ ਭਾਵ ਉਨ੍ਹਾਂ ਦੇ ਚਿੰਨ੍ਹਾਤਮਿਕ ਰੂਪਾਂ ਨੂੰ ਸਮਝਣਾ ਹੈ। ਇਹ ਚਿੰਨ੍ਹਤਾਮਿਕ ਰੂਪ ਅਤੇ ਇਨ੍ਹਾਂ ਦੇ ਸੰਦਰਭ ਇਸ ਪ੍ਰਕਾਰ ਹਨः

| **ਸੰਦਰਭ** | **ਚਿੰਨ੍ਹਾਤਮਿਕ ਰੂਪ** |
|---|---|
| ਪਤੀ-ਪਤਨੀ | ਪਰਮਾਤਮਾ-ਆਤਮਾ |
| ਮਾਤਾ-ਪਿਤਾ | ਪਰਮਾਤਮਾ-ਜੀਵ, ਧਰਤੀ-ਪਾਣੀ, ਮਤ-ਸੰਤੋਖ |
| ਮਾਂ-ਪੁਤਰ | ਮਾਇਆ-ਮਨ, ਪਰਮਾਤਮਾ-ਸੰਸਾਰ |
| ਭਰਾ | ਬਦੀ ਤੇ ਨੇਕੀ, ਗੁਣ |
| ਭੈਣ-ਭਾਈ | ਦੇਹ-ਆਤਮਾ |
| ਦਰਾਣੀ-ਜਠਾਣੀ | ਆਸਾ-ਤ੍ਰਿਸਨਾ |
| ਜੇਠ | ਮੌਤ |
| ਸੱਸ-ਸਹੁਰਾ | ਮਾਇਆ-ਦੇਹ ਅਧਿਆਸ/ਸਰੀਰ ਨਾਲ ਪਿਆਰ ਆਦਿ। |

ਗੁਰਬਾਣੀ ਵਿਚ ਵਰਤੇ ਲਗਭਗ ਸਾਰੇ ਰਿਸ਼ਤੇ ਅਧਿਆਤਮਕਤਾ ਨੂੰ ਚਿੰਨ੍ਹਾਤਮਿਕ ਰੂਪ ਵਿਚ ਸੰਕੇਤਦੇ ਹਨ।

## ਪਤੀ-ਪਤਨੀ

ਗੁਰਬਾਣੀ ਦੇ ਪ੍ਰਸੰਗ ਵਿਚ ਪਤੀ-ਪਤਨੀ ਦੇ ਰਿਸ਼ਤੇ ਦੀ ਗੱਲ ਕਰਦੇ ਸਮੇਂ ਕਈ ਥਾਵਾਂ ਤੇ ਇਸ ਤਰ੍ਹਾਂ ਨਜ਼ਰ ਆਉਂਦਾ ਹੈ ਕਿ ਬਾਣੀਕਾਰ ਸਿੱਧੇ ਪਤੀ-ਪਤਨੀ ਦੀ ਗੱਲ ਤਾਂ ਨਹੀਂ ਕਰ ਰਹੇ ਪ੍ਰੰਤੂ ਇਨ੍ਹਾਂ ਸਬਦਾਂ ਦੀ ਵਰਤੋਂ ਉਹ ਕ੍ਰਮਵਾਰ ਪ੍ਰਭੂ ਅਤੇ ਜੀਵ ਲਈ ਕਰ ਰਹੇ ਹਨ। ਗੁਰਬਾਣੀ ਦਾ ਇਹ ਵਿਚਾਰ ਤਾਂ ਵਿਦਮਾਨ ਹੀ ਹੈ ਕਿ ਗੁਰੂ ਸਾਹਿਬ ਪਰਮਾਤਮਾ ਨੂੰ ਪੁਰਖ ਰੂਪ ਵਿਚ ਅਤੇ ਬਾਕੀ ਸਭ ਜਿਨ੍ਹਾਂ ਵਿਚ ਉਹ ਆਪ ਵੀ ਸ਼ਾਮਿਲ ਹਨ, ਨੂੰ ਇਸਤਰੀ ਰੂਪ ਵਿਚ ਕਥਨ ਕਰਦੇ ਹਨ। ਇਸ ਤਰ੍ਹਾਂ ਦੇ ਗੁਰਬਾਣੀ ਵਿਚ ਵੀ ਕਈ ਹਵਾਲੇ ਮਿਲਦੇ ਹਨ ਜਿਵੇਂ:

> ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥
> ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ॥ [74]

ਇਸ ਤਰ੍ਹਾਂ ਪੁਰਖ **ਪਰਮਾਤਮਾ** ਹੈ ਅਤੇ ਨਾਰੀ **ਸੰਸਾਰੀ ਜੀਵ** ਇਥੇ ਪੁਰਖ ਅਤੇ ਨਾਰੀ ਭਾਵੇਂ ਸੰਸਾਰੀ ਪਤੀ-ਪਤਨੀ ਦੇ ਰਿਸ਼ਤੇ ਦੇ ਸਿੱਧੇ ਸੂਚਕ ਨਹੀਂ ਹਨ। ਉਨ੍ਹਾਂ ਦੀ ਚਿੰਨ੍ਹ ਰੂਪ ਵਿਚ ਵਰਤੋਂ ਕੀਤੀ ਗਈ ਹੈ। ਸੋ ਗੁਰਬਾਣੀ ਵਿਚੋਂ ਜਿਹੜੇ ਵੀ ਹਵਾਲੇ/ਦ੍ਰਿਸ਼ਟਾਂਤ ਸਾਨੂੰ ਮਿਲੇ ਹਨ, ਉਨ੍ਹਾਂ ਨੂੰ ਅਸੀਂ ਚਿੰਨ੍ਹ ਵਜੋਂ ਪਤੀ-ਪਤਨੀ ਦੇ ਰਿਸ਼ਤੇ ਵਾਲੇ ਸਿਰਲੇਖ ਅਧੀਨ ਲਿਆ ਹੈ।

ਉਪਰੋਕਤ ਪ੍ਰਸੰਗ ਦੇ ਹਵਾਲੇ ਵਿਚ ਗੁਰੂ ਸਾਹਿਬ ਅਨੁਸਾਰ ਜੀਵ ਰੂਪੀ ਪਤਨੀ ਦਾ ਇਸ ਸੰਸਾਰ ਵਿਚ ਆਉਣ ਦਾ ਮੁੱਖ ਮਨੋਰਥ ਪਰਮਾਤਮਾ ਰੂਪੀ ਪਤੀ ਦੀ ਮਿਹਰ, ਕ੍ਰਿਪਾਲਤਾ, ਪਿਆਰ ਭਰੀ ਮਿੱਠੀ ਨਿਗਾਹ ਆਦਿ ਦਾ ਪਾਤਰ ਬਣਨਾ ਹੈ ਅਤੇ ਉਸ ਦਾ ਮਿਲਾਪ ਪ੍ਰਾਪਤ ਕਰਨਾ ਹੈ।

ਜਦੋਂ ਕਦੀ ਉਹ ਖਸਮ (ਪ੍ਰਭੂ) ਉਸ ਵੱਲ ਸਵੱਲੀ ਨਜ਼ਰ ਨਾਲ ਵੇਖਦਾ ਹੈ ਤਾਂ ਉਸ ਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਉਸ ਦਾ ਜੀਵਨ ਲੇਖੇ ਵਿਚ ਲੱਗ ਗਿਆ ਭਾਵ ਸਕਾਰਥ ਹੋ ਗਿਆ ਹੈ

---

74. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 591-592.

ਅਤੇ ਉਸ ਨੂੰ ਨੌਂ ਨਿਧਾਂ ਅਤੇ ਅਠਾਰਾਂ ਸਿੱਧਾਂ ਦੀ ਪ੍ਰਾਪਤੀ ਹੋ ਗਈ, ਅਜਿਹੀ ਪ੍ਰਭੂ ਦੀ ਨਦਰਿ ਦੀ ਪਾਤਰ ਬਣੀ ਇਸਤਰੀ ਨੂੰ ਜੀਵਨ ਦਾ ਸ੍ਰੇਸ਼ਟ ਸੁੱਖ ਆਪਣੇ ਪ੍ਰਭੂ ਨੂੰ ਗਾਵਣ ਅਰਥਾਤ ਸਿਫਤ ਸਾਲਾਹ ਵਿਚ ਹੀ ਮਿਲਦਾ ਹੈ ਗੁਰੂ ਫੁਰਮਾਨ ਹੈ:

(i) ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ॥ [75]

(ii) ਨਵ ਰੰਗ ਲਾਲੁ ਸੇਜ ਰਾਵਣ ਆਇਆ॥
ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ॥ [76]

ਇਸ ਤਰ੍ਹਾਂ ਪਤੀ-ਪਤਨੀ ਦੇ ਰਿਸ਼ਤੇ ਦੀ ਚਿੰਨ੍ਹ ਵਜੋਂ ਵਿਆਖਿਆ ਕਰਦੇ ਹੋਏ ਇਸ ਰਿਸ਼ਤੇ ਨੂੰ ਹੇਠ ਲਿਖੇ ਸਿਰਲੇਖ ਪਰਿਵਾਰਕ ਉਤਪਤੀ ਦੀ ਨਿਰੰਤਰਤਾ, ਗੁਰੂ ਰਾਹੀਂ ਪ੍ਰਭੂ-ਪਤੀ ਦੀ ਪ੍ਰਾਪਤੀ, ਪ੍ਰਭੂ ਕ੍ਰਿਪਾ ਰਾਹੀਂ ਆਦਿ ਵਿਚ ਵੰਡ ਕੇ ਵਿਚਾਰਿਆ ਹੈ।

ਸੰਸਾਰ ਵਿਚ ਵਿਚਰਦਿਆਂ ਹਰੇਕ ਜੀਵ ਦੀ ਇਹ ਦਿਲੀ ਖਾਹਿਸ਼ ਹੁੰਦੀ ਹੈ ਕਿ ਸੁੱਖਾਂ ਦਾ ਦਾਤਾ ਪ੍ਰਭੂ ਉਸ ਨੂੰ ਸੰਸਾਰ ਦੇ ਸਾਰੇ ਸੁੱਖ ਦੇ ਦੇਵੇਂ। ਜਦੋਂ ਜੀਵ ਰੂਪੀ ਇਸਤਰੀ ਪ੍ਰਭ ਭਾਣੇ ਵਿਚ ਰਹਿ ਕੇ ਅਤੇ ਆਪਣਾ ਸਾਰਾ ਕੁਝ ਅਰਪਣ ਕਰਕੇ ਉਸ ਪ੍ਰਭੂ ਦਾ ਸਿਮਰਨ ਕਰਦੀ ਹੈ ਤਾਂ ਜੀਵ ਇਸਤਰੀ ਉਸ ਦੀ ਐਸੀ ਮਿਹਰ ਭਰੀ ਨਜ਼ਰ ਦੀ ਪਾਤਰ ਬਣਦੀ ਹੈ, ਜਿਸ ਨਾਲ ਉਸ ਨੂੰ ਪ੍ਰਭੂ-ਪਤੀ ਅਜਿਹਾ ਸੁੱਖਾਂ ਵਾਲਾ ਜੀਵਨ ਦਿੰਦਾ ਹੈ ਜਿਸ ਦਾ ਉਸ ਨੂੰ ਕਦੇ ਅਭਾਵ ਨਹੀਂ ਹੁੰਦਾ। ਜੀਵ ਇਸਤਰੀ ਇਸ ਆਨੰਦਮਈ ਜੀਵਨ ਦੀ ਪ੍ਰਾਪਤੀ ਤੋਂ ਉਪਰੰਤ ਆਪਣੇ ਸਰੀਰਕ ਬਲ ਅਤੇ ਸੰਸਾਰ ਦਾ ਹੰਕਾਰ ਛੱਡ ਦਿੰਦੀ ਹੈ। ਪ੍ਰਭੂ ਦੀ ਰਜ਼ਾ ਵਿਚ ਚੱਲਣ ਵਾਲੀ ਜਗਿਆਸੂ ਇਸਤਰੀ ਨੂੰ ਪ੍ਰਭੂ ਆਪਣੇ ਸਰੂਪ ਰੂਪੀ ਘਰ ਵਿਚ ਅਭੇਦ ਕਰ ਲੈਂਦਾ ਹੈ। ਅਜਿਹੀਆਂ ਪ੍ਰਭੂ ਦੀ ਮਿਹਰ ਦੀਆਂ

75. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 722.
76. *ਉਹੀ*, ਪੰਨਾ 737.

ਪਾਤਰ ਬਣੀਆਂ ਜੀਵ ਇਸਤਰੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਤਰ੍ਹਾਂ ਦੇ ਸਤਿਕਾਰਤ ਸਬਦਾਂ (ਗੁਣਵੰਤੀ, ਸੁਹਾਗਣ, ਸੋਭਾਵੰਤੀ ਆਦਿ) ਨਾਲ ਸਨਮਾਨਿਆ ਗਿਆ ਹੈ ਜਿਵੇਂ:

(i) ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ॥
ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ॥ [77]

(ii) ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ॥
ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ॥ [78]

ਉਪਰੋਕਤ ਤੁਕਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸੱਚਾ ਸੁੱਖ, ਪਿਆਰ ਅਤੇ ਸ਼ੋਭਾ ਮਿਲਣ ਦੀ ਥਾਂ ਇਕੋ-ਇਕ ਥਾਂ ਪ੍ਰਭੂ ਪਤੀ ਦੀ ਸ਼ਰਨ ਹੀ ਹੈ।

ਇਸ ਦੀ ਪ੍ਰੋੜਤਾ ਲਈ ਭਾਈ ਗੁਰਦਾਸ ਜੀ ਦੇ ਕਬਿੱਤ 466 ਦਾ ਹਵਾਲਾ ਮਿਲਦਾ ਹੈ, ਜਿਸ ਵਿਚ ਉਨ੍ਹਾਂ ਜ਼ਿਕਰ ਕੀਤਾ ਹੈ: ਜਿਨ੍ਹਾਂ ਜੀਵ ਇਸਤ੍ਰੀਆਂ ਦੀ ਇੱਕ ਮਾਲਕ ਪਤੀ ਪਰਮੇਸਰ ਦੇ ਨਾਲ ਪ੍ਰੀਤ ਹੁੰਦੀ ਹੈ, ਉਨ੍ਹਾਂ ਦੇ ਮਨ ਵਿਚ ਕਿਸੇ ਦੂਜੇ ਦਾ ਖਿਆਲ ਵੀ ਨਹੀਂ ਆਉਂਦਾ। ਅਜਿਹੀ ਜੀਵ ਇਸਤਰੀ ਭਾਈ ਗੁਰਦਾਸ ਜੀ ਦੀਆਂ ਨਜ਼ਰਾਂ ਵਿਚ ਪਤੀਬ੍ਰਤਾ ਹੈ। ਭਾਈ ਗੁਰਦਾਸ ਜੀ ਕਈ ਅਜਿਹੇ ਬਿੰਬਾਂ ਰਾਹੀਂ ਸਮਝਾਉਂਦੇ ਹਨ ਜਿਵੇਂ ਕਿ ਬਬੀਹਾ ਸਵਾਤੀ ਬੂੰਦ ਨੂੰ ਤਰਸਦਾ ਰਹਿੰਦਾ ਹੈ। ਬਾਹਰ ਭਾਵੇਂ ਨਦੀਆਂ, ਨਾਲੇ, ਸਮੁੰਦਰ ਪਾਣੀ ਨਾਲ ਭਰੇ ਪਏ ਹੋਣ। ਬਬੀਹੇ ਦਾ ਇਨ੍ਹਾਂ ਨਾਲ ਕੋਈ ਸਨੇਹ ਨਹੀਂ। ਉਹ ਸਵਾਂਤੀ ਬੂੰਦ ਨੂੰ ਪੀ ਕੇ ਹੀ ਤ੍ਰਿਪਤ ਹੁੰਦਾ ਹੈ। ਜਿਵੇਂ ਚਕੌਰ ਦੀ ਪ੍ਰੀਤ ਚੰਦਰਮਾ ਨਾਲ ਹੁੰਦੀ ਹੈ, ਸੂਰਜ ਨਾਲ ਉਸ ਦਾ ਕੋਈ ਸਰੋਕਾਰ ਨਹੀਂ ਹੁੰਦਾ। ਸੂਰਜ ਦੀਆਂ ਕਿਰਨਾਂ ਚਕੋਰ ਨੂੰ ਕੋਈ ਪ੍ਰਭਾਵਿਤ ਨਹੀਂ ਕਰਦੀਆਂ ਕਿਉਂਕਿ ਉਸ ਦਾ ਪਿਆਰ ਚੰਦਰਮਾ ਨਾਲ ਹੈ ਉਹ ਚੰਦਰਮਾ ਦੀ ਚਾਨਣੀ ਦੇਖ ਕੇ ਹੀ ਖੁਸ਼ ਹੁੰਦੀ ਹੈ। ਗੁਰਸਿੱਖ ਅਨੇਕਾਂ ਦੇਵੀ ਦੇਵਤਿਆਂ ਦੇ ਹੁੰਦਿਆਂ ਹੋਇਆ ਵੀ

---

77. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 56.
78. *ਉਹੀ,* ਪੰਨਾ 69●.

ਸਹਿਜ ਅਵਸਥਾ ਵਿਚ ਰਹਿੰਦਾ ਹੈ ਅਤੇ ਉਹ ਪਰਮਾਤਮਾ ਨਾਲ ਹੀ ਪ੍ਰੇਮ ਰੱਖਦਾ ਹੈ। ਇਸ ਤਰ੍ਹਾਂ ਜੀਵ ਇਸਤਰੀਆਂ ਦਾ ਵੀ ਲੱਖਾਂ ਸੋਹਣੇ ਮਰਦਾਂ ਦੇ ਹੁੰਦਿਆਂ, ਸਨੇਹ ਸਿਰਫ ਆਪਣੇ ਪ੍ਰਭੂ-ਪਤੀ ਨਾਲ ਹੀ ਹੁੰਦਾ ਹੈ ਕਿਉਂਕਿ ਉਸ ਨੇ ਸਿਰਫ ਆਪਣੇ ਪਤੀ ਦਾ ਹੀ ਲੜ ਫੜਿਆ ਹੋਇਆ ਹੈ:

ਜੈਸੇ ਪਤਿਬ੍ਰਤਾ ਪਰ ਪੁਰਖੈ ਨਾ ਦੇਖਿਓ ਚਾਹੈ,
ਪੂਰਨ ਪਤਬ੍ਰਤਾ ਕੈ ਪ੍ਰਤ ਹੀ ਕੈ ਧਿਆਨ ਹੈ।।
… … …
ਤੈਸੇ ਗੁਰਸਿਖ ਆਨ ਦੇਵ ਸੇਵ ਰਹਿਤ ਪੈ,
ਸਹਜ ਸੁਭਾਅ ਨ ਅਵਗਿਆ ਅਭਮਾਨੁ ਹੈ।। [79]

## ਪਰਿਵਾਰਕ ਉਤਪਤੀ ਦੀ ਨਿਰੰਤਰਤਾ

ਸੰਸਾਰ ਵਿਚ ਪਤੀ-ਪਤਨੀ ਦਾ ਰਿਸ਼ਤਾ ਇਕ ਅਜਿਹਾ ਅਹਿਮ ਰਿਸ਼ਤਾ ਹੈ, ਜਿਸ ਤੋਂ ਬਗੈਰ ਪਰਿਵਾਰ ਦੀ ਸ਼ਾਖ ਨਹੀਂ ਚਲ ਸਕਦੀ। ਇਨ੍ਹਾਂ ਦੇ ਆਪਸੀ ਸੰਬੰਧਾਂ ਤੋਂ ਹੀ ਪਰਿਵਾਰ ਜਨਮ ਲੈਂਦਾ ਹੈ। ਇਸੇ ਤਰ੍ਹਾਂ ਹੀ ਅਧਿਆਤਮਕ ਰਿਸ਼ਤੇ ਵਿਚ ਵੀ ਜੀਵ ਰੂਪੀ ਇਸਤਰੀ ਪ੍ਰਭੂ ਪਤੀ ਦੇ ਪਿਆਰ ਵਿਚ ਐਨੀ ਲੀਨ ਹੋ ਜਾਂਦੀ ਹੈ, ਜਿਸ ਨਾਲ ਉਸ ਦਾ ਹਿਰਦਾ ਵਿਕਾਰਾਂ ਤੋਂ ਸ਼ੁੱਧ ਹੋ ਜਾਂਦਾ ਹੈ ਅਤੇ ਜਿਸ ਤੋਂ ਚੰਗੇ ਸੰਸਕਾਰ ਉਤਪੰਨ ਹੁੰਦੇ ਹਨ। ਉਸ ਦੇ ਅੰਦਰ ਚੰਗੇ ਸੰਸਕਾਰ ਪੈਦਾ ਹੋ ਜਾਣ ਦੀ ਨਿਸ਼ਾਨੀ ਹੈ ਕਿ ਉਹ ਹਰ ਕਰਮ ਵਿਚ ਪ੍ਰਭੂ ਦੀ ਯਾਦ ਵਿਚ ਸ਼ਬਦ ਦੀ ਵਿਚਾਰ ਕਰਦੀ ਹੋਈ ਆਪਣਾ ਜੀਵਨ ਬਤੀਤ ਕਰਦੀ ਹੈ ਅਤੇ ਆਪਣਾ ਹਰ ਇਕ ਪਲ ਉਸ ਨਾਲ ਮਿਲ ਕੇ ਚਲਾਉਂਦੀ ਹੈ। ਅਜਿਹੀ ਅਵਸਥਾ ਵਾਲੀ ਜੀਵ ਇਸਤਰੀ ਦੀ ਪੀੜ੍ਹੀ ਜੁਗਾਂ ਤੋਂ ਚਲਦੀ ਆ ਰਹੀ ਹੈ। ਗੁਰੂ ਸਾਹਿਬ ਬਾਣੀ ਰਾਹੀਂ ਵੀ ਇਹੋ ਉਪਦੇਸ਼ ਕਰਦੇ ਹੋਏ ਸਮਝਾਉਂਦੇ ਹਨ:

---

79. ਓਅੰਕਾਰ ਸਿੰਘ, *ਕਬਿੱਤ ਸਵੈਯੇ ਭਾਈ ਗੁਰਦਾਸ ਪਾਠ, ਤੁਕ-ਤਤਕਰਾ ਅਨੁਕ੍ਰਮਣਿਕਾ ਅਤੇ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993. ਕਬਿੱਤ ਸਵੈਯਾ 466, ਪੰਨਾ 119.

ਹਰਿ ਰਾਮ ਰਾਮ ਮੇਰੇ ਬਾਬੋਲਾ
ਪਿਰ ਮਿਲਿ ਧਨ ਵੇਲ ਵਧੰਦੀ॥
ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ
ਸਦ ਪੀੜੀ ਗੁਰੂ ਚਲੰਦੀ॥ [80]

## ਗੁਰੂ ਰਾਹੀਂ ਪ੍ਰਭੂ-ਪਤੀ ਦੀ ਪ੍ਰਾਪਤੀ

ਜੀਵਨ ਵਿਚ ਹਰੇਕ ਪ੍ਰਕਾਰ ਦੀ ਸਫਲਤਾ ਪ੍ਰਾਪਤ ਕਰਨ ਲਈ ਅਗਵਾਈ ਦੀ ਲੋੜ ਪੈਂਦੀ ਹੈ। ਧਾਰਮਿਕ ਖੇਤਰ ਵਿਚ ਜੀਵ ਦੀ ਅਗਵਾਈ ਕਰਨ ਵਾਲੇ ਨੂੰ ਪੀਰ, ਪੈਗੰਬਰ, ਅਵਤਾਰ, ਸੰਤ ਗੁਰੂ ਆਦਿ ਕਿਹਾ ਜਾਂਦਾ ਹੈ। ਹਰੇਕ ਧਰਮ ਜਾਂ ਮਤਿ ਵਿਚ ਇਸ ਅਗਵਾਈਕਾਰ ਨੂੰ ਆਪੋ-ਆਪਣੇ ਨਾਂ ਦਿੱਤੇ ਗਏ ਹਨ। ਸਿੱਖ ਧਰਮ ਵਿਚ ਅਗਵਾਈਕਾਰ ਲਈ ਗੁਰੂ, ਸਤਿਗੁਰੂ ਆਦਿ ਪਦ/ਸ਼ਬਦ ਵਰਤਿਆ ਜਾਂਦਾ ਹੈ। ਗੁਰੂ ਹੀ ਇਕ ਅਜਿਹਾ ਸਾਧਨ ਹੈ, ਜਿਸ ਰਾਹੀਂ ਜੀਵ ਇਸਤਰੀ ਨੂੰ ਪ੍ਰਭੂ-ਪਤੀ ਦੀ ਪ੍ਰਾਪਤੀ ਹੋ ਸਕਦੀ ਹੈ।

ਕਈ ਜੀਵ ਇਸਤਰੀਆਂ ਔਗੁਣਾਂ ਨਾਲ ਭਰੀਆਂ ਹੁੰਦੀਆਂ ਹਨ ਕਿਉਂਕਿ ਉਨ੍ਹਾਂ ਦੀ ਸੰਗਤ ਅਜਿਹੀਆਂ ਜੀਵ ਇਸਤਰੀਆਂ ਨਾਲ ਹੋ ਜਾਂਦੀ ਹੈ, ਜਿਹੜੀਆਂ ਆਪ ਹੀ ਅਜਿਹੇ ਔਗੁਣਾਂ ਕਰਕੇ ਗੁਣ ਨਿਧਾਨ ਪਰਮਾਤਮਾ ਤੋਂ ਵਿਛੜੀਆਂ ਰਹਿੰਦੀਆਂ ਹਨ ਅਤੇ ਔਗੁਣਾਂ ਵਿਚ ਹੀ ਖਚਿਤ ਰਹਿੰਦੀਆਂ ਹਨ ਅਤੇ ਹਰੀ-ਰਸ ਤੋਂ ਵਾਂਝੀਆਂ ਰਹਿੰਦੀਆਂ ਹਨ ਜਿਸ ਕਰਕੇ ਉਨ੍ਹਾਂ ਨੂੰ ਸਾਰੀ ਜਿੰਦਗੀ ਵਿਚ ਆਤਮਿਕ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਉਹ ਜੀਵ ਇਸਤਰੀ ਔਗੁਣਾਂ ਦੇ ਵਸ ਹੋ ਕੇ ਵਿਕਾਰਾਂ ਅਨੁਸਾਰ ਚਲਦੀ ਹੈ, ਜਿਸ ਕਰਕੇ ਅਜਿਹੀ ਜੀਵ ਇਸਤਰੀ ਪ੍ਰਭੂ-ਪਤੀ ਦੇ ਮਨ ਨੂੰ ਨਹੀਂ ਭਾਉਂਦੀ ਕਿਉਂਕਿ ਉਸ ਨੂੰ ਮਨਾਉਣ ਜਾਂ ਖੁਸ਼ ਕਰਨ ਲਈ ਜੀਵ ਇਸਤਰੀ ਨੂੰ ਅਜਿਹੇ ਗੁਣ ਹੀ ਆਪਣੇ ਵਿਚ ਇਕੱਠੇ ਕਰਨੇ ਪੈਣਗੇ, ਜਿਹੋ ਜਿਹੇ ਗੁਣ ਉਸ ਗੁਣੀ ਨਿਧਾਨ ਪਰਮਾਤਮਾ ਵਿਚ ਹੁੰਦੇ

80. *ਸ੍ਰੀ ਗੁਰੂ ਗ੍ਰੰਥ ਸਹਿਬ*, ਪੰਨਾ 79.

ਹਨ। ਪ੍ਰਭੂ-ਪਤੀ ਦੇ ਗੁਣਾਂ ਦਾ ਪਤਾ ਸਿਰਫ ਗੁਰੂ ਤੋਂ ਹੀ ਲੱਗ ਸਕਦਾ ਹੈ:

ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥ [81]

ਗੁਰੂ ਹੀ ਇਕ ਅਜਿਹਾ ਵਿਚੋਲਾ ਹੈ ਜੋ ਉਸ ਪ੍ਰਭੂ ਪਤੀ ਨਾਲ ਮਿਲਾ ਸਕਦਾ ਹੈ। ਜਦੋਂ ਜੀਵ ਇਸਤਰੀ ਗੁਰੂ ਦੇ ਦੱਸੇ ਮਾਰਗ ਅਨੁਸਾਰ ਚਲਦੀ ਹੋਈ ਚੰਗੇ ਸੰਸਕਾਰਾਂ ਵੱਲ ਪ੍ਰਵਿਰਤ ਹੁੰਦੀ ਹੈ ਤਾਂ ਉਸ ਦੇ ਅੰਦਰ ਗੁਣਾਂ ਦਾ ਵਾਸਾ ਹੋਣ ਲੱਗ ਜਾਂਦਾ ਹੈ ਅਤੇ ਔਗੁਣ ਘਟਣੇ ਸ਼ੁਰੂ ਹੋ ਜਾਂਦੇ ਹਨ। ਇਕ ਦਿਨ ਅਜਿਹਾ ਆਉਂਦਾ ਹੈ ਕਿ ਗੁਰੂ ਅਨੁਸਾਰ ਚਲਦੀ ਜੀਵ ਇਸਤਰੀ ਅੰਦਰੋਂ ਔਗੁਣ ਖਤਮ ਹੋ ਜਾਂਦੇ ਹਨ ਅਤੇ ਗੁਣ ਹੀ ਗੁਣ ਰਹਿ ਜਾਂਦੇ ਹਨ। ਇਨ੍ਹਾਂ ਗੁਣਾਂ ਦੇ ਕਾਰਨ ਉਸ ਅੰਦਰ ਆਤਮਿਕ ਸ਼ਾਂਤੀ, ਖੁਸ਼ੀ ਅਤੇ ਖੇੜਾ ਰਹਿੰਦਾ ਹੈ ਜਿਵੇਂ:

(i) ਅਵਗਣ ਗੁਣੀ ਬਖਸਾਇਆ ਹਰਿ ਸਿਉ ਲਿਵ ਲਾਈ॥
ਹਰਿ ਵਰੁ ਪਾਇਆ ਕਾਮਣੀ ਗੁਰਿ ਮੇਲਿ ਮਿਲਾਈ॥ [82]

(ii) ਪਿਰੁ ਸੰਗਿ ਕਾਮਣਿ ਜਾਣਿਆ ਗੁਰਿ ਮੇਲਿ ਮਿਲਾਈ ਰਾਮ॥
ਅੰਤਰਿ ਸਬਦਿ ਮਿਲੀ ਸਹਜੇ ਤਪਤਿ ਬੁਝਾਈ ਰਾਮ॥ [83]

## ਪ੍ਰਭੂ-ਕਿਰਪਾ ਰਾਹੀਂ ਪ੍ਰਾਪਤੀ

ਜੀਵ ਇਸਤਰੀ ਨੂੰ ਪ੍ਰਭੂ-ਪਤੀ ਦਾ ਮਿਲਾਪ ਪ੍ਰਭੂ ਦੀ ਕ੍ਰਿਪਾ ਦੁਆਰਾ ਹੋਣਾ ਹੀ ਗੁਰਬਾਣੀ ਵਿਚ ਦਰਸਾਇਆ ਗਿਆ ਹੈ। ਗੁਰੂ ਸਾਹਿਬ ਉਨ੍ਹਾਂ ਜੀਵ ਇਸਤਰੀਆਂ ਨੂੰ ਪਤੀ ਵਾਲੀਆਂ ਸਮਝਦੇ ਹਨ ਜੋ ਉਸ ਪ੍ਰਭੂ ਦੇ ਨਾਮ ਦਾ ਸਿਮਰਨ ਅਤੇ ਉਸ ਦੇ ਗੁਣਾਂ ਦਾ ਚਿੰਤਨ ਕਰਦੀਆਂ ਹੋਈਆਂ ਉਸ ਵਿਚ ਲੀਨ ਹੋ ਜਾਂਦੀਆਂ ਹਨ, ਜਿਨ੍ਹਾਂ ਨੂੰ ਗੁਰੂ ਸਾਹਿਬ ਸੋਹਾਗਣਾਂ, ਗੁਣਵੰਤੀ ਆਦਿ ਦਾ ਰੂਪਕ ਦੇ ਕੇ ਸੰਬੋਧਨ ਕਰਦੇ ਹਨ। ਅਜਿਹੀਆਂ ਜੀਵ ਇਸਤਰੀਆਂ ਪ੍ਰਭੂ-ਪਤੀ ਤੋਂ ਇਲਾਵਾ ਹੋਰ ਕਿਸੇ ਨਾਲ

---

81. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1384.
82. *ਉਹੀ*, ਪੰਨਾ 428.
83. *ਉਹੀ*, ਪੰਨਾ 44●.

ਪਿਆਰ ਨਹੀਂ ਕਰਦੀਆਂ ਪਰ ਇਨ੍ਹਾਂ ਦਾ ਮਿਲਾਪ ਉਦੋਂ ਹੀ ਹੁੰਦਾ ਹੈ ਜਦੋਂ ਪ੍ਰਭੂ ਆਪ ਕਿਰਪਾ ਕਰਦਾ ਹੈ:

ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ॥
ਧਨ ਪਿਰ ਨੇਹੁ ਘਣਾ ਰਸਿ ਪ੍ਰੀਤਿ ਦਇਆਲਾ ਰਾਮ॥
ਧਨ ਪਿਰਹਿ ਮੇਲਾ ਹੋਇ ਸੁਆਮੀ ਆਪਿ ਪ੍ਰਭੁ ਕਿਰਪਾ ਕਰੇ॥ [84]

ਜਿਹੜੀ ਜੀਵ ਇਸਤਰੀ ਗੁਰੂ ਦੇ ਸ਼ਬਦ ਰਾਹੀਂ ਹਰ ਪਲ ਪ੍ਰਭੂ-ਪਤੀ ਦੇ ਚਰਨਾਂ ਵਿਚ ਜੁੜੀ ਰਹਿੰਦੀ ਹੈ ਉਹ ਜੀਵ ਇਸਤਰੀ ਪ੍ਰਭੂ-ਪਤੀ ਨੂੰ ਭਾਉਂਦੀ ਹੈ:

ਨਾਨਕ ਕਾਮਣਿ ਸਾ ਪਿਰ ਭਾਵੈ ਸਬਦੇ ਰਹੈ ਹਦੂਰੇ॥ [85]

## ਪ੍ਰਭੂ-ਪਤੀ ਦੀ ਪ੍ਰਾਪਤੀ ਲਈ ਹਉਮੈ ਅਤੇ ਆਪੇ ਦਾ ਤਿਆਗ

ਜਦੋਂ ਜੀਵ ਇਸਤਰੀ ਆਪਣੇ ਅੰਦਰੋਂ ਵਿਕਾਰਾਂ ਦੀ ਅੱਗ ਨੂੰ ਖਤਮ ਕਰਨ ਦਾ ਉਪਰਾਲਾ ਕਰਦੀ ਹੈ ਤਾਂ ਸਹਿਜੇ-ਸਹਿਜੇ ਉਹ ਸੰਸਾਰਿਕ ਬੰਧਨਾਂ ਤੋਂ ਮੁਕਤ ਹੋਣ ਲੱਗਦੀ ਹੈ। ਇਸ ਤਰ੍ਹਾਂ ਉਸ ਅੰਦਰ ਦੁੱਖਾਂ ਦਾ ਸਾਹਮਣਾ ਕਰਨ ਦੀ ਸ਼ਕਤੀ ਪੈਦਾ ਹੁੰਦੀ ਹੈ। ਗੁਰੂ ਸ਼ਬਦ ਦੀ ਵਿਚਾਰ ਰਾਹੀਂ ਜਦੋਂ ਜੀਵ ਇਸਤਰੀ ਆਪਣੇ ਆਪ ਨੂੰ ਮਾਰਨ ਦਾ ਯਤਨ ਕਰਦੀ ਹੈ, ਤਿਉਂ-ਤਿਉਂ ਉਸ ਦੀ ਨੇੜਤਾ ਪ੍ਰਭੂ-ਪਤੀ ਵੱਲ ਹੋਣ ਲੱਗ ਜਾਂਦੀ ਹੈ ਜਿਵੇਂ:

ਰੂੜੀ ਬਾਣੀ ਹਰਿ ਪਾਇਆ ਗੁਰ ਸਬਦੀ ਬੀਚਾਰਿ॥
ਆਪੁ ਗਇਆ ਦੁਖੁ ਕਟਿਆ ਹਰਿ ਵਰੁ ਪਾਇਆ ਨਾਰਿ॥ [86]

ਜੀਵ ਇਸਤਰੀ ਗੁਰੂ ਸ਼ਬਦ ਰਾਹੀਂ ਆਪਣੇ ਅੰਦਰ ਆਤਮਿਕ ਗੁਣ ਸਿਰਜਦੀ ਹੋਈ ਦ੍ਵੈਤ ਭਾਵਨਾ ਦਾ ਨਾਸ਼ ਕਰਦੀ ਹੈ। ਇਸ ਤਰ੍ਹਾਂ ਉਹ ਸੰਸਾਰਿਕ ਵਾਸ਼ਨਾਵਾਂ ਵਿਚ ਖਚਿਤ ਨਹੀਂ ਹੁੰਦੀ। ਐਸੀ ਜੀਵ ਇਸਤਰੀ ਆਪਣੇ ਸਰੀਰ ਨੂੰ ਹੱਟ ਬਣਾ ਕੇ ਪ੍ਰਭੂ-ਪਤੀ ਦੇ ਸ਼ੁਭ ਗੁਣਾਂ ਰੂਪੀ ਸਰਮਾਏ

---

84. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 435.
85. *ਉਹੀ*, ਪੰਨਾ 568.
86. *ਉਹੀ*, ਪੰਨਾ 937.

ਨੂੰ ਸੰਚਿਤ ਕਰਦੀ ਹੋਈ ਨਾਮ ਅੰਮ੍ਰਿਤ ਖਜ਼ਾਨੇ ਨੂੰ ਪ੍ਰਾਪਤ ਕਰਦੀ ਹੈ ਅਤੇ ਪ੍ਰਭੂ ਵਿਚ ਇਸ ਤਰ੍ਹਾਂ ਲੀਨ ਰਹਿੰਦੀ ਹੈ ਜਿਵੇਂ ਮਛਲੀ ਪਾਣੀ ਵਿਚ ਅਤੇ ਭੌਰਾ ਕਮਲ ਦੇ ਫੁੱਲ ਦੀ ਮਕਰੰਦ ਰਸ ਵਿਚ ਲੀਨ ਰਹਿੰਦਾ ਹੈ।

ਇਸ ਤਰ੍ਹਾਂ ਜੀਵ ਇਸਤਰੀ ਦੇ ਅੰਦਰ ਪ੍ਰਭੂ ਦੇ ਨਾਮ ਦੀ ਕ੍ਰਿਪਾ ਸਦਕਾ ਹੀ ਆਤਮਿਕ ਅਡੋਲਤਾ ਅਤੇ ਸਹਿਜ ਦੀ ਅਵਸਥਾ ਆਉਂਦੀ ਹੈ। ਗੁਰੂ ਅਮਰਦਾਸ ਜੀ ਫ਼ਰਮਾਨ ਕਰਦੇ ਹਨ:

ਹਮ ਘਰੇ ਸਾਚਾ ਸੋਹਿਲਾ ਸਾਚੈ ਸਬਦਿ ਸੁਹਾਇਆ ਰਾਮ।।
ਧਨ ਪਿਰ ਮੇਲੁ ਭਇਆ ਪ੍ਰਭਿ ਆਪਿ ਮਿਲਾਇਆ ਰਾਮ।।
ਪ੍ਰਭਿ ਆਪਿ ਮਿਲਾਇਆ ਸਚੁ ਮੰਨਿ ਵਸਾਇਆ ਕਾਮਣਿ ਸਹਜੇ ਮਾਤੀ।। [87]

## ਸੇਵਾ ਰਾਹੀਂ

ਪ੍ਰਭੂ ਦੀ ਸੇਵਾ ਦਾ ਅਰਥ ਹੈ ਉਸ ਦੇ ਸ਼ਬਦ ਨੂੰ ਸਮਝਣਾ ਅਤੇ ਆਪਣੇ ਜੀਵਨ ਨੂੰ ਉਸ ਦੀ ਰਜ਼ਾ ਵਿਚ ਰਹਿੰਦਿਆਂ ਗੁਜ਼ਾਰਨਾ। ਗੁਰੂ ਸਾਹਿਬ ਫ਼ਰਮਾਨ ਕਰਦੇ ਹਨ ਕਿ ਪ੍ਰਭੂ ਦੀ ਨਜ਼ਰ ਵਿਚ ਸੁਹਾਗਣ ਇਸਤਰੀਆਂ ਉਹ ਹਨ ਜੋ ਸੰਸਾਰ ਦੇ ਬੁਰੇ ਕੰਮਾਂ ਵਿਚ ਦਿਲਚਸਪੀ ਨਹੀਂ ਲੈਂਦੀਆਂ ਅਤੇ ਸ਼ੁਭ ਕਰਮ, ਧਰਮ ਦੀ ਕਮਾਈ ਅਤੇ ਸੰਸਾਰਿਕ ਬੰਧਨਾਂ ਤੋਂ ਅਜ਼ਾਦ ਹੋ ਕੇ ਪਦਾਰਥਾਂ ਦੀ ਲਾਲਸਾ ਨੂੰ ਖਤਮ ਕਰ ਲੈਂਦੀਆਂ ਹਨ। ਇਸ ਤਰ੍ਹਾਂ ਸੰਤੋਖੀ ਜੀਵਨ ਵਾਲੀਆਂ ਜੀਵ ਇਸਤਰੀਆਂ ਪ੍ਰਭੂ-ਪਤੀ ਦੀ ਸੇਵਾ ਕਰਦੀਆਂ ਉਸ ਨੂੰ ਪ੍ਰਾਪਤ ਕਰ ਲੈਂਦੀਆਂ ਹਨ ਅਤੇ ਪ੍ਰਭੂ-ਪਤੀ ਦੀ ਯਾਦ ਵਿਚ ਹੀ ਉਸ ਦੀ ਸੇਵਾ ਕਰਦੀਆਂ ਹਨ:

(i) ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ।। [88]

(ii) ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ।।
ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ।। [89]

---

87. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 439.
88. *ਉਹੀ*, ਪੰਨਾ 474.
89. *ਉਹੀ*, ਪੰਨਾ 11●9.

## ਪਤਨੀ

ਗੁਰਬਾਣੀ ਵਿਚ ਪਤਨੀ ਸ਼ਬਦ ਜੀਵ ਆਤਮਾ ਦੇ ਚਿੰਨ੍ਹ ਵਜੋਂ ਵਰਤਿਆ ਗਿਆ ਹੈ। ਪ੍ਰਭੂ ਨੂੰ ਜੀਵ ਆਤਮਾ ਦਾ ਪਤੀ ਕਿਹਾ ਗਿਆ ਹੈ। ਗੁਰੂ ਸਾਹਿਬ ਉਨ੍ਹਾਂ ਜੀਵ ਇਸਤਰੀਆਂ ਨੂੰ ਵਡਭਾਗੀਆਂ, ਉਚੀ ਕੁਲ ਵਾਲੀਆਂ, ਅਤੇ ਪ੍ਰਤੀਬਤਾ ਮੰਨਦੇ ਹਨ, ਜਿਨ੍ਹਾਂ ਦੇ ਹਿਰਦੇ ਰੂਪੀ ਘਰ ਵਿਚ ਮੂਰਤੀ ਰੂਪ ਪ੍ਰਭੂ ਦਾ ਨਾਮ ਵਸਦਾ ਹੈ। ਪ੍ਰਭੂ ਦੇ ਨਾਮ ਸਦਕਾ ਜੀਵ ਇਸਤਰੀਆਂ ਜਿਉਂਦੇ ਜੀਅ ਮੁਕਤ ਹੋ ਜਾਂਦੀਆਂ ਹਨ ਅਤੇ ਉਹ ਜੀਵਨ ਦਾ ਅਸਲ ਮਨੋਰਥ ਪੂਰਾ ਕਰਦੀਆਂ ਹਨ ਜਦੋਂ ਜੀਵ ਇਸਤਰੀ ਦਾ ਇਹ ਵਿਸ਼ਵਾਸ ਬਣ ਜਾਵੇ ਕਿ ਪ੍ਰਭੂ-ਪਤੀ ਸਦਾ ਉਸ ਦੇ ਅੰਗਸੰਗ ਹੈ ਤਾਂ ਉਸ ਅੰਦਰ ਜੀਵਨ ਨੂੰ ਗਿਰਾਵਟ ਵੱਲ ਲਿਜਾਉਣ ਵਾਲੇ ਬੁਰੇ ਵਿਚਾਰ, ਸੱਭ ਖਤਮ ਹੋ ਜਾਂਦੇ ਹਨ। ਇਸ ਤਰ੍ਹਾਂ ਉਹ ਆਪਣੇ ਮਨ ਨੂੰ ਨਿਰਮਲ ਕਰਦੀ ਹੋਈ ਪ੍ਰਭੂ-ਪਤੀ ਦਾ ਮਿਲਾਪ ਹਾਸਲ ਕਰਦੀ ਹੈ।

> ਜਿਸੁ ਮਨੁ ਮਾਨੈ ਅਭਿਮਾਨੁ ਨ ਤਾ ਕਉ ਹਿੰਸਾ ਲੋਭੁ ਵਿਸਾਰੇ॥
> ਸਹਜਿ ਰਵੈ ਵਰੁ ਕਾਮਣਿ ਪਿਰ ਕੀ ਗੁਰਮੁਖਿ ਰੰਗਿ ਸਵਾਰੇ॥ [90]

ਕਈ ਜੀਵ ਇਸਤਰੀਆਂ ਅਜਿਹੀਆਂ ਵੀ ਹੁੰਦੀਆਂ ਹਨ, ਜਿਨ੍ਹਾਂ ਨੂੰ ਪ੍ਰਭੂ-ਪਤੀ ਦੇ ਮਿਲਾਪ ਦਾ ਅਨੰਦ ਨਹੀਂ ਮਿਲਦਾ। ਉਹ ਸੰਸਾਰ ਦੇ ਝੰਬੇਲਿਆਂ ਵਿਚ ਹੀ ਫਸੀ ਹੋਈ ਚਿੰਤਤ ਰਹਿੰਦੀ ਹੈ। ਇਸ ਤਰ੍ਹਾਂ ਉਨ੍ਹਾਂ ਦੇ ਚੇਹਰੇ ਦੀ ਰੌਣਕ ਵੀ ਨਹੀਂ ਦਿਸਦੀ:

> ਜਿਨਿ ਧਨ ਪਿਰ ਕਾ ਸਾਦੁ ਨਾ ਜਾਨਿਆ
> ਸਾ ਬਿਲਖ ਬਦਨ ਕੁਮਲਾਨੀ॥
> ਭਈ ਨਿਰਾਸੀ ਕਰਮ ਕੀ ਫਾਸੀ
> ਬਿਨੁ ਗੁਰ ਭਰਮਿ ਭੁਲਾਨੀ॥ [91]

---

90. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1198.
91. *ਉਹੀ*, ਪੰਨਾ 1255.

## ਨਾਮ ਦਾ ਸਿੰਗਾਰ: ਪ੍ਰਭੂ ਪਤੀ ਦੀ ਪ੍ਰਾਪਤੀ

ਸੱਚਾ ਸਿੰਗਾਰ ਕੀ ਹੈ, ਪਤੀ ਦਾ ਪ੍ਰੇਮ ਅਤੇ ਉਸ ਦੇ ਹੁਕਮ ਵਿਚ ਰਹਿਣਾ ਹੀ ਸੱਚਾ ਸ਼ਿੰਗਾਰ ਹੈ। ਸੰਸਾਰੀ ਇਸਤਰੀ ਜੇਕਰ ਪਤੀ ਦੇ ਭੈ ਅਤੇ ਪ੍ਰੇਮ ਤੋਂ ਖਾਲੀ ਹੈ ਤਾਂ ਉਸ ਦੇ ਕੀਤੇ ਹੋਏ ਸ਼ਿੰਗਾਰ ਬੇ-ਮਾਇਨੇ ਹੋ ਜਾਂਦੇ ਹਨ। ਐਸੇ ਸਿੰਗਾਰ ਨੂੰ ਭਗਤ ਕਬੀਰ ਜੀ ਕੁਆਰੀ ਇਸਤਰੀ ਦਾ ਸ਼ਿੰਗਾਰ ਦਸਦੇ ਹਨ ਕਿਉਂਕਿ ਪਤੀ ਤੋ ਬਗੈਰ ਰੰਗ ਰਲੀਆਂ ਦਾ ਅਨੰਦ ਨਹੀਂ ਮਾਣ ਸਕਦੀ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਪ੍ਰਭੂ-ਪਤੀ ਦੇ ਡਰ ਅਦਬ ਦੇ ਸੁਰਮੇ ਦੀ ਸਲਾਈਆਂ ਅੱਖਾਂ ਵਿਚ ਪਾ ਕੇ ਹਾਰ ਸਿੰਗਾਰ ਕਰੇਗੀ ਤਾਂ ਹੀ ਪ੍ਰਭੂ ਪਤੀ ਦੀ ਪ੍ਰਾਪਤੀ ਹੋ ਸਕੇਗੀ:

> ਕੁਆਰ ਕੰਨਿਆ ਜੈਸੇ ਕਰਤ ਸੀਗਾਰਾ॥
> ਕਿਉ ਰਲੀਆ ਮਾਨੈ ਬਾਝੁ ਭਤਾਰਾ॥ [92]

ਇਸੀ ਪ੍ਰਸੰਗ ਤਹਿਤ ਗੁਰੂ ਨਾਨਕ ਦੇਵ ਜੀ ਫ਼ਰਮਾਨ ਕਰਦੇ ਹਨ ਕਿ ਐ ਇਸਤਰੀ ਜੇ ਸਿੰਗਾਰ ਕਰਕੇ ਤੈਨੂੰ ਪਤੀ ਦੀ ਖੁਸ਼ੀ ਪ੍ਰਾਪਤ ਨਹੀਂ ਹੋਈ ਤਾਂ ਹੱਥ ਵਿਚ ਪਾਈਆਂ ਚੂੜੀਆਂ ਹੋਠਾਂ ਤੇ ਲਗਾਈ ਹੋਈ ਗੁਲਾਬੀ, ਚੀਰ ਵਿਚ ਪਾਇਆ ਸੰਧੂਰ ਸੱਭ ਫੋਕਟ ਹਨ, ਜਿਹੜੀਆਂ ਬਾਹਾਂ ਪਿਆਰੇ ਪਤੀ ਦੇ ਗਲ ਨਹੀਂ ਪਈਆਂ। ਉਨ੍ਹਾਂ ਬਾਹਾਂ ਵਿਚ ਸੁਹਾਗ ਦਾ ਚੂੜਾ ਵੀ ਕਿਉਂ ਨਾ ਪਾਇਆ ਹੋਵੇ ਸੱਭ ਪ੍ਰਭੂ ਪਤੀ ਦੇ ਵਿਛੋੜੇ ਅੰਦਰ ਜਲ ਜਾਣਗੀਆਂ:

> ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥
> ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ॥
> ਨਾ ਮਨੀਆਰੁ ਨਾ ਚੂੜੀਆ ਨਾ ਸੇ ਵੰਗੁੜੀਆਹਾ॥
> ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ॥ [93]

ਜੀਵ ਇਸਤਰੀ ਨਾਮ ਦੇ ਸਿੰਗਾਰ ਨਾਲ ਜਦੋਂ ਪ੍ਰਭੂ ਪਤੀ ਨਾਲ ਮਿਲ ਪਵੇ ਤਾਂ ਉਸ ਦਾ

---

92. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 792.
93. *ਉਹੀ*, ਪੰਨਾ 557.

ਮਨ ਕਮਲ ਫੁਲ ਵਾਗ ਖਿੜ ਜਾਂਦਾ ਹੈ। ਉਸ ਦੇ ਅੰਦਰ ਆਤਮਕ ਅਡੋਲਤਾ ਆ ਜਾਂਦੀ ਹੈ ਅਤੇ ਵਿਕਾਰਾਂ ਦੀ ਤਪਸ ਖਤਮ ਹੋ ਜਾਂਦੀ ਹੈ। ਇਸ ਤਰ੍ਹਾਂ ਜੀਵ ਇਸਤਰੀ ਅੰਦਰ ਸੋਝੀ ਆ ਜਾਂਦੀ ਹੈ ਕਿ ਮੇਰਾ ਪ੍ਰਭੂ ਪਤੀ ਬਹੁਤ ਸਮਰੱਥ ਹੈ ਜਿਵੇਂ:

> ਸਤਿਗੁਰਿ ਮੇਲੀ ਤਾ ਪਿਰਿ ਰਾਵੀ ਬਿਗਸੀ ਅੰਮ੍ਰਿਤ ਬਾਣੀ।।
> ਨਾਨਕ ਸਾ ਧਨ ਤਾ ਪਿਰੁ ਰਾਵੇ ਜਾ ਤਿਸ ਕੈ ਮਨਿ ਭਾਣੀ।। [94]

## ਸਦੀਵੀ ਸੁੱਖ ਦੀ ਪ੍ਰਾਪਤੀ ਕਿਵੇਂ

ਗੁਰਬਾਣੀ ਵਿਚ ਸੁੱਖ ਦੀ ਪ੍ਰਾਪਤੀ ਦੇ ਲਈ ਤਿੰਨ ਗੁਣ ਬਿਆਨ ਕੀਤੇ ਹਨ, ਪ੍ਰਭੂ ਦੇ ਹੁਕਮ ਵਿਚ ਰਹਿਣਾ, ਸੇਵਾ ਕਰਨੀ ਅਤੇ ਸਿਮਰਨ ਕਰਨਾ। ਜਿਥੇ ਗੁਰੂ ਜੀ ਸਾਨੂੰ ਪਰਮਾਰਥ ਦੀ ਸੋਝੀ ਬਖਸ਼ਦੇ ਹਨ, ਉਥੇ ਸੰਸਾਰ ਦੇ ਰਿਸ਼ਤਿਆਂ ਨੂੰ ਸਮਝਣ ਅਤੇ ਵਰਤਾਉ ਕਰਨ ਦਾ ਉਪਦੇਸ਼ ਵੀ ਦਿੰਦੇ ਹਨ। ਜਿਹੜੀ ਔਰਤ ਆਪਣੇ ਪਤੀ ਦਾ ਹੁਕਮ ਨਹੀਂ ਮੰਨਦੀ, ਉਹ ਕਦੇ ਵੀ ਆਪਣੇ ਮਾਲਕ ਦੀ ਖ਼ੁਸ਼ੀ ਹਾਸਲ ਨਹੀਂ ਕਰ ਸਕਦੀ। ਇਸ ਤਰ੍ਹਾਂ ਹੀ ਜੇਕਰ ਪੁੱਤਰ ਪਿਤਾ ਦਾ ਹੁਕਮ ਨਹੀਂ ਮੰਨਦਾ, ਪ੍ਰਜਾ ਰਾਜੇ ਦਾ ਹੁਕਮ ਨਹੀਂ ਮੰਨਦੀ ਤਾਂ ਦੁਖੀ ਹੁੰਦੀ ਹੈ।

ਫਿਰ ਦੂਸਰੀ ਖ਼ੁਸ਼ੀ ਸੇਵਾ ਕਰਕੇ ਹਾਸਲ ਕੀਤੀ ਜਾ ਸਕਦੀ ਹੈ ਜੇ ਕੋਈ ਔਰਤ ਆਪਣੇ ਪਤੀ ਦੀ ਸੇਵਾ ਨਹੀਂ ਕਰਦੀ ਤਾਂ ਪਤੀ ਦੀ ਖ਼ੁਸ਼ੀ ਤੋਂ ਵਾਂਝੀ ਰਹਿ ਜਾਂਦੀ ਹੈ।

ਸਿਮਰਨ ਭਾਵ ਯਾਦ ਵਿਚੋਂ ਹੀ ਪ੍ਰੇਮ ਉਪਜਦਾ ਹੈ। ਪ੍ਰੇਮ ਤੋਂ ਖਾਲੀ ਹਿਰਦੇ ਵਾਲੀਆਂ ਇਸਤਰੀਆਂ ਵੀ ਆਪਣੇ ਮਾਲਕ ਦੀ ਖ਼ੁਸ਼ੀ ਪ੍ਰਾਪਤ ਕਰਨ ਤੋਂ ਖਾਲੀ ਰਹਿ ਜਾਂਦੀਆਂ ਹਨ। ਜਿਹੜੀ ਜੀਵ ਇਸਤਰੀ ਦੇ ਹਿਰਦੇ ਵਿਚ ਪ੍ਰਭੂ ਪਤੀ ਦਾ ਨਿਵਾਸ ਨਾ ਹੋਵੇ ਤਾਂ ਉਸ ਜੀਵ ਇਸਤਰੀ ਨੂੰ ਆਤਮਿਕ ਆਨੰਦ ਨਹੀਂ ਮਿਲਦਾ ਅਤੇ ਇਸ ਕਰਕੇ ਉਸ ਦਾ ਸਰੀਰ ਪ੍ਰਭੂ-ਪਤੀ ਦੇ ਵਿਛੋੜੇ ਦੇ ਕਾਰਨ ਕਮਜੋਰ ਹੋ ਜਾਂਦਾ ਹੈ:

---

94. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 243.

(i) ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥ [95]

(ii) ਊਂਨਵਿ ਊਂਨਵਿ ਆਇਆ ਵਰਸੈ ਨੀਰੁ ਨਿਪੰਗੁ॥
ਨਾਨਕ ਦੁਖੁ ਲਾਗਾ ਤਿਨ ਕਾਮਣੀ ਜਿਨ ਕੰਤੈ ਸਿਉ ਮਨਿ ਭੰਗੁ॥ [96]

ਇਸ ਦੇ ਉਲਟ ਜਿਹੜੀ ਜੀਵ ਇਸਤਰੀ ਆਪਣੇ ਪ੍ਰਭੂ-ਪਤੀ ਦੇ ਮਨ ਨੂੰ ਭਾਅ ਜਾਂਦੀ ਹੈ ਉਸ ਨੂੰ ਕਦੇ ਵੀ ਸੋਗ ਨਹੀਂ ਹੁੰਦਾ ਅਤੇ ਸਦਾ ਆਤਮਿਕ ਖੇੜੇ ਵਿਚ ਰਹਿੰਦੀ ਹੈ ਜਿਵੇਂ:

ਨਾ ਕਦੇ ਹੋਵੈ ਸੋਗੁ ਅਨਦਿਨੁ ਰਸ ਭੋਗ ਸਾ ਧਨ ਮਹਿਲ ਸਮਾਣੀ॥
ਜਿਨਿ ਪ੍ਰਿਉ ਜਾਤਾ ਕਰਮ ਬਿਧਾਤਾ ਬੋਲੇ ਅੰਮ੍ਰਿਤ ਬਾਣੀ॥ [97]

## ਮਾਤਾ-ਪਿਤਾ

ਮਾਤਾ-ਪਿਤਾ ਦਾ ਰਿਸ਼ਤਾ ਸਮਾਜ ਵਿਚ ਪਵਿੱਤਰ ਅਤੇ ਸਤਿਕਾਰ ਭਰਿਆ ਹੈ। ਕੁਦਰਤ ਵਲੋਂ ਸ੍ਰਿਸ਼ਟੀ ਦੀ ਰਚਨਾ ਦਾ ਮੁੱਢ ਮਾਤਾ-ਪਿਤਾ ਤੋਂ ਹੈ। ਇਹ ਮਾਤਾ-ਪਿਤਾ ਲਈ ਬੜੇ ਮਾਣ ਦੀ ਗੱਲ ਹੈ। ਬੇਸ਼ਕ ਮਾਤਾ-ਪਿਤਾ ਤੋਂ ਬਗ਼ੈਰ ਸੰਸਾਰ ਦੀ ਪੈਦਾਇਸ਼ ਨਹੀਂ ਹੋ ਸਕਦੀ। ਪਰ ਮਾਤਾ-ਪਿਤਾ ਸੰਤਾਨ ਨੂੰ ਕੇਵਲ ਪੈਦਾ ਹੀ ਨਹੀਂ ਕਰਦੇ, ਸਗੋਂ ਉਸ ਨੂੰ ਪਾਲਦੇ-ਸੁਆਰਦੇ ਵੀ ਹਨ; ਸੰਤਾਨ ਦਾ ਮਾਰਗ ਦਰਸ਼ਨ ਵੀ ਕਰਦੇ ਹਨ। ਇਹ ਵੀ ਵੇਖਣ ਵਿਚ ਆਇਆ ਕਿ ਜਿਸ ਦੇ ਮਾਤਾ-ਪਿਤਾ ਸੁੱਘੜ ਸਿਆਣੇ ਹੁੰਦੇ ਹਨ ਉਨ੍ਹਾਂ ਦੀ ਔਲਾਦ ਵੀ ਸਮਝਦਾਰ ਹੁੰਦੀ ਹੈ। ਜਿਸ ਤੋਂ ਸਾਫ ਸਪਸ਼ਟ ਹੋ ਜਾਂਦਾ ਹੈ ਕਿ ਮਾਤਾ-ਪਿਤਾ ਦੇ ਜੀਵਨ ਦਾ ਅਸਰ ਉਨ੍ਹਾਂ ਦੀ ਔਲਾਦ ਜ਼ਰੂਰ ਹੀ ਕਬੂਲਦੀ ਹੈ। ਗੁਰਬਾਣੀ ਵਿਚ ਮਾਤਾ-ਪਿਤਾ ਲਈ ਗੁਰੂ ਸਾਹਿਬ ਨੇ ਕਈ ਭਾਵ ਰੂਪਾਂ ਵਿਚ ਅਰਥ ਲਏ ਹਨ। ਜਿਵੇਂ ਪਰਮਾਤਮਾ ਲਈ, ਗੁਰੂ, ਮਾਤਾ (ਮਤਿ) ਅਤੇ ਪਿਤਾ (ਸੰਤੋਖ), ਪਿਤਾ (ਪਾਣੀ) ਮਾਂ (ਧਰਤੀ),

---

95. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 11●8.
96. *ਉਹੀ,* ਪੰਨਾ 128●.
97. *ਉਹੀ,* ਪੰਨਾ 582.

ਸ੍ਰਿਸ਼ਟੀ ਦਾ ਮੁੱਢ, ਪਰਮਾਤਮਾ ਦੇ ਨਾਂ ਆਦਿ।

## ਪਰਮਾਤਮਾ ਲਈ

ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਸਪਸ਼ਟ ਦਰਸਾਇਆ ਹੈ ਕਿ ਅਸਲ ਮਾਤਾ, ਪਿਤਾ, ਭਰਾ ਤੇ ਹੋਰ ਸੰਬੰਧੀ ਸਭ ਕੁਝ ਪਰਮਾਤਮਾ ਹੈ, ਹੋਰ ਸਾਰੇ ਦੁਨਿਆਵੀ ਰਿਸ਼ਤੇ ਕਿਸੇ ਕੰਮ ਨਹੀਂ। ਕੋਈ ਮਾਂ ਜਾਣ ਕੇ ਉਸ ਦੀ ਉਸਤਤ ਵਿਚ ਭੇਟਾ ਗਾਉਂਦਾ ਹੈ, ਕੋਈ ਪਿਤਾ ਜਾਣ ਕੇ ਪ੍ਰਾਰਥਨਾ (ਪ੍ਰੇਅਰ) ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਪ੍ਰਭੂ ਨੂੰ ਹਰ ਰਿਸ਼ਤੇ ਵਿਚ ਦੇਖਿਆ ਹੈ, ਜਿਵੇਂ:

(i) ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥ [98]

(ii) ਆਪਨ ਆਪੁ ਆਪਹਿ ਉਪਾਇਓ॥
ਆਪਹਿ ਬਾਪ ਆਪ ਹੀ ਮਾਇਓ॥ [99]

(iii) ਨਾਰਾਇਣ ਸੰਤ ਕੋ ਮਾਈ ਬਾਪ॥ [100]

ਸੰਸਾਰ ਕਮਲ ਦਾ ਫੁੱਲ ਹੈ ਅਤੇ ਪ੍ਰਭੂ ਪਾਣੀ ਰੂਪ (ਸਾਗਰ) ਹੈ। ਜਿਵੇਂ ਮੁਰਝਾਇਆ ਹੋਇਆ ਕਮਲ ਫੁੱਲ ਪਾਣੀ ਨੂੰ ਪ੍ਰਾਪਤ ਕਰਕੇ ਖਿੜ ਜਾਂਦਾ ਹੈ, ਉਸੇ ਤਰ੍ਹਾਂ ਜੋ ਵੀ ਉਸ ਪ੍ਰਭੂ ਦੀ ਸ਼ਰਨ ਵਿਚ ਆਉਂਦਾ ਹੈ, ਉਹ ਆਵਾਗਵਣ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ ਜਿਵੇਂ:

ਆਵਾ ਗਵਨੁ ਮਿਟੈ ਪ੍ਰਭ ਸੇਵ॥
ਆਪੁ ਤਿਆਗਿ ਸਰਨਿ ਗੁਰਦੇਵ॥ [101]

ਕਈ ਵਾਰੀ ਬਾਣੀ ਵਿਚ ਅਜਿਹਾ ਫ਼ਰਮਾਨ ਮਿਲਦਾ ਹੈ ਜਿਵੇਂ ਮਾਤਾ-ਪਿਤਾ ਆਪਣੇ ਬੱਚੇ

---

98. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 103.
99. *ਉਹੀ*, ਪੰਨਾ 250.
100. *ਉਹੀ*, ਪੰਨਾ 868.
101. *ਉਹੀ*, ਪੰਨਾ 288.

ਦੀ ਪਾਲਣਾ ਕਰਦੇ ਹਨ। ਉਸੇ ਤਰ੍ਹਾਂ ਪਰਮਾਤਮਾ ਵੀ ਸਾਰੇ ਸੰਸਾਰ ਦੀ ਉਸੇ ਰੂਪ ਵਿਚ ਪਾਲਣਾ ਕਰਦਾ ਹੈ ਕਿਉਂਕਿ ਸੰਸਾਰ ਬੱਚਾ ਹੈ। ਪਰਮਾਤਮਾ ਪਿਤਾ ਹੈ।

(i) ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ॥ [102]

(ii) ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ॥ [103]

## ਗੁਰੂ ਹੀ ਮਾਤਾ-ਪਿਤਾ

ਜਿਵੇਂ ਮਾਤਾ-ਪਿਤਾ ਤੋਂ ਬਿਨ੍ਹਾਂ ਸਾਡਾ ਸਰੀਰ ਨਹੀਂ ਹੋ ਸਕਦਾ, ਉਸੇ ਤਰ੍ਹਾਂ ਗੁਰੂ ਤੋਂ ਬਿਨ੍ਹਾਂ ਸਾਡੇ ਹਿਰਦੇ ਵਿਚ ਆਤਮਿਕ ਚਾਨਣ ਨਹੀਂ ਹੋ ਸਕਦਾ। ਛੋਟੇ ਬੱਚੇ ਦੀ ਪਰਵਰਿਸ਼ ਲਈ ਮਾਤਾ-ਪਿਤਾ ਦੇ ਸਹਾਰੇ ਦੀ ਲੋੜ ਹੈ ਕਿਉਂਕਿ ਬੱਚੇ ਕੋਲ ਸਮਰੱਥਾ ਅਤੇ ਸਮਝ ਦੀ ਘਾਟ ਹੁੰਦੀ ਹੈ, ਜਿਉਂ ਜਿਉਂ ਬੱਚਾ ਵੱਡਾ ਹੁੰਦਾ ਹੈ ਉਸ ਦੀ ਸਰੀਰਕ ਤਾਕਤ ਅਤੇ ਸਮਝ ਵਿਚ ਵਾਧਾ ਹੁੰਦਾ ਹੈ। ਇਹ ਸਮਝ ਮਾਤਾ-ਪਿਤਾ ਕੋਲੋਂ ਹੀ ਬੱਚੇ ਨੂੰ ਪ੍ਰਾਪਤ ਹੁੰਦੀ ਹੈ। ਇਸੇ ਤਰ੍ਹਾਂ ਅਧਿਆਤਮਕ ਮਾਰਗ ਦੀ ਸਮਝ ਨਾ ਹੋਣ ਕਰਕੇ ਇਹ ਜੀਵ ਧਰਮ ਦੇ ਨਜ਼ਰੀਏ ਤੋਂ ਬੱਚਾ ਸ਼ਕਤੀ ਹੀਨ ਹੈ ਪਰ ਧਰਮ ਦੀ ਸੂਝ ਬੂਝ ਗੁਰੂ ਤੋਂ ਪ੍ਰਾਪਤ ਹੁੰਦੀ ਹੈ। ਗੁਰੂ ਤੋਂ ਬਿਨ੍ਹਾਂ ਧਰਮ ਦਾ ਗਿਆਨ ਪ੍ਰਾਪਤ ਨਹੀਂ ਹੁੰਦਾ। ਇਸ ਲਈ ਗੁਰਬਾਣੀ ਵਿਚ ਗੁਰੂ ਨੂੰ ਮਾਤਾ-ਪਿਤਾ ਕਿਹਾ ਗਿਆ ਹੈ ਜਿਵੇਂ:

(i) ਤੂੰ ਗੁਰੁ ਪਿਤਾ ਤੂੰ ਹੈ ਗੁਰੁ ਮਾਤਾ
ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ॥ [104]

(ii) ਗੁਰਦੇਵ ਮਾਤਾ ਗੁਰਦੇਵ ਪਿਤਾ
ਗੁਰਦੇਵ ਸੁਆਮੀ ਪਰਮੇਸੁਰਾ॥ [105]

---

102. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 653.
103. *ਉਹੀ*, ਪੰਨਾ 921.
104. *ਉਹੀ*, ਪੰਨਾ 167.
105. *ਉਹੀ*, ਪੰਨਾ 250.

## ਮਾਤਾ (ਮਤਿ) ਅਤੇ (ਸੰਤੋਖ) ਪਿਤਾ

ਗੁਰਬਾਣੀ ਨੇ ਸ਼ੁੱਭ ਅਤੇ ਸੁਚੱਜੀ ਮਤਿ ਨੂੰ ਮਾਤਾ ਕਿਹਾ ਹੈ ਅਤੇ ਸੰਤੋਖ ਨੂੰ ਪਿਤਾ ਦੇ ਰੂਪ ਵਿਚ ਬਿਆਨ ਕੀਤਾ ਹੈ। ਸ਼ੁਭ ਵਿਚਾਰਾਂ (ਮਤਿ) ਨਾਲ ਮਨੁੱਖ ਦੇ ਜੀਵਨ ਵਿਚ ਬਦਲਾਅ ਆਉਂਦਾ ਹੈ। ਸ੍ਰੇਸ਼ਟ ਮਤਿ ਦੇ ਆਉਂਦਿਆਂ ਹੀ ਮਾੜੀ ਅਤੇ ਭੈੜੀ ਮਤਿ ਛੁਟ ਜਾਂਦੀ ਹੈ ਜਿਵੇਂ ਕੀਮਤੀ ਹੀਰੇ ਦੇ ਮਿਲਦਿਆਂ ਝੋਲੀ ਵਿਚ ਪਿਆ ਰੇਤਾ ਸੁਟਦਿਆਂ ਦੇਰ ਨਹੀਂ ਲੱਗਦੀ। ਸ੍ਰੇਸ਼ਟ ਮਤਿ ਹੀ ਮਨੁੱਖਾ ਜਿੰਦਗੀ ਦੀ ਆਗੂ ਹੈ। ਜਿਉਂ ਜਿਉਂ ਕੋਈ ਪਰਮਾਤਮਾ ਦੀ ਭਗਤੀ ਕਰਦਾ ਹੈ ਤਾਂ ਉਸ ਦੀ ਮਤਿ ਚਮਕਦੀ ਹੈ ਤੇ ਨਵੇਂ ਹੁਲਾਰੇ ਵਿਚ ਆਉਂਦੀ ਹੈ। ਇਹ ਰੂਪਕ ਇਸ ਤਰ੍ਹਾਂ ਹੈ ਜਿਵੇਂ ਸਮੁੰਦਰ ਵਿਚ ਜਵਾਰਭਾਟਾ ਆਇਆ ਹੋਵੇ। ਉਨ੍ਹਾਂ ਸਮੁੰਦਰ ਦੀਆਂ ਛੱਲਾਂ ਨਾਲ ਕੀਮਤੀ ਮੋਤੀ ਸਮੁੰਦਰ ਦੇ ਕਿਨਾਰੇ ਤੇ ਆ ਜਾਦੇਂ ਹਨ। ਇਸੇ ਤਰ੍ਹਾਂ ਸੰਤੋਖ ਦਾ ਉਛਾਲਾ ਮਨੁੱਖੀ ਜ਼ਿੰਦਗੀ ਵਿਚ ਨਵੀ ਕ੍ਰਾਂਤੀ (ਤਬਦੀਲੀ) ਲੈ ਆਉਂਦਾ ਹੈ:

(i) ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ॥
ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ॥ [106]

(ii) ਮਾਤਾ ਮਤਿ ਪਿਤਾ ਸੰਤੋਖੁ॥
ਸਤੁ ਭਾਈ ਕਰਿ ਏਹੁ ਵਿਸੇਖੁ॥ [107]

ਸ਼ੁੱਭ ਮਤਿ ਵਾਲਾ ਸੰਤੋਖੀ ਹੁੰਦਾ ਹੈ। ਉਸ ਦੇ ਅੰਤਰੀਵ ਪ੍ਰਭੂ ਦੀ ਭਗਤੀ ਟਿਕ ਜਾਂਦੀ ਹੈ। ਸ਼ੁੱਭ ਗੁਣਾਂ ਦਾ ਮਾਲਕ ਬਣ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਵੀ ਇਸ ਦੀ ਪ੍ਰੋੜਤਾ ਆਪਣੀ ਵਾਰ ਵਿਚ ਕੀਤੀ ਹੈ:

ਗੁਰਮਤਿ ਮਾਤਾ ਮਤਿ ਹੈ ਪਿਤਾ ਸੰਤੋਖ ਮੋਖ ਪਦੁ ਪਾਇਆ॥
ਧੀਰਜੁ ਧਰਮੁ ਭਿਰਾਵ ਦੁਇ ਜਪੁ ਤਪੁ ਜਤੁ ਸਤੁ ਪਤੁ ਜਣਾਇਆ॥ [108]

---

106. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 991.
107. *ਉਹੀ*, ਪੰਨਾ 151.
108. ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ*, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2001, ਵਾਰ 6/5, ਪੰਨਾ 64.

## ਪਿਉ (ਪਾਣੀ), ਮਾਤਾ (ਧਰਤੀ)

ਗੁਰਬਾਣੀ ਅੰਦਰ ਸ੍ਰਿਸ਼ਟੀ ਦੀ ਸ਼ੁਰੂਆਤ (ਪ੍ਰਭੂ ਸੱਚ), ਹਵਾ, ਪਾਣੀ, ਧਰਤੀ ਤੋਂ ਮੰਨੀ ਗਈ ਹੈ। ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਵਿਚ ਸ੍ਰਿਸ਼ਟੀ ਰਚਨਾ ਬਾਰੇ ਆਪਣੇ ਇਲਾਹੀ ਵਿਚਾਰ ਇਸ ਤਰ੍ਹਾਂ ਅੰਕਿਤ ਕੀਤੇ ਹਨ ਜਿਵੇਂ:

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥ [109]

ਪ੍ਰਭੂ ਤੋਂ ਪਵਣ ਦੀ ਪੈਦਾਇਸ਼ ਹੋਈ, ਪਵਣ ਤੋਂ ਪਾਣੀ ਹੋਂਦ ਵਿਚ ਆਇਆ। ਪਾਣੀ ਤੋਂ ਧਰਤੀ, ਮਿੱਟੀ ਅਤੇ ਜੀਵਾਂ ਦਾ ਜਨਮ ਹੋਇਆ। ਇਸ ਲਈ ਪਾਣੀ ਸਮੁੱਚੇ ਜਗਤ ਦਾ ਪਿਤਾ ਹੈ ਤੇ ਧਰਤੀ ਮਾਂ ਹੈ। ਉਂਞ ਵੀ ਮਨੁੱਖੀ ਸਰੀਰ ਪਿਤਾ ਦੀ ਬਿੰਦ (ਪਾਣੀ) ਮਾਤਾ ਦਾ ਖ਼ੂਨ ਚਰਬੀ (ਮਿੱਟੀ) ਤੋਂ ਪੈਦਾ ਹੁੰਦਾ ਹੈ।

ਮਾਤਾ (ਧਰਤੀ) ਸੰਸਾਰ ਦੇ ਜੀਵਾਂ ਲਈ ਰਿਜਕ ਪੈਦਾ ਕਰ ਦਿੰਦੀ ਹੈ ਪਰ ਇਹ ਰਿਜਕ ਨੂੰ ਪੈਦਾ ਕਰਨ ਵਿਚ (ਪਿਤਾ) ਪਾਣੀ ਸਹਾਇਤਾ ਕਰਦਾ ਹੈ। ਗੁਰੂ ਨਾਨਕ ਦੇਵ ਜੀ ਫ਼ਰਮਾਨ ਕਰਦੇ ਹਨ:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥ [110]

ਭਾਈ ਗੁਰਦਾਸ ਜੀ ਨੇ ਵੀ ਇਸ ਵਿਚਾਰ ਦੀ ਪ੍ਰੋੜਤਾ ਇਸ ਤਰ੍ਹਾਂ ਕੀਤੀ ਹੈ:

ਮਾਤਾ ਪਿਤਾ ਜਲੁ ਧਰਤਿ ਹੈ ਉਤਪਤਿ ਸੰਸਾਰਾ॥
ਦਾਈ ਦਾਇਆ ਰਾਤਿ ਦਿਹੁ ਵਰਤੇ ਵਰਤਾਰਾ॥ [111]

---

109. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 19.

110. *ਉਹੀ*, ਪੰਨਾ 8.

111. ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ*, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2001, ਵਾਰ 2/19, ਪੰਨਾ 33.

## ਮਾਂ-ਪੁੱਤਰ

ਮਾਂ-ਪੁੱਤਰ ਦਾ ਰਿਸ਼ਤਾ ਅਹਿਮ ਤੇ ਭਾਵਨਾਤਮਿਕ ਹੈ। ਇਹ ਨਿਰਛਲ ਪ੍ਰੇਮ ਅਤੇ ਸ਼ਰਧਾ ਤੇ ਅਧਾਰਿਤ ਹੈ। ਮਾਂ ਆਪਣੇ ਬੱਚੇ ਲਈ ਕੀ ਕੁਝ ਨਹੀਂ ਕਰਦੀ? ਉਹ ਆਪਣੇ ਬੱਚੇ ਨੂੰ ਖੁਸ਼ ਰੱਖਣ ਅਤੇ ਖੁਸ਼ ਵੇਖਣ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਰਹਿੰਦੀ ਹੈ। ਸੰਸਾਰ ਦੇ ਇਤਿਹਾਸ ਵਿਚ ਅਜਿਹੀਆਂ ਕਈ ਕਹਾਣੀਆਂ ਮਿਲ ਜਾਂਦੀਆਂ ਹਨ ਜਿੱਥੇ ਮਾਂ ਨੇ ਆਪਣੇ ਬੱਚੇ ਲਈ ਮੁਸ਼ਕਲਾਂ ਝੱਲੀਆਂ ਪਰ ਉਸ ਦੀ ਪਰਵਰਿਸ਼ ਵਿਚ ਕੋਈ ਕਮੀ ਨਹੀਂ ਆਉਣ ਦਿੱਤੀ ਜਿਵੇਂ ਭਗਤ ਪੂਰਨ ਸਿੰਘ ਜੀ ਦੀ ਮਾਂ ਦੀ ਉਦਾਹਰਣ ਦੇਣੀ ਬਿਲਕੁਲ ਸਹੀ ਢੁੱਕਦੀ ਹੈ। ਬੱਚਾ ਆਪਣੀ ਮਾਂ ਤੋਂ ਹੀ ਸੰਸਕਾਰ ਲੈ ਕੇ ਵੱਡਾ ਹੁੰਦਾ ਹੈ। ਇਨ੍ਹਾਂ ਸੰਸਕਾਰਾਂ ਕਰਕੇ ਹੀ ਕਿਸੇ ਬੱਚੇ ਦੀ ਜੀਵਨ ਉਸਾਰੀ ਵਧੀਆ ਅਤੇ ਬਹੁਤ ਵਧੀਆ ਹੋ ਸਕਦੀ ਹੈ ਕਿਉਂਕਿ ਬੱਚਾ ਜਨਮ ਤੋਂ ਲੈ ਕੇ ਸੁਰਤ ਸੰਭਾਲਣ ਤੱਕ ਸਭ ਤੋਂ ਵੱਧ ਸਮਾਂ ਮਾਂ ਦੀ ਗੋਦ ਵਿਚ ਜਾਂ ਮਾਂ ਦੇ ਨੇੜੇ ਰਹਿ ਕੇ ਬਿਤਾਉਂਦਾ ਹੈ। ਇਸੇ ਕਰਕੇ ਹਰ ਸਮੇਂ ਮਾਂ ਬੱਚੇ ਦਾ ਮਾਰਗ ਦਰਸ਼ਨ ਕਰਦੀ ਹੈ। ਆਤਮਦਰਸ਼ੀ ਪੁਰਸ਼ਾਂ ਦੇ ਇਹ ਵਿਚਾਰ ਹਨ ਕਿ ਬੱਚੇ ਦੀ ਪਹਿਲੀ ਅਧਿਆਤਮਕ ਗੁਰੂ ਮਾਂ ਹੈ। ਜੇਕਰ ਮਾਂ ਮਹਾਨ ਹੈ ਤਾਂ ਬੱਚਾ ਵੀ ਮਹਾਨ ਹੈ। ਸੋ ਪੁੱਤਰ ਦੀ ਮਹਾਨਤਾ ਮਾਂ ਤੇ ਨਿਰਭਰ ਹੈ। ਐਸੀ ਮਹਾਨ ਮਾਂ ਨੂੰ ਗੁਰਬਾਣੀ ਵਿਚ ਫਰੀਦ ਜੀ ਨੇ ਧੰਨ ਆਖਿਆ ਗਿਆ ਹੈ:

> ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥
> ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥ [112]

ਬੀਬੀ ਭਾਨੀ ਜੀ ਨੇ ਆਪਣੇ ਛੋਟੇ ਪੁੱਤਰ (ਗੁਰੂ ਅਰਜਨ ਦੇਵ) ਜੀ ਨੂੰ ਪਰਮਾਤਮਾ ਦਾ ਸਿਮਰਨ ਕਰਨ ਦੀ ਅਸੀਸ ਦਿੰਦੇ ਹੋਏ ਕਿਹਾ:

> ਪੂਤਾ ਮਾਤਾ ਕੀ ਆਸੀਸ॥
> ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥ [113]

---

112. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 488.
113. *ਉਹੀ*, ਪੰਨਾ 496.

## ਪਰਮਾਤਮਾ ਨੂੰ ਮਾਂ-ਪੁੱਤਰ

ਮਾਰੂ ਰਾਗ ਵਿਚ ਗੁਰੂ ਰਾਮਦਾਸ ਜੀ ਨੇ ਸਪਸ਼ਟ ਕੀਤਾ ਹੈ ਕਿ ਮੇਰੀ ਮਾਤਾ, ਪਿਤਾ, ਸੁਤ ਤੇ ਬੰਧਪ ਸਭ ਕੁਝ ਮੇਰੇ ਲਈ ਹਰੀ ਤੋਂ ਬਿਨ੍ਹਾਂ ਹੋਰ ਕੋਈ ਨਹੀਂ। ਮੈਨੂੰ ਆਪਣਾ ਨਾਮ ਦ੍ਰਿੜ ਕਰਵਾ ਕੇ ਹਰ ਦੁੱਖ-ਸੁੱਖ ਵਿਚ ਮੇਰੀ ਸਹਾਇਤਾ ਕਰਦਾ ਹੈ। ਤੂੰ ਮਾਤਾ-ਪਿਤਾ, ਮਿੱਤਰ, ਪੁੱਤਰ ਜਾਂ ਭਰਾ ਇਨ੍ਹਾਂ ਸੱਭ ਦੇ ਵਿਚ ਪ੍ਰਭੂ ਤੂੰ ਹੀ ਮੌਜੂਦ ਹੈ ਤੇ ਸਹਾਈ ਹੋ ਰਿਹਾ ਹੈ। ਮੂਲ ਰੂਪ ਵਿਚ ਪ੍ਰਭੂ ਹੀ ਸੱਭ ਜੀਵਾਂ ਦੀ ਹਰ ਥਾਂ ਤੇ ਸਹਾਇਤਾ ਕਰਦਾ ਹੈ। ਪਰਮਾਤਮਾ ਵਰਗਾ ਪਿਆਰ ਕਰਨ ਵਾਲਾ ਹੋਰ ਕੋਈ ਨਹੀਂ ਹੈ। ਉਹ ਪਰਮਾਤਮਾ ਹੀ ਸਾਰਿਆਂ ਦੀ ਰੱਖਿਆ ਕਰਦਾ ਹੈ। ਉਸ ਨੇ ਆਪ ਕ੍ਰਿਪਾ ਨਾਲ ਆਪਣਾ ਨਾਮ ਮੇਰੇ ਹਿਰਦੇ ਵਿਚ ਪੱਕਾ ਕਰ ਦਿੱਤਾ ਹੈ:

ਮੇਰੇ ਸਤਿਗੁਰਾ ਮੈ ਹਰਿ ਹਰਿ ਨਾਮੁ ਦ੍ਰਿੜਾਇ॥
ਮੇਰੇ ਮਾਤ ਪਿਤਾ ਸੁਤ ਬੰਧਪੋ ਮੈ ਹਰਿ ਬਿਨੁ ਅਵਰੁ ਨ ਮਾਇ॥ [114]

ਜਿਹੜੇ ਜੀਵਾਂ ਨੇ ਪਰਮਾਤਮਾ ਦਾ ਆਸਰਾ ਲਿਆ ਹੋਇਆ ਹੈ ਉਸ ਦੇ ਆਸਰੇ ਕਰਕੇ ਉਨ੍ਹਾਂ ਦੇ ਦੁਨੀਆਂ ਵਿਚੋਂ ਹਰ ਕਿਸਮ ਦੇ ਡਰ ਦੂਰ ਹੋ ਜਾਂਦੇ ਹਨ। ਉਹ ਸਾਡੀਆਂ ਭੁੱਲਾਂ ਤੇ ਔਗੁਣਾਂ ਦੇ ਹੁੰਦਿਆਂ ਹੋਇਆਂ ਵੀ ਸਾਡੀ ਸਹਾਇਤਾ ਕਰਦਾ ਹੈ ਤੇ ਸਾਨੂੰ ਉਨਤੀ ਤੇ ਸ਼ਾਂਤੀ ਦੇ ਮਾਰਗ ਉੱਤੇ ਪਾਉਂਦਾ ਹੈ।

ਪਰਮਾਤਮਾ ਸਾਡਾ ਮਾਤਾ ਪਿਤਾ ਹੈ। ਛੋਟਾ ਬੱਚਾ ਆਪ ਕੁਝ ਵੀ ਨਹੀਂ ਕਰ ਸਕਦਾ। ਉਹ ਨਾ ਬੋਲ ਸਕਦਾ ਹੈ, ਨਾ ਵੇਖ ਸਕਦਾ ਹੈ, ਨਾ ਸਮਝ ਸਕਦਾ ਹੈ ਅਤੇ ਨਾ ਹੀ ਚੱਲ-ਫਿਰ ਸਕਦਾ ਹੈ ਪਰ ਜਿਉਂ ਜਿਉਂ ਬੱਚਾ ਵੱਡਾ ਹੁੰਦਾ ਹੈ, ਉਸ ਨੂੰ ਬੋਲਣਾ, ਚੱਲਣਾ, ਵੇਖਣਾ, ਸਮਝਣਾ ਆ ਜਾਂਦਾ ਹੈ। ਇਹ ਸਾਰੀ ਸਮਝ ਦੇਣ ਵਾਲਾ ਪ੍ਰਭੂ ਹੀ ਹੈ।

---

114. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 996.

ਸੋ ਜਗਤ ਦੇ ਜੀਵਾਂ ਨੂੰ ਪਾਲਣ ਅਤੇ ਸੰਸਾਰ ਵਿਚ ਵਿਚਰਨ ਦੇ ਯੋਗ ਬਣਾਉਣ ਵਾਲਾ ਪ੍ਰਭੂ ਆਪ ਹੀ ਮਾਤਾ, ਪਿਤਾ, ਪੁੱਤਰ ਦੇ ਰੂਪ ਵਿਚ ਵਰਤ ਰਿਹਾ ਹੈ।

ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ॥
ਜਨੁ ਨਾਨਕੁ ਦਾਸੁ ਹਰਿ ਕਾਂਢਿਆ ਹਰਿ ਪੈਜ ਰਖਾਏ॥ [115]

ਪ੍ਰਭੂ ਨੇ ਪਿਤਾ ਦੀ ਬਿੰਦ ਅਤੇ ਮਾਤਾ ਦੀ ਰਕਤ (ਖ਼ੂਨ) ਤੋਂ ਜੀਵ ਦਾ ਕਿੰਨਾ ਸੁੰਦਰ ਸਰੀਰ ਬਣਾ ਦਿੱਤਾ ਹੈ। ਜਦੋਂ ਉਹ ਸਰੀਰ ਮਾਤਾ ਦੇ ਗਰਭ ਵਿਚ ਪਨਪਦਾ ਹੈ ਤਾਂ ਉਸ ਅਗਨੀ ਦੇ ਕੁੰਡ ਵਿਚ ਵੀ ਪ੍ਰਭੂ ਹੀ ਰਖਵਾਲਾ ਹੈ। ਪ੍ਰਭੂ ਆਪਣੇ ਪੈਦਾ ਕੀਤੇ ਜੀਵਾਂ ਨੂੰ ਹਰ ਸਮੇਂ ਇਸ ਤਰ੍ਹਾਂ ਪਾਲਦਾ ਹੈ ਜਿਵੇਂ ਮਾਤਾ-ਪਿਤਾ ਆਪਣੇ ਬੱਚੇ ਨੂੰ ਪਾਲਦੇ ਹਨ। ਗੁਰ ਫ਼ਰਮਾਨ ਹੈ:

ਪ੍ਰਭੁ ਮਾਤ ਪਿਤਾ ਕੰਠਿ ਲਾਇਦਾ ਲਹੁੜੇ ਬਾਲਕ ਪਾਲਿ॥ [116]

ਪ੍ਰਭੂ ਜੀਵ ਦੇ ਅੰਦਰ ਵੱਸ ਕੇ, ਸਾਰੇ ਰਿਸ਼ਤਿਆਂ ਵਿਚ ਮੋਹ ਪੈਦਾ ਕਰਕੇ ਇਨ੍ਹਾਂ ਵਿਚ ਆਪ ਵਿਚਰ ਰਿਹਾ ਹੈ। ਇਸੇ ਮੋਹ ਕਰਕੇ ਜੀਵ ਕਹਿੰਦਾ ਹੈ ਕਿ ਇਹ ਮੇਰੀ ਮਾਤਾ ਹੈ, ਪਿਤਾ ਹੈ, ਭਰਾ ਹੈ, ਭੈਣ ਹੈ:

ਮੁਹਲਤਿ ਕਰਿ ਦੀਨੀ ਕਰਮ ਕਮਾਣੇ ਜੈਸਾ ਲਿਖਤੁ ਧੁਰਿ ਪਾਇਆ॥
ਮਾਤ ਪਿਤਾ ਭਾਈ ਸੁਤ ਬਨਿਤਾ ਤਿਨ ਭੀਤਰਿ ਪ੍ਰਭੂ ਸੰਜੋਇਆ॥ [117]

ਉਪਰੋਕਤ ਇਨ੍ਹਾਂ ਰਿਸ਼ਤਿਆਂ ਤੋਂ ਸ੍ਰੇਸ਼ਟ ਅਤੇ ਹਰ ਥਾਂ ਸਹਾਇਤਾ ਕਰਨ ਵਾਲਾ ਪ੍ਰਭੂ ਦਾ ਨਾਮ ਹੀ ਹੈ:

ਸੋ ਪਤਿਵੰਤਾ ਸੋ ਧਨਵੰਤਾ॥
ਜਿਸੁ ਮਨਿ ਵਸਿਆ ਹਰਿ ਭਗਵੰਤਾ॥
ਮਾਤ ਪਿਤਾ ਸੁਤ ਬੰਧਪ ਭਾਈ ਜਿਨਿ ਇਹ ਸ੍ਰਿਸਟੀ ਉਪਾਈ ਹੇ॥ [118]

---

115. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 450.
116. *ਉਹੀ*, ਪੰਨਾ 957.
117. *ਉਹੀ*, ਪੰਨਾ 77.
118. *ਉਹੀ*, ਪੰਨਾ 1071.

## ਮਨ-ਪੁੱਤਰ/ ਮਾਇਆ-ਮਾਂ

ਗੁਰਬਾਣੀ ਵਿਚ ਗੁਰੂ ਸਾਹਿਬ ਨੇ ਸੰਸਾਰਿਕ ਰਿਸ਼ਤਿਆਂ ਵਾਲੇ ਸ਼ਬਦਾਂ ਦੀ ਥਾਂ ਤੇ ਚਿੰਨ੍ਹ ਵਰਤੇ ਹਨ, ਜਿਵੇਂ ਪੁੱਤਰ ਰੂਪੀ ਮਨ, ਮਾਂ ਰੂਪੀ ਮਾਇਆ ਆਦਿ। ਇਕ ਛੋਟਾ ਬੱਚਾ ਆਪਣੇ ਆਪ ਨੂੰ ਮਾਂ ਤੋਂ ਬਿਨ੍ਹਾਂ ਅਧੂਰਾ ਸਮਝਦਾ ਹੈ। ਆਪਣੇ ਹਰ ਕਾਰਜ, ਹਰ ਖੇਡ ਵਿਚ ਆਪਣੀ ਸਹਾਇਤਾ ਚਾਹੁੰਦਾ ਹੈ। ਅਜੋਕੀ ਸੰਸਾਰੀ ਮਾਂ ਆਪਣੇ ਬੱਚੇ ਦੀ ਹਰ ਮੁਸ਼ਕਲ ਵਿਚ ਸਹਾਇਤਾ ਕਰਕੇ ਹੱਲ ਕਢਦੀ ਹੈ। ਮਾਂ ਛੋਟੇ ਬੱਚੇ ਨੂੰ ਚੱਲਣਾ ਸਿਖਾਉਂਦੀ ਹੈ, ਮਾਂ ਦੀਆਂ ਲੋਰੀਆਂ ਨਾਲ ਹੀ ਬੱਚਾ ਬੋਲਣਾ ਸਿੱਖਦਾ ਹੈ। ਮਾਂ ਦੇ ਕਦਮਾਂ ਤੋਂ ਬੱਚੇ ਦੇ ਪੈਰਾਂ ਨੂੰ ਤਾਕਤ ਮਿਲਦੀ ਹੈ। ਮਾਂ ਦੇ ਸਾਥ ਨਾਲ ਬੱਚਾ ਉੱਠਣ-ਬੈਠਣਾ ਹਰ ਕਾਰਜ ਕਰਨਾ ਸ਼ੁਰੂ ਕਰਦਾ ਹੈ। ਇਸ ਤਰ੍ਹਾਂ ਹਰ ਕਾਰਜ ਵਿਚ ਮਾਤਾ ਤੋਂ ਸਹਾਇਤਾ ਲੈਣ ਵਾਲਾ ਬੱਚਾ ਸਮਝਦਾ ਹੈ ਕਿ ਪ੍ਰਭੂ ਦੇ ਦਰ ਤੱਕ ਜਾਣ ਲਈ ਵੀ ਕੋਈ ਐਸੀ ਸ਼ਕਤੀ ਮਾਂ ਦੇ ਰੂਪ ਵਿਚ ਚਾਹੀਦੀ ਹੈ ਪਰ ਹਰ ਸ਼ੈਅ ਉਸ ਨੂੰ ਇਸ ਮੁਸ਼ਕਲ ਵਿਚੋਂ ਪਾਰ ਕਰਨ ਲਈ ਸਾਰਥਕ ਸਿੱਧ ਨਹੀਂ ਹੁੰਦੀ। ਸੰਸਾਰੀ ਲੋਕਾਂ ਲਈ ਮਾਇਆ ਇਕ ਵੱਡੀ ਸ਼ਕਤੀ ਹੈ। ਇਸ ਲਈ ਮਾਇਆ ਰੂਪੀ ਮਾਂ ਵਿਚੋਂ ਮਨੁੱਖੀ ਮਨ ਰੂਪੀ ਪੁੱਤਰ ਇਸ ਵਿਚੋਂ ਸ਼ਾਂਤੀ ਭਾਲਦਾ ਹੈ। ਜੀਵ ਨੂੰ ਮਾਇਆ, ਮਾਂ ਵਾਂਗ ਹੀ ਪਿਆਰੀ ਲਗਦੀ ਹੈ। ਮਨ ਵਿਚ ਇਹ ਭਰਾਂਤੀ ਬਣ ਜਾਂਦੀ ਹੈ ਕਿ ਜਿਵੇਂ ਜਨਮ ਦੇਣ ਵਾਲੀ ਮਾਂ ਨੇ ਚਲਣ-ਫਿਰਨ ਦੀ ਸਮੱਰਥਾ ਦਿੱਤੀ, ਇਸੇ ਤਰ੍ਹਾਂ ਮਾਇਆ ਪ੍ਰਭੂ ਤੱਕ ਪਹੁੰਚਾਉਣ ਲਈ ਸਹਾਇਤਾ ਦੇਵੇਗੀ ਪਰ ਅਸਲ ਵਿਚ ਇਹੀ ਇਕ ਵੱਡੀ ਭਰਾਂਤੀ ਹੈ। ਜਿਸ ਵਿਚੋਂ ਕੱਢਣ ਲਈ ਭਗਤ ਕਬੀਰ ਜੀ ਆਪਣੀ ਬਾਣੀ ਰਾਹੀਂ ਜੀਵ ਨੂੰ ਸਮਝਾ ਰਹੇ ਹਨ:

ਦੇਖਹੁ ਲੋਗਾ ਕਲਿ ਕੋ ਭਾਉ॥
ਸੁਤਿ ਮੁਕਲਾਈ ਅਪਨੀ ਮਾਉ॥ ਰਹਾਉ॥ [119]

---

119. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1194.

## ਪਰਮਾਤਮਾ ਦਾ ਮਾਂ-ਪੁੱਤਰ ਕੋਈ ਨਹੀਂ

ਜਦੋਂ ਅਸੀਂ ਮੂਲ ਮੰਤਰ ਅਨੁਸਾਰ ਪਰਮਾਤਮਾ ਦੀ ਹਸਤੀ ਅਤੇ ਸਰੂਪ ਬਾਰੇ ਵਿਚਾਰ ਕਰਦੇ ਹਾਂ ਤਾਂ ਉਸ ਦੇ ਗੁਣ ਸਾਹਮਣੇ ਆਉਂਦੇ ਹਨ ਕਿ ਉਹ ਸਦੀਵੀ ਹੈ, ਸਤਿ ਸਰੂਪ, ਹਸਤੀ ਵਾਲਾ ਹੈ। ਕਈ ਵਾਰ ਅਸੀ ਕਹਿੰਦੇ ਹਾਂ ਕਿ ਉਹ ਵੱਡਾ ਹੋ ਗਿਆ ਅਤੇ ਉਸ ਦੀ ਹਸਤੀ ਵੱਡੀ ਹੋ ਗਈ। ਇਸੇ ਤਰ੍ਹਾਂ ਪਰਮਾਤਮਾ ਵੱਡੇ ਨਾਮਨੇ ਵਾਲਾ ਹੈ। ਉਹ ਕਿਸੇ ਦੀ ਕ੍ਰਿਤ ਨਹੀਂ ਹੈ। ਸਾਰੇ ਜੀਵਾਂ ਦਾ ਕਰਤਾ ਹੈ। ਕਰਤਾ ਵੀ ਇਹੋ ਜਿਹਾ ਹੈ ਕਿ ਆਪਣੀ ਕਿਰਤ ਵਿਚ ਸਮਾਇਆ ਹੋਇਆ ਹੈ; ਕੇਵਲ ਉਹ ਕਰਤਾ ਹੀ ਨਹੀਂ ਕਰਤਾ ਪੁਰਖ ਹੈ। ਜਿਵੇ ਘੁਮਿਆਰ ਭਾਂਡੇ ਬਣਾਉਂਦਾ ਹੈ। ਉਸ ਦੇ ਬਣਾਏ ਭਾਂਡੇ ਕਿਸੇ ਹੋਰ ਦੇ ਘਰ ਦੀ ਸ਼ੋਭਾ ਬਣਦੇ ਹਨ ਪਰ ਪਰਮਾਤਮਾ ਐਸਾ ਕਲਾਕਾਰ ਹੈ, ਜਿਹੜਾ ਅਨੇਕਾਂ ਭਾਂਡੇ (ਜੀਵ) ਬਣਾ ਕੇ ਵੀ ਫਿਰ ਆਪਣੀ ਕਿਰਤ ਵਿਚ ਵਿਆਪਕ ਹੈ। ਉਹ ਐਸਾ ਕਰਤਾਪੁਰਖ ਹੈ ਜਿਹੜਾ ਭੈਅ ਤੋਂ ਰਹਿਤ ਹੈ, ਡਰ ਤੋਂ ਰਹਿਤ ਹੈ। ਭੈਅ ਅਤੇ ਡਰ ਉਸ ਨੂੰ ਹੁੰਦਾ ਹੈ ਜਿਸ ਦੇ ਬਰਾਬਰ ਹੋਰ ਕੋਈ ਹੋਵੇ ਪਰ ਪਰਮਾਤਮਾ ਦੇ ਬਰਾਬਰ ਕੋਈ ਨਹੀਂ। ਪ੍ਰਭੂ ਦਾ ਨਾ ਕੋਈ ਦੁਸ਼ਮਣ ਹੈ, ਨਾ ਹੀ ਪ੍ਰਭੂ ਕਿਸੇ ਦਾ ਦੁਸ਼ਮਣ। ਇਕ ਹੋਣ ਕਰਕੇ ਉਸ ਦਾ ਕੋਈ ਸ਼ਰੀਕ ਵੀ ਨਹੀਂ। ਪ੍ਰਭੂ ਸਮੇਂ ਦੀ ਸੀਮਾਂ ਤੋਂ ਵੀ ਪਰੇ ਹੈ। ਪਰਮਾਤਮਾ ਦੀ ਹਸਤੀ ਤਿੰਨ ਕਾਲਾਂ ਤੋਂ ਰਹਿਤ ਹੈ। ਉਹ ਅਨੰਦ ਦਾ ਸਾਗਰ ਹੈ। ਪਰਮਾਤਮਾ ਦਾ ਜਨਮ ਨਹੀਂ ਹੋਇਆ। ਉਹ ਆਪਣੇ ਆਪ ਤੋਂ ਪ੍ਰਕਾਸ਼ਮਾਨ ਹੋਇਆ ਹੈ। ਉਸ ਨੇ ਆਪਣੀ ਸਾਜਨਾ ਆਪ ਕੀਤੀ ਹੈ। ਆਪਣੀ ਬਣਤਰ ਆਪ ਬਣਾਈ ਹੈ। ਆਪਣਾ ਫੈਲਾਉ ਕਰਨ ਵਾਲਾ ਆਪ ਹੀ ਹੈ। ਆਪਣੀ ਹਸਤੀ ਨੂੰ ਸੰਕੋਚਨ ਵਾਲਾ ਆਪ ਹੈ। ਇਸ ਲਈ ਪ੍ਰਭੂ ਕਿਸੇ ਦੀ ਪੈਦਾਇਸ਼ ਨਹੀਂ। ਉਹ ਕਿਸੇ ਦੀ ਕ੍ਰਿਤ ਨਹੀਂ, ਪਰ ਸਾਰੇ ਸੰਸਾਰ ਦਾ ਕਰਤਾ ਹੈ:

> ਬੇਦ ਕਤੇਬੀ ਭੇਦੁ ਨ ਜਾਤਾ॥
> ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ॥ [120]

ਨਿਰਗੁਣ ਸਰੂਪ ਵਿਚ ਉਸ ਦਾ ਕੋਈ ਮਾਤਾ ਜਾਂ ਪਿਤਾ ਨਹੀਂ ਹੈ ਪਰ ਸਰਗੁਣ ਸਰੂਪ ਵਿਚ

120. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1021.

ਹਰੇਕ ਜੀਵਾਂ ਅੰਦਰ ਉਸ ਦੀ ਜੋਤ ਰਮ ਰਹੀਂ ਹੈ। 'ਸਭ ਮਹਿ ਜੋਤਿ ਜੋਤਿ ਹੈ ਸੋਇ॥'[121] ਸੋ ਗੁਰੂ ਸਾਹਿਬ ਜੀ ਨੇ ਅਕਾਲ ਪੁਰਖ ਨੂੰ ਪ੍ਰਗਟਾਉਣ ਲਈ ਇਸ ਪਵਿੱਤਰ ਰਿਸ਼ਤੇ ਦੀ ਵੀ ਚਿੰਨ ਰੂਪ ਵਿਚ ਵਰਤੋਂ ਕੀਤੀ ਹੈ।

ਜਦੋਂ ਪਰਮਾਤਮਾ ਨੇ ਇਸ ਸ੍ਰਿਸ਼ਟੀ ਦੀ ਰਚਨਾ ਨਹੀਂ ਸੀ ਕੀਤੀ, ਉਸ ਸਮੇਂ ਉਹ ਆਪਣੀ ਨਿਰਗੁਣ (ਅਦ੍ਰਿਸ਼ਟ) ਅਵਸਥਾ ਵਿਚ ਸਥਿਤ ਸੀ। ਉਸ ਸਮੇਂ ਪਰਮਾਤਮਾ ਨੇ ਇਸ ਸ੍ਰਿਸ਼ਟੀ ਦੀ ਰਚਨਾ ਆਪਣੇ ਆਪ ਵਿਚੋਂ ਕੀਤੀ, ਜਿਸ ਵਿਚ ਅਨੇਕਾਂ ਤਰ੍ਹਾਂ ਦੇ ਜੀਵ-ਜੰਤੂ, ਪਸ਼ੂ-ਪੰਛੀ, ਮਨੁੱਖ, ਰੁੱਖ, ਪਹਾੜ, ਸਾਗਰ ਪੈਦਾ ਕੀਤੇ। ਇਹ ਸਭ ਸ਼ੈਆਂ (ਚੀਜਾਂ) ਦੀ ਰਚਨਾ ਕਰਕੇ ਇਨ੍ਹਾਂ ਵਿਚ ਆਪਣੀ ਕਲਾ (ਜੋਤਿ) ਟਿਕਾ ਦਿੱਤੀ। ਜਿਸ ਨੂੰ ਸਰਗੁਣ ਕਿਹਾ ਜਾਂਦਾ ਹੈ। ਇਸ ਲਈ ਨਿਰਗੁਣ ਅਤੇ ਸਰਗੁਣ ਦੋਵੇਂ ਰੂਪਾਂ ਵਿਚ ਪ੍ਰਭੂ ਆਪ ਹੀ ਹੈ। ਪਰਮਾਤਮਾ ਦੀ ਸਾਜੀ ਸ੍ਰਿਸ਼ਟੀ ਵਿਚ ਸੱਭ ਤੋਂ ਉੱਤਮ ਮਨੁੱਖਾ ਜਨਮ ਹੈ ਕਿਉਂਕਿ ਹੋਰ ਸ੍ਰਿਸ਼ਟੀ ਦੇ ਜੀਵ ਮਾਨਸਿਕ ਤੌਰ ਤੇ ਸੁੱਤੇ (ਅਚੇਤ) ਹਨ। ਮਨੁੱਖ ਹੀ ਐਸੀ ਸ਼੍ਰੇਣੀ ਹੈ ਜੋ ਮਾਨਸਿਕ ਤੌਰ ਤੇ ਜਾਗਿਆ ਹੋਇਆ ਹੈ। ਇਸ ਨੂੰ ਸਤਿ-ਅਸਤਿ, ਚੰਗੇ-ਬੁਰੇ, ਖਾਣ-ਪੀਣ, ਪਹਿਨਣ-ਨਗਨਤਾ ਆਦਿ ਦਾ ਬੋਧ ਹੈ, ਇਥੋਂ ਤੱਕ ਇਸ ਨੂੰ ਆਪਣੇ ਸੰਬੰਧਾਂ (ਰਿਸ਼ਤਿਆਂ) ਬਾਰੇ ਚੰਗੀ ਤਰ੍ਹਾਂ ਜਾਣਕਾਰੀ ਹੈ ਭਾਵੇਂ ਰਿਸ਼ਤੇ ਪਸ਼ੂ-ਪੰਛੀਆਂ ਦੇ ਵੀ ਹਨ ਪਰ ਉਨ੍ਹਾਂ ਨੂੰ ਸਮਝ ਨਹੀਂ ਹੈ। ਇਸ ਸਮਝਣ ਅਤੇ ਨਾ ਸਮਝਣ ਵਾਲੇ ਜੀਵਾਂ ਵਿਚ ਪਰਮਾਤਮਾ ਦੀ ਜੋਤਿ (ਸੱਤਾ) ਕੰਮ ਕਰਦੀ ਦਿਖਾਈ ਦਿੰਦੀ ਹੈ। ਇਸ ਨਿਰਗੁਣ ਅਤੇ ਸਰਗੁਣ ਪਸਾਰੇ ਵਿਚ ਪਰਮਾਤਮਾ ਆਪ ਹੀ ਵਿਦਮਾਨ ਹੈ। ਇਸ ਲਈ ਪਰਮਾਤਮਾ ਸਰਗੁਣ ਅਵਸਥਾ ਵਿਚ ਇਨ੍ਹਾਂ ਰਿਸ਼ਤਿਆਂ ਦੇ ਹੁੰਦਿਆਂ ਹੋਇਆਂ ਵੀ ਨਿਰਗੁਣ ਅਵਸਥਾ ਵਿਚ ਇਸ ਤੋਂ ਪਰ੍ਹੇ ਹੈ। ਉਸ ਦਾ ਨਾ ਕੋਈ ਪੁੱਤਰ, ਨਾ ਮਾਂ-ਪਿਉ ਹੈ, ਉਹ ਤਾਂ ਕੇਵਲ ਆਪਣੇ ਆਪ ਵਿਚ ਨਿਪੁੰਨ ਹੈ। ਉਸ ਦੀ ਹਸਤੀ ਨੂੰ ਸਰਗੁਣ ਤੇ ਨਿਰਗੁਣ ਅਵਸਥਾ ਵਿਚ ਨਹੀਂ ਮਾਪਿਆ ਜਾ ਸਕਦਾ ਹੈ, ਜਿਵੇਂ:

---

121. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 13.

ਜਬ ਅਪਨੀ ਸੋਭਾ ਆਪਨ ਸੰਗਿ ਬਨਾਈ॥
ਤਬ ਕਵਨ ਮਾਇ ਬਾਪ ਮਿਤ੍ਰ ਸੁਤ ਭਾਈ॥
ਜਹ ਸਰਬ ਕਲਾ ਆਪਹਿ ਪਰਬੀਨ॥ [122]

## ਪਰਮਾਤਮਾ-ਮਾਂ/ ਸੰਸਾਰ-ਬੱਚਾ

ਗੁਰਬਾਣੀ ਵਿਚ ਕਈ ਮਨੁੱਖੀ ਰਿਸ਼ਤੇ-ਨਾਤਿਆਂ ਦਾ ਵੇਰਵਾ ਸਾਨੂੰ ਪ੍ਰਾਪਤ ਹੁੰਦਾ ਹੈ। ਇਨ੍ਹਾਂ ਰਿਸ਼ਤਿਆਂ ਨੂੰ ਅਸੀਂ ਜਾਣਦੇ ਅਤੇ ਸਮਝਦੇ ਹਾਂ ਪਰ ਗੁਰਬਾਣੀ ਵਿਚ ਕੁਝ ਕੁ ਥਾਂਵਾ ਤੇ ਗੁਰੂ ਸਾਹਿਬ ਇਨ੍ਹਾਂ ਰਿਸ਼ਤਿਆਂ ਨੂੰ ਨਵੇਂ ਅਤੇ ਨਿਵੇਕਲੇ ਰੂਪ ਵਿਚ ਪੇਸ਼ ਕਰਦੇ ਹਨ ਜਿਵੇਂ ਹਰ ਕੋਈ ਮਾਤਾ-ਪਿਤਾ ਆਪਣੇ ਬੱਚੇ ਦੀ ਪਰਵਰਿਸ਼ ਕਰਨ ਨੂੰ ਆਪਣੇ ਜੀਵਨ ਦਾ ਮੁੱਖ ਪ੍ਰਯੋਜਨ ਸਮਝਦੇ ਹਨ। ਇਸੇ ਤਰ੍ਹਾਂ ਪਰਮਾਤਮਾ ਵੀ ਆਪ ਆਪਣੀ ਸਾਜੀ ਹੋਈ ਸ੍ਰਿਸ਼ਟੀ ਨੂੰ ਪੁੱਤਰ ਰੂਪ ਸਮਝ ਕੇ ਮਾਤਾ-ਪਿਤਾ ਦੀ ਤਰ੍ਹਾਂ ਉਸ ਦੀ ਪਾਲਣਾ ਕਰਦਾ ਹੈ ਗੁਰਬਾਣੀ ਦੇ ਹਵਾਲੇ ਅਨੁਸਾਰ:

ਭ੍ਰਮ ਦੂਖ ਦਰਦ ਨਿਵਾਰਿ ਖਿਨ ਮਹਿ ਰਖਿ ਲੇਹੁ ਦੀਨ ਦੈਆਲਾ॥
ਮਾਤ ਪਿਤਾ ਸੁਆਮਿ ਸਜਣੁ ਸਭੁ ਜਗਤੁ ਬਾਲ ਗੋਪਾਲਾ॥ [123]

## ਪਰਮਾਤਮਾ ਭਰਾ ਰੂਪ ਵਿਚ

ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਪ੍ਰਭੂ ਨੂੰ ਮਨੁੱਖ ਦਾ ਅਸਲ ਭਰਾ ਮੰਨਿਆ ਹੈ। ਭਰਾ ਉਸ ਨੂੰ ਕਹਿੰਦੇ ਹਨ ਜੋ ਮੁਸੀਬਤ ਵਿਚ ਨਾਲ ਖੜ੍ਹੇ, ਪ੍ਰੰਤੂ ਸੰਸਾਰਿਕ ਭਾਈਚਾਰਕ ਸਾਂਝ ਦੁੱਖਾਂ-ਮੁਸੀਬਤਾਂ ਦੇ ਸਮੇਂ ਟੁੱਟ ਜਾਂਦੀ ਹੈ। ਕੇਵਲ ਪ੍ਰਭੂ ਸਾਥ ਦਿੰਦਾ ਹੈ ਜੋ ਸਰਬ ਸ਼ਕਤੀਮਾਨ ਸੁੰਦਰ, ਸੁੱਚਜਾ ਤੇ ਸਿਆਣਾ ਹੈ:

ਸੁੰਦਰੁ ਸੁਘੜੁ ਚਤੁਰੁ ਜੀਅ ਦਾਤਾ॥
ਭਾਈ ਪੂਤੁ ਪਿਤਾ ਪ੍ਰਭੁ ਮਾਤਾ॥ [124]

ਪ੍ਰਭੂ ਹਮੇਸ਼ਾਂ ਹੀ ਜੀਵ ਦੀ ਉਸੇ ਤਰ੍ਹਾਂ ਸਹਾਇਤਾ ਕਰਦਾ ਹੈ ਜਿਵੇਂ ਭੁੱਖੇ ਬੱਚੇ ਨੂੰ ਮਾਤਾ

---

122. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 291.
123. *ਉਹੀ*, ਪੰਨਾ 578.
124. *ਉਹੀ*, ਪੰਨਾ 24●.

ਵਲੋਂ ਪਰੋਸਿਆ ਭੋਜਨ, ਡੁੱਬਦੇ ਲਈ ਬੇੜੀ, ਬੁੱਝਦੇ ਦੀਵੇ ਨੂੰ ਤੇਲ ਦਾ ਮਿਲਣਾ, ਜਲਦੇ-ਸੜਦੇ ਨੂੰ ਪਾਣੀ ਦਾ ਮਿਲਾਪ ਸਹਾਇਤਾ ਦਿੰਦਾ ਹੈ। ਇਸੇ ਤਰ੍ਹਾਂ ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਹੀ ਭਰਾ ਬਣ ਕੇ ਸਹਾਇਤਾ ਕਰਦਾ ਹੈ। ਜੀਵ ਨੂੰ ਜ਼ਿੰਦਗੀ ਦੇ ਅਸਲ ਮਨੋਰਥ ਨਾਮ ਨਾਲ ਜੋੜਦਾ ਹੈ। ਜਿਸ ਨਾਲ ਜੀਵ ਨੂੰ ਸੰਸਾਰਿਕ ਦੁੱਖ ਨਹੀਂ ਸਤਾਉਂਦੇ। ਜੀਵ ਉਤੇ ਜੇਕਰ ਪ੍ਰਭੂ ਪ੍ਰਸੰਨ ਹੋਵੇ ਤਾਂ ਉਸ ਨੂੰ ਆਤਮਦਰਸ਼ੀ ਪੁਰਸ਼ਾਂ ਦੀ ਸੰਗਤ ਪ੍ਰਾਪਤ ਹੁੰਦੀ ਹੈ, ਅਜਿਹੇ ਪੁਰਸ਼ਾਂ ਦੀ ਸੰਗਤ ਤੋਂ ਹੀ ਇਹ ਗਿਆਨ ਹੁੰਦਾ ਹੈ ਕਿ ਪ੍ਰਭੂ ਤੋਂ ਇਲਾਵਾ ਜੀਵ ਵਲੋਂ ਇੱਕਠੀ ਕੀਤੀ ਦੁਨਿਆਵੀ ਪੂੰਜੀ ਸੱਭ ਝੂਠੀ ਹੈ ਕਿਉਂਕਿ ਇਸ ਨੇ ਸਾਥ ਨਹੀਂ ਜਾਣਾ। ਪ੍ਰਭੂ ਨਾਮ ਰੂਪੀ ਪੂੰਜੀ ਜੀਵ ਦੇ ਲੋਕ-ਪ੍ਰਲੋਕ ਵਿਚ ਸਹਾਈ ਹੋਣ ਵਾਲੀ ਹੈ ਅਤੇ ਪਰਮੇਸ਼ਰ ਨਾਲ ਪਾਇਆ ਪਿਆਰ ਮਨੁੱਖੀ ਜੀਵਨ ਦਾ ਸਾਥੀ ਬਣ ਜਾਂਦਾ ਹੈ। ਜਦੋਂ ਕਿ ਸੰਸਾਰਿਕ ਰਿਸ਼ਤੇ ਜਿਉਂਦਿਆਂ ਹੀ ਸਾਥ ਛੱਡ ਜਾਂਦੇ ਹਨ:

(i) ਇਕੋ ਦਿਸੈ ਸਜਣੋ ਇਕੋ ਭਾਈ ਮੀਤੁ॥
ਇਕਸੈ ਦੀ ਸਾਮਗਰੀ ਇਕਸੈ ਦੀ ਹੈ ਰੀਤਿ॥ [125]

(ii) ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ॥
ਇਕਸ ਕੀ ਮਨਿ ਟੇਕ ਹੈ ਜਿਨਿ ਜੀਉ ਪਿੰਡੁ ਦਿਤਾ॥ [126]

(iii) ਹਰਿ ਮੇਰਾ ਸਿਮ੍ਰਿਤਿ ਹਰਿ ਮੇਰਾ ਸਾਸਤ੍ਰ
ਹਰਿ ਮੇਰਾ ਬੰਧਪੁ ਹਰਿ ਮੇਰਾ ਭਾਈ॥
ਹਰਿ ਕੀ ਮੈ ਭੂਖ ਲਾਗੈ ਹਰਿ ਨਾਮਿ ਮੇਰਾ ਮਨੁ ਤ੍ਰਿਪਤੈ
ਹਰਿ ਮੇਰਾ ਸਾਕੁ ਅੰਤਿ ਹੋਇ ਸਖਾਈ॥ [127]

ਉਪਰੋਕਤ ਵਿਚਾਰ ਦੀ ਪ੍ਰੋੜਤਾ ਲਈ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਨਾਨਕੇ, ਦਾਦਕੇ ਅਤੇ ਸੁਹਰਿਆਂ ਦੇ ਸਾਰੇ ਰਿਸ਼ਤਿਆਂ ਨੂੰ ਪ੍ਰਭੂ ਤੋਂ ਸਦਕੇ ਕੀਤਾ ਹੈ, ਪ੍ਰਭੂ ਦੇ ਰਿਸ਼ਤੇ

125. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 44.
126. *ਉਹੀ*, ਪੰਨਾ 45.
127. *ਉਹੀ*, ਪੰਨਾ 49●.

ਨੂੰ ਸਾਰੇ ਰਿਸ਼ਤਿਆਂ ਤੋਂ ਮਹਾਨ ਦੱਸਿਆ ਹੈ :

(i) ਸਾਹੁਰੁ ਪੀਹਰੁ ਪਖ ਤ੍ਰੈ ਘਰ ਨਾਨੇਹਾਲਾ॥
ਸਹੁਰਾ ਸਸੁ ਵਖਾਣੀਐ ਸਾਲੀ ਤੈ ਸਾਲਾ॥
ਮਾਂ ਪਿਉ ਭੈਣਾ ਭਾਇਰਾ ਪਰਵਾਰੁ ਦੁਰਾਲਾ॥
ਨਾਨਾ ਨਾਨੀ ਮਾਸੀਆ ਮਾਮੇ ਜੰਜਾਲਾ॥
ਸੁਇਨਾ ਰੁਪਾ ਸੰਜੀਐ ਹੀਰਾ ਪਰਵਾਲਾ॥
ਪੀਰ ਮੁਰੀਦਾਂ ਪਿਰਹੜੀ ਏਕੁ ਸਾਕੁ ਸੁਖਾਲਾ॥ [128]

(ii) ਨਹੀ ਦਦਸਾਰ ਪਿਤ ਪਿਤਾਮਾ ਪਰਪਿਤਾਮਾ,
ਸੁਜਨ ਕੁਟੰਬ ਸੁਤ ਬਾਧਵ ਨ ਭ੍ਰਾਤਾ ਹੈ॥
... ... ... ...

ਅਸਨ ਬਸਨ ਧਨ ਧਾਮ ਕਾਹੂ ਮੈ ਨ ਦੇਖਿਓ,
ਜੈਸਾ ਗੁਰਸਿਖ ਸਾਧਸੰਗਤ ਕੋ ਨਾਤਾ ਹੈ॥ [129]

## ਬਦੀ ਤੇ ਨੇਕੀ ਨੂੰ ਭਰਾ ਕਿਹਾ ਹੈ

ਸੰਸਾਰ ਵਿਚ ਹਰ ਵਸਤੂ ਦੇ ਦੋ ਪੱਖ ਹਨ। ਦਿਨ ਦੇ ਮੁਕਾਬਲੇ ਰਾਤ ਹੈ। ਗਰੀਬ ਦੇ ਮੁਕਾਬਲੇ ਅਮੀਰ ਹੈ। ਖੁਸੀ ਦੇ ਮੁਕਾਬਲੇ ਗ਼ਮੀ ਹੈ। ਸੁੱਖ ਦੇ ਮੁਕਾਬਲੇ ਦੁੱਖ ਹੈ। ਜਨਮ ਦੇ ਮੁਕਾਬਲੇ ਮੌਤ ਹੈ। ਨੇਕੀ ਦੇ ਮੁਕਾਬਲੇ ਬਦੀ ਹੈ। ਜੇਕਰ ਬਰੀਕੀ ਨਾਲ ਵੇਖਿਆ ਜਾਵੇ, ਇਸ ਮੁਕਾਬਲੇ ਤੋਂ ਬਿਨ੍ਹਾਂ ਸੰਸਾਰ ਦੀ ਹੋਂਦ ਸੰਭਵ ਨਹੀਂ। ਚੰਗੀ ਚੀਜ਼ ਦੀ ਮਹਿਮਾ ਤਦ ਹੈ ਜੇਕਰ ਉਸ ਦੇ ਮੁਕਾਬਲੇ ਕੋਈ ਬੁਰੀ ਸ਼ੈਅ ਹੈ। ਇਸ ਤਰ੍ਹਾਂ ਬੁਰਾਈ ਅਤੇ ਚੰਗਿਆਈ ਤੋਂ ਸੰਸਾਰ ਦੀ ਪੈਦਾਇਸ਼ ਹੋਈ ਹੈ। ਪ੍ਰਭੂ ਨੇ ਸ੍ਰਿਸ਼ਟੀ ਦੀ ਰਚਨਾ ਕਰਨ ਤੋਂ ਪਹਿਲਾਂ ਇਨ੍ਹਾਂ ਸ਼ੈਆਂ ਦੀ ਰਚਨਾ ਕੀਤੀ। ਇਸ ਲਈ ਗੁਰੂ ਸਾਹਿਬ ਨੇ ਇਸ ਸਰੀਰ ਅੰਦਰ ਪਾਪ-ਪੁੰਨ ਭਾਵ ਬਦੀ ਤੇ ਨੇਕੀ ਨੂੰ ਭਰਾ ਕਿਹਾ ਹੈ:

---

128. ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ*, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2●●1, ਵਾਰ 27/7, ਪੰਨਾ 297.

129. ਓਅੰਕਾਰ ਸਿੰਘ, *ਕਬਿੱਤ ਸਵੈਯੇ ਭਾਈ ਗੁਰਦਾਸ ਪਾਠ, ਤੁਕ-ਤਤਕਰਾ ਅਨੁਕ੍ਰਮਣਿਕਾ ਅਤੇ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993. ਕਬਿੱਤ ਸਵੈਯਾ 1●●, ਪੰਨਾ 28.

ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ॥
ਦੁਹੀ ਮਿਲਿ ਕੈ ਸ੍ਰਿਸਟਿ ਉਪਾਈ॥ [130]

## ਗੁਣਾਂ ਨੂੰ ਭਰਾ ਕਿਹਾ ਹੈ

ਮਨੁੱਖੀ ਸਰੀਰ ਔਗੁਣਾਂ ਨਾਲ ਹੀ ਭਰਿਆ ਹੋਇਆ ਹੈ ਕਿਉਂਕਿ ਮਨ ਵਿਚ ਹਰ ਸਮੇਂ ਪਾਪ ਅਤੇ ਬੁਰਾਈ ਚਲਦੀ ਰਹਿੰਦੀ ਹੈ। ਇਨ੍ਹਾਂ ਪਾਪਾਂ ਅਤੇ ਬੁਰਾਈਆਂ ਨੂੰ ਤਦ ਹੀ ਖਤਮ ਕੀਤਾ ਜਾ ਸਕਦਾ ਹੈ ਜੇ ਸ਼ੁਭ ਗੁਣਾਂ ਨੂੰ ਧਾਰਨ ਕੀਤਾ ਜਾਵੇ। ਇਨ੍ਹਾਂ ਔਗੁਣਾਂ ਕਰਕੇ ਜੀਵ ਅਨੇਕਾਂ ਜੂਨਾਂ ਵਿਚ ਭਟਕਦਾ ਰਹਿੰਦਾ ਹੈ। ਜੀਵ ਜ਼ਿੰਦਗੀ ਦੇ ਅਸਲੀ ਮਨੋਰਥ ਤੋਂ ਵੀ ਭਟਕ ਜਾਂਦਾ ਹੈ। ਜੀਵ ਦੇ ਸ਼ੁਭ ਗੁਣਾਂ ਦੇ ਧਾਰਨ ਸਦਕਾ, ਉਸ ਕੋਲ ਔਗੁਣ ਨਹੀਂ ਰਹਿੰਦੇ। ਅਜਿਹੇ ਸ਼ੁਭ ਗੁਣਾਂ ਦੀ ਸੁਗੰਧੀ ਕਰਕੇ ਉਹ ਹਰ ਪਾਸੇ ਸੁਗੰਧੀ ਹੀ ਫੈਲਾਉਂਦਾ ਹੈ। ਹਰ ਜੀਵ ਉਸ ਨਾਲ ਸਾਂਝ ਪਾਉਣੀ ਚਾਹੁੰਦਾ ਹੈ। ਸ਼ੁਭ ਗੁਣਾਂ ਦੇ ਵਸਤਰ ਧਾਰਨ ਕਰਨ ਦਾ ਰਸਤਾ ਪ੍ਰਭੂ ਨਾਮ ਹੈ। ਪ੍ਰਭੂ ਦੇ ਗੁਣਾਂ ਨੂੰ ਗਾਉਂਦਿਆਂ-ਗਾਉਂਦਿਆਂ ਇਕ ਦਿਨ ਮਨੁੱਖ ਆਪ ਗੁਣਾਂ ਦੇ ਖ਼ਜਾਨੇ ਵਾਹਿਗੁਰੂ ਵਿਚ ਸਮਾ ਜਾਂਦਾ ਹੈ। 'ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ॥' [131] ਔਗੁਣ ਜੀਵ ਨੂੰ ਵਾਹਿਗੁਰੂ ਤੋਂ ਦੂਰ ਕਰ ਦਿੰਦੇ ਹਨ। ਔਗੁਣਾਂ ਵਾਲਾ ਮਨੁੱਖ ਜਿਥੇ ਸੰਸਾਰ ਵਿਚ ਪ੍ਰਵਾਨ ਨਹੀਂ ਕੀਤਾ ਜਾਂਦਾ। ਉਥੇ ਪ੍ਰਲੋਕ ਵਿਚ ਵੀ ਉਸ ਦਾ ਤ੍ਰਿਸਕਾਰ ਹੁੰਦਾ ਹੈ। ਔਗੁਣਾਂ ਨੂੰ ਕਿਤੇ ਵੀ ਸਤਿਕਾਰ ਯੋਗ ਥਾਂ ਨਹੀਂ ਮਿਲਦੀ। ਗੁਣਾਂ ਵਾਲਿਆਂ ਨੂੰ ਸੰਸਾਰ ਅਤੇ ਰੱਬੀ ਦਰਗਾਹ ਵਿਚ ਮਾਣ ਮਿਲਦਾ ਹੈ। ਗੁਣਾਂ ਕਰਕੇ ਨੀਵੀਂ ਜਾਤ ਦਾ ਮਨੁੱਖ ਵੀ ਉੱਚਾ ਹੋ ਜਾਂਦਾ ਹੈ। ਐਸੇ ਭਲੇ ਪੁਰਸ਼ ਹੀ ਸੰਸਾਰ ਵਿਚ ਮਾਣ ਪ੍ਰਾਪਤ ਕਰਦੇ ਹਨ। ਪਰਮਾਤਮਾ ਦੇ ਬੇਅੰਤ ਗੁਣ ਹਨ। ਜਿਵੇਂ ਅਸੀਂ ਉਸ ਨੂੰ ਦਿਆਲੂ, ਕ੍ਰਿਪਾ ਨਿਧਾਨ, ਕਰੁਣਾਨਿਧ, ਨਿਰਗੁਣ, ਨਿਰਭਉ, ਨਿਰਵੈਰ, ਗੋਪਾਲ ਆਦਿ ਕਹਿ ਕੇ

---

130. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 126.
131. *ਉਹੀ*, ਪੰਨਾ 122.

ਪੁਕਾਰਦੇ ਹਾਂ ਉਸੇ ਤਰ੍ਹਾਂ ਗੁਰਬਾਣੀ ਵਿਚ ਵੀ ਪ੍ਰਭੂ ਦੀ ਹਸਤੀ ਨੂੰ ਬੇਅੰਤ ਗੁਣਾਂ ਵਾਲੀ ਬਿਆਨ ਕੀਤਾ ਗਿਆ ਹੈ ਜਿਵੇਂ:

> ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ॥
> ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ॥ [132]

ਜਿਥੇ ਪਰਮਾਤਮਾ ਵੱਡਾ ਹੈ, ਗੁਣਾਂ ਦਾ ਸਾਗਰ ਹੈ। ਉਥੇ ਅਸੀਂ ਵੀ ਪਰਮਾਤਮਾ ਦੀ ਅੰਸ਼ ਹਾਂ। ਇਸ ਲਈ ਜੀਵ ਨੂੰ ਵੀ ਪ੍ਰਭੂ ਵਿਚ ਅਭੇਦ ਹੋਣ ਲਈ ਉਸ ਵਰਗੇ ਗੁਣ ਧਾਰਨ ਕਰਨੇ ਪੈਂਦੇ ਹਨ। ਜਿਨ੍ਹਾਂ ਗੁਣਾਂ ਦੇ ਸਦਕਾ ਔਗੁਣਾਂ ਦੀਆਂ ਫਾਹੀਆਂ ਕੱਟੀਆਂ ਜਾਣ, ਅਸਲ ਵਿਚ ਉਹੀ ਗੁਣ ਆਤਮਿਕ ਵੀਰ ਭਾਈ ਹਨ:

> ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥
> ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ॥ [133]

ਸੋ ਪ੍ਰਭੂ ਦੀ ਬਖਸਿਸ਼ ਦੀ ਪ੍ਰਾਪਤੀ ਨਾਲ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ। ਇਨ੍ਹਾਂ ਗੁਣਾਂ ਸਦਕਾ ਹੀ ਔਗੁਣਾਂ ਤੋਂ ਨਵਿਰਤੀ ਮਿਲਦੀ ਹੈ। ਇਨ੍ਹਾਂ ਗੁਣਾਂ ਨੂੰ ਹੀ ਅਸਲ ਭਰਾ ਕਿਹਾ ਹੈ।

## ਭੈਣ-ਭਾਈ

ਮਨੁੱਖ ਦੇ ਸੰਸਾਰ ਵਿਚ ਵਿਚਰਦਿਆਂ ਅਨੇਕਾਂ ਰਿਸ਼ਤੇ ਜੁੜਦੇ ਜਾਂਦੇ ਹਨ ਜੋ ਸੰਸਾਰ ਤੱਕ ਹੀ ਸੀਮਿਤ ਹਨ। ਅਧਿਆਤਮਕ ਤੌਰ 'ਤੇ ਪ੍ਰਭੂ ਨਾਲ ਪਾਇਆ ਪਿਆਰ ਜਾਂ ਰਿਸ਼ਤੇ ਦੀ ਵੱਖਰੀ ਹੀ ਵਿੱਲਖਣਤਾ ਹੈ। ਪ੍ਰਭੂ ਸ੍ਰਿਸ਼ਟੀ ਦਾ ਮਾਲਕ ਹੈ। ਉਸ ਦੀ ਬਰਾਬਰਤਾ ਨਹੀਂ ਕੀਤੀ ਜਾ ਸਕਦੀ। ਪ੍ਰਭੂ ਨਾਲ ਜਿਸ ਦੀ ਵੀ ਨੇੜਤਾ ਹੋ ਜਾਂਦੀ ਹੈ, ਉਸ ਅੰਦਰੋਂ ਭਰਮ-ਹੰਕਾਰ ਦੂਰ ਹੋ ਜਾਂਦੇ ਹਨ। ਉਨ੍ਹਾਂ ਦੀ ਮੰਦੀ ਭਾਵਨਾ ਨਵਿਰਤ ਹੋ ਜਾਂਦੀ ਹੈ ਅਤੇ ਮਨ ਵਿਚ ਚੰਗੇ ਖਿਆਲ ਉਤਪੰਨ ਹੋ ਜਾਂਦੇ ਹਨ। ਪ੍ਰਭੂ

---

132. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 802.
133. *ਉਹੀ*, ਪੰਨਾ 595.

ਹੀ ਜੀਵ ਨੂੰ ਸਹੀ ਜੀਵਨ ਦੀ ਸੇਧ ਦਿੰਦਾ ਹੈ। ਜੀਵ ਵਿਚੋਂ ਸੰਸਾਰੀ ਪਦਾਰਥਾਂ ਦੀ ਲਗਨ ਨੂੰ ਨਵਿਰਤ ਕਰਕੇ ਆਪਣੇ ਵਿਚ ਅਭੇਦ ਕਰ ਲੈਂਦਾ ਹੈ। ਇਸ ਲਈ ਪ੍ਰਭੂ ਦਾ ਸਹਾਰਾ ਸਾਰੇ ਰਿਸ਼ਤਿਆਂ ਨਾਲੋਂ ਵੱਡਾ ਅਤੇ ਮਿੱਠਾ ਹੈ। ਸੰਸਾਰ ਵਿਚ ਜਿਤਨੇ ਵੀ ਭੈਣ-ਭਾਈ ਆਦਿ ਵਰਗੇ ਸੰਸਾਰੀ ਰਿਸ਼ਤੇ ਹਨ, ਪਰਮਾਤਮਾ ਦੇ ਬਰਾਬਰ ਕੋਈ ਨਹੀਂ ਹੈ ਜਿਵੇਂ:

> ਗੋਸਾਈ ਮਿਹੰਡਾ ਇਠੜਾ॥
> ਅੰਮ ਅਬੇ ਥਾਵਹੁ ਮਿਠੜਾ॥
> ਭੈਣ ਭਾਈ ਸਭਿ ਸਜਣਾ ਤੁਧੁ ਜੇਹਾ ਨਾਹੀ ਕੋਇ ਜੀਉ॥ [134]

## ਭੈਣ-ਦੇਹ/ ਭਰਾ-ਆਤਮਾ

ਗੁਰਬਾਣੀ ਵਿਚ ਸਰੀਰ (ਕਾਇਆ) ਨੂੰ ਭੈਣ ਦੇ ਨਾਂ ਨਾਲ ਅਤੇ ਆਤਮਾ ਨੂੰ ਵੀਰ ਦੇ ਰਿਸ਼ਤੇ ਨਾਲ ਤੁਲਨਾਇਆ ਗਿਆ ਹੈ। ਇਹ ਸਰੀਰ ਜੀਵ-ਆਤਮਾ ਦੀ ਭੈਣ ਹੈ। ਸਰੀਰ ਅਤੇ ਜੀਵ ਆਤਮਾ ਦੇ ਸੰਯੋਗ ਕਰਕੇ ਹੀ ਜੀਵਨ ਹੈ। ਇਹ ਇਕ ਦੂਜੇ ਦੇ ਅਨਿਖੜਵੇਂ ਅੰਗ ਹਨ। ਜਿੰਨਾ ਚਿਰ ਇਹ ਇਕ ਦੂਜੇ ਨਾਲ ਜੁੜੇ ਰਹਿੰਦੇ ਹਨ। ਉਨਾਂ ਚਿਰ ਜੀਵਨ ਰਹਿੰਦਾ ਹੈ ਪਰ ਜਦ ਵੀਰ (ਆਤਮਾ) ਭੈਣ (ਕਾਇਆ) ਦਾ ਸਾਥ ਛੱਡ ਦਿੰਦਾ ਹੈ ਤਾਂ ਇਸ ਕਾਇਆ ਨੂੰ ਚਿਤਾ ਵਿਚ ਜਲਾ ਦਿੱਤਾ ਜਾਂਦਾ ਹੈ। ਸਹੁਰੇ ਘਰ ਵਿਚ ਉਡੀਕ ਕਰਦੀ ਭੈਣ ਦਾ ਵੀਰ ਜਦੋਂ ਆ ਜਾਂਦਾ ਹੈ ਤਾਂ ਉਸ ਸਮੇਂ ਉਸ ਤੋਂ ਪਿਆਰ ਚੁੱਕਿਆ ਨਹੀਂ ਜਾਂਦਾ। ਗੁਰੂ ਫ਼ਰਮਾਨ ਹੈ:

> ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ॥
> ਬੀਰ ਚਲੇ ਘਰਿ ਆਪਣੈ ਬਹਿਣ ਬਿਰਹਿ ਜਲਿ ਜਾਇ॥ [135]

## ਰੱਬੀ ਗੁਣਾਂ ਨੂੰ ਭੈਣ-ਭਰਾ ਕਿਹਾ ਹੈ

ਵਿਕਾਰਾਂ ਭਰੇ ਸੰਸਾਰ ਸਮੁੰਦਰ ਤੋਂ ਤਰਨ ਲਈ ਰੱਬੀ ਗੁਣਾਂ ਦਾ ਹੋਣਾ ਲਾਜ਼ਮੀ ਹੈ। ਜਿਨ੍ਹਾਂ

---

134. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 73.
135. *ਉਹੀ*, ਪੰਨਾ 935.

ਗੁਣਾਂ ਕਰਕੇ ਜੀਵ ਸੰਸਾਰ ਸਮੁੰਦਰ ਤੋਂ ਪਾਰ ਹੋ ਸਕਦਾ ਹੈ। ਇਨ੍ਹਾਂ ਰੱਬੀ ਗੁਣਾਂ ਨੂੰ ਗੁਰੂ ਜੀ ਨੇ ਅਮੋਲਕ ਗੁਣ ਕਿਹਾ ਹੈ। ਜਿਨ੍ਹਾਂ ਨੇ ਵੀ ਪਰਮਾਤਮਾ ਦੇ ਗੁਣਾਂ ਦਾ ਵਪਾਰ ਕੀਤਾ ਹੈ ਉਨ੍ਹਾਂ ਦਾ ਜੀਵਨ ਸ਼ੁੱਧ ਅਤੇ ਵਿਚਾਰ ਨਿਰਮਲ ਹੋ ਜਾਂਦੇ ਹਨ। ਇਹ ਸ਼ੁੱਭ ਗੁਣ ਹੀ ਸਾਡੇ ਭੈਣ-ਭਰਾ ਹਨ:

ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋਖੀਵਦੈ॥
ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ॥ [136]

## ਪਿਤਾ-ਧੀ

ਗੁਰਬਾਣੀ ਵਿਚ ਪਿਤਾ ਅਤੇ ਧੀ ਦੇ ਰਿਸ਼ਤੇ ਨੂੰ ਬਾਕੀ ਰਿਸ਼ਤਿਆਂ ਦੀ ਤਰ੍ਹਾਂ ਬੜਾ ਅਹਿਮ ਸਥਾਨ ਦਿੱਤਾ ਗਿਆ ਹੈ। ਲੜਕੀ ਦਾ ਹੋਰਨਾਂ ਦੇ ਨਾਲ-ਨਾਲ ਆਪਣੇ ਪਿਤਾ ਦੇ ਨਾਲ ਵੀ ਬਹੁਤ (ਸਨੇਹ) ਹੁੰਦਾ ਹੈ। ਪੇਕਿਆਂ (ਪਿਤਾ) ਦੇ ਘਰ ਜਨਮੀ ਬੱਚੀ ਅਨੇਕ ਤਰ੍ਹਾਂ ਦੀਆਂ ਖੇਡਾਂ ਖੇਡਦੀ ਹੈ। ਇਨ੍ਹਾਂ ਖੇਡਾਂ ਨੂੰ ਖੇਡਦੀ ਬੱਚੀ ਇਹ ਭੁੱਲ ਹੀ ਜਾਂਦੀ ਹੈ ਕਿ ਉਸ ਨੇ ਇਕ ਦਿਨ ਸਹੁਰੇ ਘਰ ਚਲੇ ਜਾਣਾ ਹੈ। ਇਕ ਸੰਸਾਰੀ ਪਿਤਾ ਆਪਣੀ ਧੀ ਦੇ ਲਈ ਚੰਗਾ ਵਰ ਲੱਭ ਕੇ ਵਿਆਹ ਕਰਦਾ ਹੈ ਅਤੇ ਸਹੁਰੇ ਘਰ ਵਿਚ ਕੰਮ ਆਉਣ ਵਾਲੀਆਂ ਚੀਜ਼ਾਂ ਧੀ ਨੂੰ ਦਾਜ ਦੇ ਰੂਪ ਵਿਚ ਦਿੰਦਾ ਹੈ। ਇਕ ਸਮਝਦਾਰ ਪਿਤਾ ਜਿਥੇ ਆਪਣੀ ਹੱਥਾਂ ਨਾਲ ਪਾਲ-ਪਲੋਸ ਕੇ ਵੱਡੀ ਕੀਤੀ ਨੌਜਵਾਨ ਧੀ ਨੂੰ ਸੰਸਾਰੀ ਵਸਤੂਆਂ ਦਾਜ ਵਿਚ ਦਿੰਦਾ ਹੈ ਉਥੇ ਆਪਣੀ ਧੀ ਨੂੰ ਚੰਗੀ ਸਿੱਖਿਆ, ਸਹੁਰੇ ਘਰ ਵਿਚ ਸ਼ੋਭਾ ਦੇਣ ਵਾਲਾ ਚੰਗਾ ਚੱਜ-ਆਚਾਰ ਵੀ ਦਿੰਦਾ ਹੈ।

ਸੰਸਾਰੀ ਲੜਕੀ ਦੀ ਉਪਰੋਕਤ ਉਦਾਹਰਣ ਦਿੰਦੇ ਹੋਏ, ਗੁਰੂ ਜੀ ਗੁਰਬਾਣੀ ਵਿਚ ਸਮਝਾਉਂਦੇ ਹਨ ਕਿ ਇਹ ਸਾਰੇ ਜੀਵ ਇਸਤਰੀਆਂ ਦੀ ਨਿਆਈਂ ਹਨ। ਇਹ ਸੰਸਾਰ ਪੇਕਾ ਘਰ ਹੈ ਇਕ ਦਿਨ ਹਰ ਜੀਵ ਨੇ ਇਸ ਸੰਸਾਰ (ਪੇਕਾ ਘਰ) ਨੂੰ ਛੱਡ ਕੇ ਪ੍ਰਲੋਕ ਨੂੰ ਚਲੇ ਜਾਣਾ ਹੈ ਇਸ

---

136. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 966.

ਕਰਕੇ ਜੀਵ ਨੂੰ ਸਹੁਰੇ ਘਰ ਜਾਣ ਲਈ ਪਰਮਾਤਮਾ ਦੇ ਨਾਮ ਰੂਪੀ ਦਾਜ ਨੂੰ ਇਕੱਤਰ ਕਰਨਾ ਚਾਹੀਦਾ ਹੈ ਜਿਸ ਨਾਲ ਜੀਵ ਦੀ ਸ਼ੋਭਾ ਇਸ ਲੋਕ ਤੇ ਪ੍ਰਲੋਕ ਵਿਚ ਹੋਵੇ। ਜਿਵੇ:

ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ॥
ਜੇ ਲੋੜਹਿ ਵਰੁ ਕਾਮਣੀ ਸਤਿਗੁਰੁ ਸੇਵਹਿ ਤੇਹਿ॥ [137]

## ਨਣਦ-ਭਰਜਾਈ

ਪਤੀ ਦੀ ਭੈਣ ਨੂੰ ਨਣਦ ਆਖਿਆ ਜਾਂਦਾ ਹੈ ਜੋ ਸਹੁਰੇ ਘਰ ਆਈ ਨਵੀਂ ਵਹੁਟੀ ਲਈ ਭੈਣ ਜਾਂ ਸਹੇਲੀ ਦੇ ਰੂਪ ਵਿਚ ਪੇਸ਼ ਹੁੰਦੀ ਹੈ। ਕਿਉਂਕਿ ਨਵੇਂ ਘਰ ਆਈ ਵਹੁਟੀ ਲਈ ਇਕ ਅਜਿਹੇ ਹਮ ਉਮਰ ਵਾਲੇ ਜਨਾਨਾ ਸਹਾਰੇ ਦੀ ਲੋੜ ਨੂੰ ਨਣਦ ਪੂਰਾ ਕਰਦੀ ਹੈ। ਨਣਦ-ਭਰਜਾਈ ਦੋਵੇਂ ਆਪਸ ਵਿਚ ਹੱਸਦੀਆਂ, ਖੇਡਦੀਆਂ, ਨੱਚਦੀਆਂ, ਟੱਪਦੀਆਂ ਰਹਿੰਦੀਆਂ ਹਨ, ਜਿਵੇਂ ਨਵੇਂ ਘਰ ਵਿਚ ਆਈ ਵਹੁਟੀ ਨੂੰ ਉਸ ਪਰਿਵਾਰ ਦੀਆਂ ਲੋੜਾਂ ਅਤੇ ਪ੍ਰਬੰਧ ਤੋਂ ਨਣਦ ਜਾਣੂ ਕਰਵਾਉਂਦੀ ਹੈ, ਉਸੇ ਤਰ੍ਹਾਂ ਬਾਣੀ ਵਿਚ ਵੀ ਨਣਦ ਨੂੰ ਗਿਆਨ ਇੰਦਰੀਆਂ ਦੇ ਅਲੰਕਾਰ ਵਜੋਂ ਲਿਆ ਗਿਆ ਹੈ ਜਿਵੇਂ:

ਸਾਸੁ ਕੀ ਦੁਖੀ ਸਸੁਰ ਕੀ ਪਿਆਰੀ ਜੇਠ ਕੇ ਨਾਮਿ ਡਰਉ ਰੇ॥
ਸਖੀ ਸਹੇਲੀ ਨਨਦ ਗਹੇਲੀ ਦੇਵਰ ਕੈ ਬਿਰਹਿ ਜਰਉ ਰੇ॥ [138]

## ਦਰਾਣੀ-ਜਠਾਣੀ (ਆਸਾ (ਦਰਾਣੀ) ਤ੍ਰਿਸ਼ਨਾ (ਜਠਾਣੀ)

ਪਰਮਾਤਮਾ ਦੀ ਭਗਤੀ ਕਰਨ ਨਾਲ ਜਦੋਂ ਜੀਵ ਇਸਤਰੀ ਨੂੰ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਸ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਉਸ ਦਾ ਮਨ ਭਟਕਣਾ ਤੋਂ ਅਡੋਲ ਅਵਸਥਾ ਵਿਚ ਆ ਜਾਂਦਾ ਹੈ। ਜਿਸ ਨਾਲ ਉਸ ਦੇ ਮਨ ਦੀ ਆਸਾ (ਦਰਾਣੀ) ਤ੍ਰਿਸ਼ਨਾ (ਜਠਾਣੀ) ਖਤਮ ਹੋ ਜਾਂਦੀ ਹੈ:

---

137. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 935.
138. *ਉਹੀ*, ਪੰਨਾ 482.

(i) ਸਸੂ ਤੇ ਪਿਰਿ ਕੀਨੀ ਵਾਖਿ॥
ਦੇਰ ਜਿਠਾਣੀ ਮੁਈ ਦੂਖਿ ਸੰਤਾਪਿ॥ [139]

(ii) ਬਤੀਹ ਸੁਲਖਣੀ ਸਚੁ ਸੰਤਤਿ ਪੂਤ॥
ਆਗਿਆਕਾਰੀ ਸੁਘੜ ਸਰੂਪ॥
ਇਛ ਪੂਰੇ ਮਨ ਕੰਤ ਸੁਆਮੀ॥
ਸਗਲ ਸੰਤੋਖੀ ਦੇਰ ਜੇਠਾਨੀ॥ [140]

## ਦੇਵਰ

ਦੌੜਦੇ ਹੋਏ ਮਨ ਨੂੰ ਪ੍ਰਭੂ ਦੇ ਨਾਮ ਸਿਮਰਨ ਸਦਕਾ ਹੀ ਸ਼ਾਂਤ ਕੀਤਾ ਜਾ ਸਕਦਾ ਹੈ ਪਰ ਸਮਝਣਾ ਇਹ ਹੈ ਕਿ ਮਨ ਦੌੜਦਾ ਕਿਵੇਂ ਹੈ? ਸਰੀਰ ਦੀਆਂ ਨੌ ਗਿਆਨ ਇੰਦਰੀਆਂ ਅੱਖ, ਕੰਨ, ਨੱਕ, ਆਦਿ ਰਾਹੀਂ ਮਨ ਬਾਹਰ ਭਟਕਦਾ ਹੈ। ਇਸ ਦੌੜਦੇ ਮਨ ਨੂੰ ਗੁਰੂ ਦੇ ਗਿਆਨ ਦੀ ਸਹਾਇਤਾ ਨਾਲ ਸ਼ਾਂਤ ਕੀਤਾ ਜਾ ਸਕਦਾ ਹੈ:

ਸਭ ਪਰਵਾਰੈ ਮਾਹਿ ਸਰੇਸਟ॥
ਮਤੀ ਦੇਵੀ ਦੇਵਰ ਜੇਸਟ॥
ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ॥
ਜਨ ਨਾਨਕ ਸੁਖੇ ਸੁਖਿ ਵਿਹਾਇ॥ [141]

ਸੋ ਗੁਰੂ ਸਾਹਿਬ ਨੇ ਇੰਨ੍ਹਾਂ ਗਿਆਨ ਇੰਦਰੀਆਂ ਨੂੰ ਹੀ ਦੇਵਰ ਕਿਹਾ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਜੀਵ ਇਸਤਰੀਆਂ ਨੂੰ ਗਿਆਨ ਇੰਦਰੀਆਂ ਨੇ ਕਾਬੂ ਕਰ ਰੱਖਿਆ ਹੈ। ਸ਼ੁੱਭ ਵਿਚਾਰ ਰੂਪੀ ਦੇਵਰ ਤੋਂ ਸੱਖਣੀ ਹੋਣ ਕਰਕੇ ਜੀਵ ਇਸਤਰੀ ਅੰਦਰੋਂ ਸੜਦੀ ਬਲਦੀ ਹੈ:

ਸਖੀ ਸਹੇਲੀ ਨਨਦ ਗਹੇਲੀ ਦੇਵਰ ਕੈ ਬਿਰਹਿ ਜਰਉ ਰੇ॥ [142]

---

139. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 370.
140. *ਉਹੀ*, ਪੰਨਾ 371.
141. *ਉਹੀ*, ਪੰਨਾ 371.
142. *ਉਹੀ*, ਪੰਨਾ 482.

## ਕਾਮ, ਕ੍ਰੋਧ, ਆਦਿਕ ਮਾਇਆ ਦੇ ਪੁੱਤਰ

ਇੱਕ ਪਤੀਬ੍ਰਤਾ ਇਸਤਰੀ ਵੀ ਸ਼ਿੰਗਾਰ ਕਰਦੀ ਹੈ ਤੇ ਵੇਸਵਾ ਵੀ ਸ਼ਿੰਗਾਰ ਕਰਦੀ ਹੈ। ਦੋਵਾਂ ਦੇ ਸ਼ਿੰਗਾਰ ਵਿਚ ਬੜਾ ਅੰਤਰ ਹੈ। ਪਤੀਬ੍ਰਤਾ ਦਾ ਸ਼ਿੰਗਾਰ ਆਪਣੇ ਪਤੀ ਨੂੰ ਰਿਝਾਉਣ ਲਈ ਹੁੰਦਾ ਹੈ। ਵੇਸਵਾ ਦਾ ਸ਼ਿੰਗਾਰ ਵਿਭਚਾਰ ਲਈ ਹੁੰਦਾ ਹੈ। ਪਤੀਬ੍ਰਤਾ ਆਪਣੇ ਧਰਮ ਨੂੰ ਨਿਭਾਉਂਦੀ ਵੀ ਨਿਹਕਲੰਕ ਹੈ ਪਰ ਵੇਸਵਾ ਦਾ ਜੀਵਨ ਵਿਕਾਰਾਂ ਦੇ ਵਿਚ ਕਲੰਕਤ ਹੋ ਜਾਂਦਾ ਹੈ। ਗੁਰਮੁਖ ਮਾਇਆ ਦੇ ਨਾਲ ਪਰਉਪਕਾਰ ਦੇ ਕੰਮ ਕਰਦੇ ਹਨ ਜਦੋਂ ਕਿ ਮਾਇਆ ਦੇ ਪੁੱਤਰ ਮਨਮੁਖ ਇਸ ਮਾਇਆ ਦੇ ਨਾਲ ਵਿਕਾਰ ਹੀ ਕਮਾਉਂਦੇ ਹਨ। ਗੁਰੂ ਸਾਹਿਬ ਫ਼ਰਮਾਨ ਕਰਦੇ ਹਨ ਕਿ ਇਸ ਤਰ੍ਹਾਂ ਜੀਵ ਇਸਤਰੀ ਦੇ ਨਾਮ ਜਪਦਿਆਂ ਕਾਮਦਾਇਕ ਵੈਰੀ ਮੁੱਕ ਜਾਂਦੇ ਹਨ ਫਿਰ ਮਾਇਆ ਦਾ ਦਬਾਅ ਵੀ ਖ਼ਤਮ ਹੋ ਜਾਂਦਾ ਹੈ ਤੇ ਹਰ ਪਾਸੇ ਉਸ ਨੂੰ ਸੱਚਾ ਪ੍ਰਭੂ ਹੀ ਦਿੱਸਦਾ ਹੈ:

> ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ॥
> ਜੇ ਪਿਰ ਭਾਵੈ ਨਾਨਕਾ ਕਰਮ ਮਣੀ ਸਭੁ ਸਚੁ॥ [143]

## ਜੇਠ (ਮੌਤ)

ਜਦੋਂ ਅਸੀਂ ਪਰਿਵਾਰਿਕ ਰਿਸ਼ਤਿਆਂ ਦੀ ਗੱਲ ਕਰਦੇ ਹਾਂ ਤਾਂ ਉਨ੍ਹਾਂ ਵਿਚ ਕੁਝ ਰਿਸ਼ਤੇ ਵੱਡੇ ਪੁਰਸ਼ਾਂ ਦੇ ਭਾਵ ਸਤਿਕਾਰਤ ਅਤੇ ਕੁਝ ਛੋਟੇ ਬੱਚਿਆਂ ਦੇ ਭਾਵ ਪਿਆਰ ਵਾਲੇ ਹੁੰਦੇ ਹਨ। ਇਨ੍ਹਾਂ ਸਤਿਕਾਰਤ ਰਿਸ਼ਤਿਆਂ ਵਿਚੋਂ ਇਕ ਰਿਸ਼ਤਾ ਜੇਠ ਦਾ ਹੈ। ਕਿਸੇ ਵੀ ਘਰ ਵਿਚ ਪੈਦਾ ਹੋਏ ਪਹਿਲੇ ਬੱਚੇ ਨੂੰ ਜੇਠਾ ਬੱਚਾ ਕਿਹਾ ਜਾਦਾ ਹੈ, ਭਾਵੇਂ ਉਹ ਲੜਕੀ ਹੈ ਜਾਂ ਲੜਕਾ। ਪਰਿਵਾਰ ਵਿਚ ਵੱਡੇ ਹੋਣ ਕਰਕੇ ਇਨ੍ਹਾਂ ਬੱਚਿਆ ਦਾ ਸਤਿਕਾਰ ਹਮੇਸ਼ਾਂ ਬਣਿਆ ਰਹਿੰਦਾ ਹੈ। ਜਦੋਂ ਘਰ ਵਿਚ ਇਕ ਤੋਂ ਜਿਆਦਾ ਭਰਾਵਾਂ ਵਿਚੋਂ ਛੋਟੇ ਦੇ ਘਰ ਵਹੁਟੀ ਆਉਂਦੀ ਹੈ ਤਾਂ ਵੱਡਾ ਭਰਾ ਉਸ ਲਈ

143. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 642.

ਜੇਠ ਹੁੰਦਾ ਹੈ। ਸਾਡੇ ਪਰਿਵਾਰਕ ਪ੍ਰਬੰਧ ਵਿਚ ਅਜਿਹਾ ਵੀ ਹੈ ਕਿ ਜੇਠ ਦਾ ਵੱਡਿਆਂ ਦੀ ਤਰ੍ਹਾਂ ਸਤਿਕਾਰ ਕਰਨਾ ਹੈ। ਇਹ ਵੱਡੇ ਬੱਚੇ ਹੋਣ ਕਰਕੇ ਪਰਿਵਾਰ ਦੇ ਹਰ ਫੈਸਲੇ ਵਿਚ ਸ਼ਾਮਲ ਹੁੰਦੇ ਹਨ ਅਤੇ ਪਰਿਵਾਰ ਦੇ ਬਾਕੀ ਮੈਂਬਰਾਂ ਨੇ ਇਨ੍ਹਾਂ ਤੋਂ ਦਿਸ਼ਾ ਨਿਰਦੇਸ਼ ਲੈਣੇ ਹੁੰਦੇ ਹਨ। ਇਸੇ ਕਰਕੇ ਹੀ ਸਾਰੇ ਪਰਿਵਾਰ ਵਿਚ ਇਨ੍ਹਾਂ ਦਾ ਸਤਿਕਾਰ ਅਤੇ ਰੌਅਬ ਦਾਅਬ ਬਣਿਆ ਰਹਿੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬ ਨੇ ਵੀ ਜੇਠ ਲਈ ਅਜਿਹਾ ਹੀ ਅਹੁਦਾ ਨਿਰਧਾਰਤ ਕੀਤਾ ਹੈ। ਜਿਹੜਾ ਸਹੁਰੇ ਦੇ ਨੇੜੇ ਰਹਿੰਦਾ ਹੈ, ਉਸ ਨੂੰ ਜੇਠ ਦਾ ਡਰ ਨਹੀਂ ਸਤਾਉਂਦਾ। ਇਸ ਤਰ੍ਹਾਂ ਜਿਹੜਾ ਪ੍ਰਭੂ ਦੇ ਨਾਲ ਜੁੜਿਆ ਰਹਿੰਦਾ ਹੈ ਉਸ ਨੂੰ ਜੇਠ ਰੂਪੀ ਮੌਤ ਦਾ ਡਰ ਨਹੀਂ ਆਉਂਦਾ ਜਿਵੇਂ:

(i) ਸਾਸੁ ਕੀ ਦੁਖੀ ਸਸੁਰ ਕੀ ਪਿਆਰੀ ਜੇਠ ਕੇ ਨਾਮਿ ਡਰਉ ਰੇ॥ [144]

(ii) ਸਸੁ ਵਿਰਾਇਨਿ ਨਾਨਕ ਜੀਉ ਸਸੁਰਾ ਵਾਦੀ ਜੇਠੋ ਪਉ ਪਉ ਲੂਹੈ॥
ਹਭੇ ਭਸੁ ਪੁਣੇਦੇ ਵਤਨੁ ਜਾ ਮੈ ਸਜਣੁ ਤੂਹੈ॥ [145]

## ਕੁੜਮ-ਕੁੜਮਣੀ

## ਕੁੜਮ (ਗੁਰੂ ਦੇ ਅਰਥਾਂ ਵਿਚ)

ਕੁੜਮ-ਕੁੜਮਣੀ ਦਾ ਰਿਸ਼ਤਾ ਸਾਡੇ ਰਿਸ਼ਤਿਆਂ ਦੇ ਪ੍ਰਬੰਧ ਵਿਚ ਇਕ ਸਤਿਕਾਰਤ ਰਿਸ਼ਤਾ ਹੈ। ਇਸ ਰਿਸ਼ਤੇ ਦੀ ਨੇੜਤਾ ਜੀਵ ਦੇ ਜੀਵਨ ਵਿਚ ਧੀ/ ਪੁੱਤਰ ਦੇ ਵਿਆਹ ਤੋਂ ਬਾਅਦ ਬਣਦੀ ਹੈ। ਭਾਵੇਂ ਸੰਸਾਰਿਕ ਕੁੜਮ-ਕੁੜਮਣੀ ਦਾ ਰਿਸ਼ਤਾ ਉਪਰੋਕਤ ਅਨੁਸਾਰ ਹੈ ਪਰ ਗੁਰੂ ਸਾਹਿਬ ਗੁਰਬਾਣੀ ਵਿਚ ਕੁੜਮ ਨੂੰ ਗੁਰੂ ਦੇ ਅਰਥਾਂ ਵਿਚ ਵਰਤਦੇ ਹਨ। ਗੁਰੂ ਹੀ ਵਿਚੋਲਾ ਬਣ ਕੇ ਜੀਵ ਇਸਤਰੀ ਤੇ ਪ੍ਰਭੂ ਪਤੀ ਨੂੰ ਮਿਲਾਉਂਦਾ ਹੈ। ਜਿਸ ਨਾਲ ਜੀਵ ਇਸਤਰੀ ਦੇ ਹਿਰਦੇ ਵਿਚ ਪ੍ਰੇਮ, ਸੇਵਾ, ਪਰਉਪਕਾਰ ਦਇਆ ਆਦਿ ਸ਼ੁਭ ਗੁਣ ਪੈਦਾ ਹੁੰਦੇ ਹਨ। ਸ਼ੁੱਭ ਗੁਣਾਂ ਦੀ ਪ੍ਰਾਪਤੀ

---

144. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 482.
145. *ਉਹੀ*, ਪੰਨਾ 963.

ਸਤਿ-ਸੰਗਤ ਕਰਨ ਨਾਲ ਹੀ ਪ੍ਰਾਪਤ ਹੁੰਦੀ ਹੈ:

> ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ॥
> ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ॥ [146]

## ਸੱਸ-ਸਹੁਰਾ

ਸੱਸ-ਸਹੁਰੇ ਦਾ ਰਿਸ਼ਤਾ ਪੁੱਤਰ ਅਤੇ ਧੀ ਦੇ ਵਿਆਹ ਤੋਂ ਮਗਰੋਂ ਬਣਦਾ ਹੈ ਕਿਉਂਕਿ ਨੂੰਹ ਅਤੇ ਜਵਾਈ ਦੇ ਮਾਤਾ-ਪਿਤਾ, ਪੁੱਤਰ ਅਤੇ ਧੀ ਦੇ ਸੱਸ-ਸਹੁਰਾ ਅਖਵਾਉਂਦੇ ਹਨ। ਸੰਸਾਰ ਵਿਚ ਇਨ੍ਹਾਂ ਦਾ ਬੜਾ ਸਤਿਕਾਰਤ ਸਥਾਨ ਹੈ। ਗੁਰੂ ਸਾਹਿਬ ਨੇ ਵੀ ਇਸ ਰਿਸ਼ਤੇ ਨੂੰ ਗੁਰਬਾਣੀ ਵਿਚ ਪ੍ਰਮਾਣਤ ਮੰਨਿਆ ਹੈ। ਗੁਰੂ ਸਾਹਿਬ ਗੁਰਬਾਣੀ ਵਿਚ ਸੱਸ ਲਈ ਚਿੰਨ੍ਹ ਵਜੋਂ ਅਗਿਆਨ/ ਅਵਿਦਿਆ, ਮਾਇਆ, ਸ਼ਰਮ ਸ਼ਬਦ ਵਰਤਦੇ ਹਨ। ਸਹੁਰੇ ਲਈ ਦੇਹ ਅਧਿਆਸ/ਸਰੀਰ ਨਾਲ ਪਿਆਰ, ਉੱਚੀ ਸੁਰਤ, ਲੋਕ-ਪਰਲੋਕ ਸ਼ਬਦ ਵਰਤੇ ਹਨ।

ਗੁਰੂ ਜੀ ਗੁਰਬਾਣੀ ਵਿਚ ਅਗਿਆਨਤਾ ਨੂੰ ਸੱਸ ਕਹਿੰਦੇ ਹਨ ਜਿਵੇਂ ਨਵੀਂ-ਵਿਆਹੀ ਵਹੁਟੀ ਨੂੰ ਆਪਣੀ ਸੱਸ ਦਾ ਡਰ ਰਹਿੰਦਾ ਹੈ, ਜਿਸ ਕਰਕੇ ਆਪਣੀ ਸੱਸ ਦੇ ਭੈਅ ਵਿਚ ਉਹ ਹਰ ਕੰਮ ਬੜੇ ਧਿਆਨ ਨਾਲ ਕਰਦੀ ਹੈ। ਇਸੇ ਤਰ੍ਹਾਂ ਅਗਿਆਨਤਾ (ਸੱਸ) ਕਰਕੇ ਜਦ ਜੀਵ ਇਸਤਰੀ ਸਹੀ ਮਾਰਗ ਤੇ ਚੱਲਣ ਦੀ ਕਾਹਲ ਵਿਚ ਗਲਤੀ ਕਰ ਬੈਠਦੀ ਹੈ ਤਾਂ ਕੌਂਡੀਆਂ ਵੀ ਕਈ ਵਾਰ ਹੀਰੇ ਪ੍ਰਤੀਤ ਹੋ ਜਾਂਦੀਆਂ ਹਨ। ਹੱਥਾਂ ਵਿਚ ਪਈਆਂ ਹੱਥ ਕੜੀਆਂ ਵੀ ਗਹਿਣੇ ਜਾਪਦੀਆਂ ਹਨ ਪਰ ਅਗਿਆਨਤਾ ਦੇ ਨਾਸ਼ ਹੁੰਦਿਆਂ ਜੀਵ ਇਨ੍ਹਾਂ ਕੌਂਡੀਆਂ ਅਤੇ ਹੱਥ ਕੜੀਆਂ ਨੂੰ ਛੱਡਦਿਆ ਦੇਰ ਨਹੀਂ ਲਾਉਂਦਾ। ਭਗਤ ਰਵਿਦਾਸ ਜੀ ਕਥਨ ਕਰਦੇ ਹਨ:

> ਗਿਆਨੈ ਕਾਰਨ ਕਰਮ ਅਭਿਆਸੁ॥
> ਗਿਆਨੁ ਭਇਆ ਤਹ ਕਰਮਹ ਨਾਸੁ॥ [147]

---

146. *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 773.
147. *ਉਹੀ,* ਪੰਨਾ 1167.

ਦੇਹ ਅਧਿਆਸ ਭਾਵ ਕਿ ਸਰੀਰਕ ਮੋਹ ਨੂੰ ਗੁਰਬਾਣੀ ਵਿਚ (ਸਹੁਰੇ) ਦੇ ਰੂਪਕ ਵਿਚ ਬਿਆਨ ਕੀਤਾ ਹੈ। ਪਦਾਰਥ-ਵਾਦੀ ਮਨੁੱਖ ਦੇਹ ਅਧਿਆਸ ਨਾਲ ਜੁੜੇ ਹੋਏ ਹਨ। ਇਸ ਟੁੱਟ-ਜਾਣ (ਭਾਵ ਨਾਸ ਹੋ ਜਾਣ) ਵਾਲੇ ਸਰੀਰ ਨੂੰ ਹੀ ਗੰਢਦੇ ਰਹਿੰਦੇ ਹਨ। ਜਿਸ ਸਰੀਰ ਨੇ ਇਕ ਦਿਨ ਢਹਿ ਜਾਣਾ ਹੈ। ਉਸ ਨੂੰ ਤੋਪੇ ਲਾਉਣ (ਸਰੀਰ ਨਾਲ ਇਤਨਾ ਮੋਹ ਪਾਉਣ) ਦੀ ਕੀ ਲੋੜ ਹੈ। ਜੀਵ ਨੂੰ ਆਪਣੇ ਸਰੀਰ ਰੂਪੀ ਜੁੱਤੀ ਨੂੰ ਤੋਪੇ ਲਾਉਣੇ ਛੱਡ ਕੇ ਪ੍ਰਭੂ ਨਾਲੋਂ ਟੁੱਟੇ ਹੋਏ ਮਨ ਨੂੰ ਪ੍ਰੇਮ ਨਾਲ ਗੰਢਣਾ ਚਾਹੀਦਾ ਹੈ। ਇਸ ਤਰ੍ਹਾਂ ਜੀਵ ਇਸਤਰੀ ਬੇਨਤੀ ਕਰਦੀ ਹੈ ਕਿ ਪ੍ਰਭੂ ਜੇ ਤੂੰ ਮੇਰਾ ਮਿੱਤਰ ਬਣੇਂ ਤਦ ਹੀ ਇਹ ਦੇਹ ਅਧਿਆਸ ਛੁੱਟ ਸਕਦਾ ਹੈ ਭਾਵ ਮੌਤ ਦਾ ਡਰ ਦੂਰ ਹੋ ਸਕਦਾ ਹੈ:

ਸਸੁ ਵਿਰਾਇਣਿ ਨਾਨਕ ਜੀਉ ਸਸੁਰਾ ਵਾਦੀ ਜੇਠੋ ਪਉ ਪਉ ਲੂਹੈ॥
ਹਭੇ ਭਸੁ ਪੁਣੇਦੇ ਵਤਨੁ ਜਾ ਮੈ ਸਜਣੁ ਤੂਹੈ॥ [148]

## ਸੱਸ (ਮਾਇਆ) – ਸਹੁਰਾ (ਸਰੀਰ ਦਾ ਮੋਹ)

ਸਰੀਰ ਵੀ ਮਾਇਆ ਹੀ ਹੈ। ਜੋ ਚੀਜ਼ ਸਮੇਂ ਵਿਚ ਬਣਦੀ ਹੈ ਅਤੇ ਸਮਾਂ ਹੀ ਉਸ ਨੂੰ ਖ਼ਤਮ ਕਰ ਦਿੰਦਾ ਹੈ। ਉਸ ਨੂੰ ਮਾਇਆ ਕਹਿੰਦੇ ਹਨ। ਇਹ ਮਾਇਆ ਸੁੱਖ ਰੂਪ ਵਿਚ ਜੀਵ ਨੂੰ ਪ੍ਰਤੀਤ ਹੁੰਦੀ ਹੈ। ਸੁੱਖਾਂ ਵਿਚੋਂ ਹੀ ਦੁੱਖ ਪਨਪਦੇ ਹਨ। ਸੁੱਖ ਨਾ ਹੋਣ ਤਾਂ ਦੁੱਖ ਦਾ ਅਹਿਸਾਸ ਨਹੀਂ ਹੋ ਸਕਦਾ। ਸੁੱਖ ਦੇ ਬਿਨਸ ਜਾਣ ਤੇ ਦੁੱਖ ਦਾ ਅਹਿਸਾਸ ਹੁੰਦਾ ਹੈ। ਸੋ ਜੀਵ ਦੀ ਪ੍ਰਭੂ-ਪਤੀ ਤੋਂ ਮੰਗ ਹੀ ਕੇਵਲ ਸੁੱਖ ਹੈ। ਜਦੋਂ ਕਿ ਸੰਸਾਰਿਕ ਸੁੱਖਾਂ ਦੇ ਪਿੱਛੇ ਦੁੱਖ ਲੁਕਿਆ ਹੋਇਆ ਹੈ:

ਸਾਸੁ ਕੀ ਦੁਖੀ ਸਸੁਰ ਕੀ ਪਿਆਰੀ ਜੇਠ ਕੇ ਨਾਮਿ ਡਰਉ ਰੇ॥ [149]

# ਉਦਮ ਅਤੇ ਉਚੀ ਸੁਰਤ

ਗੁਰੂ ਨਾਨਕ ਦੇਵ ਜੀ ਆਪਣੇ ਅੰਤਰੀਵ ਰਿਸ਼ਤਿਆਂ ਨੂੰ ਗੁਰਬਾਣੀ ਵਿਚ ਬਿਆਨ ਕਰਦੇ

---

148. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 963.
149. *ਉਹੀ*, ਪੰਨਾ 482.

ਹੋਏ ਦੱਸਦੇ ਹਨ ਕਿ ਮਿਹਨਤ, ਘਾਲਣਾ ਅਤੇ ਸੁਰਤੀ ਦਾ ਟਿਕਾਅ, ਮੈ ਇਨ੍ਹਾਂ ਨੂੰ ਆਪਣੇ ਸੱਸ-ਸਹੁਰੇ ਬਣਾਇਆ ਹੈ ਜਾਂ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਵੱਡੇ- ਛੋਟੇ ਦੀ ਜੋ ਸ਼ਰਮ ਹਯਾ ਹੈ। ਉਸ ਨੂੰ ਸੱਸ ਅਤੇ ਨਾਮ ਦੇ ਵਿਚ ਟਿਕੀ ਸੁਰਤਿ ਸਹੁਰਾ ਹੈ। ਗੁਰੂ ਜੀ ਕਹਿੰਦੇ ਹਨ ਇਹ ਮੇਰਾ ਅੰਤਰੀਵ ਪਰਿਵਾਰਿਕ (ਰਿਸ਼ਤਾ) ਹੈ:

> ਸਰਮ ਸੁਰਤਿ ਦੁਇ ਸਸੁਰ ਭਏ॥
> ਕਰਣੀ ਕਾਮਣਿ ਕਰਿ ਮਨ ਲਏ॥ [150]

## ਸਹੁਰਾ (ਲੋਕ-ਪ੍ਰਲੋਕ)

ਪ੍ਰਭੂ-ਪਤੀ ਦੀ ਦਿੱਤੀ ਹੋਈ ਸੱਤਾ ਦੇ ਆਸਰੇ ਹੀ ਜੀਵ ਲੋਕ-ਪ੍ਰਲੋਕ ਵਿਚ ਸੁੱਖ ਮਾਣਦਾ ਹੈ ਕਿਉਂਕਿ ਪ੍ਰਭੂ ਸਰਬ ਕਲਾ ਵਿਚ ਨਿਪੁੰਨ ਹੈ। ਉਹ ਆਪਣੀ ਸ਼ਕਤੀ ਦੁਆਰਾ ਜੀਵ ਦਾ ਸੰਸਾਰ ਵਿਚ ਜੀਵਨ ਚਲਾਉਂਦਾ ਹੈ ਅਤੇ ਲੋਕ-ਪ੍ਰਲੋਕ ਵਿਚ ਸਹਾਇਤਾ ਕਰਦਾ ਹੈ। ਪ੍ਰਭੂ ਜੀਵ ਨੂੰ ਸੰਸਾਰ ਸਾਗਰ ਵਿਚ ਡੁੱਬਣ ਨਹੀਂ ਦਿੰਦਾ। ਪੰਜ ਕਾਮਦਾਇਕ ਚੋਰ ਉਸ ਦੀ ਆਤਮਿਕ ਗੁਣਾਂ ਦੀ ਪੂੰਜੀ ਨੂੰ ਚੁਰਾ ਨਹੀਂ ਸਕਦੇ ਤੇ ਵਿਕਾਰਾਂ ਦੀ ਅੱਗ ਸ਼ੁਭ ਗੁਣਾਂ ਨੂੰ ਜਲਾ ਨਹੀਂ ਸਕਦੀ। ਪ੍ਰਭੂ-ਪਤੀ ਇਤਨੀ ਸਮਰੱਥਾ ਦਾ ਮਾਲਕ ਹੈ ਕਿ ਹਰ ਜੀਵ ਦੇ ਦੁੱਖ-ਦਰਦਾਂ ਨੂੰ ਸੁਣਦਾ ਹੈ ਅਤੇ ਇਨ੍ਹਾਂ ਦੀ ਨਵਿਰਤੀ ਕਰਦਾ ਹੈ ਜਿਵੇਂ:

(i) ਜੀਅ ਕੀ ਬਿਰਥਾ ਸੋ ਸੁਣੇ ਹਰਿ ਸੰਮ੍ਰਿਥ ਪੁਰਖੁ ਅਪਾਰੁ॥
ਮਰਣਿ ਜੀਵਣਿ ਆਰਾਧਣਾ ਸਭਨਾ ਕਾ ਅਧਾਰੁ॥
ਸਸੁਰੈ ਪੇਈਐ ਤਿਸੁ ਕੰਤ ਕੀ ਵਡਾ ਜਿਸੁ ਪਰਵਾਰੁ॥ [151]

(ii) ਸਸੁਰੈ ਪੇਈਐ ਪਿਰੁ ਵਸੈ ਕਹੁ ਕਿਤੁ ਬਿਧਿ ਪਾਈਐ॥ [152]

---

150. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 152.
151. *ਉਹੀ*, ਪੰਨਾ 137.
152. *ਉਹੀ*, ਪੰਨਾ 163.

ਪ੍ਰਭੂ ਨਾਲੋਂ ਟੁੱਟ ਕੇ, ਉਸ ਦੀ ਯਾਦ ਮਨੋਂ ਭੁਲਾ ਕੇ ਜੀਵ ਇਸਤਰੀ ਦੁੱਖਾਂ ਦੇ ਘੇਰੇ ਵਿਚ ਆ ਜਾਂਦੀ ਹੈ ਪਰ ਜੋ ਜੀਵ ਇਸਤਰੀਆਂ ਆਸਤਿਕ ਹੋ ਕੇ ਪ੍ਰਭੂ ਦੇ ਡਰ ਵਿਚ ਜੀਵਨ ਗੁਜਾਰਦੀਆਂ ਅਤੇ ਗੁਰੂ ਦੀ ਸੇਵਾ ਕਰਦੀਆਂ ਹਨ, ਉਹ ਨਿਡਰ ਹੋ ਜਾਂਦੀਆਂ ਹਨ:

(i) ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ॥ [153]

(ii) ਸਸੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ॥ [154]

## ਪਿਤਾ-ਪੁਤਰ

ਪ੍ਰਭੂ ਸੰਸਾਰ ਦੇ ਹਰ ਜੀਵ ਨੂੰ ਪੈਦਾ ਕਰਕੇ ਉਸ ਦੀ ਪਾਲਣਾ ਅਤੇ ਸੰਭਾਲ ਦੇ ਨਾਲ ਨਾਲ ਸੰਸਾਰੀ ਪਿਤਾ ਦੀ ਤਰ੍ਹਾਂ ਪਿਆਰ ਕਰਦਾ ਹੈ ਕਿਉਂਕਿ ਪ੍ਰਭੂ ਸਾਡਾ ਸਭਨਾਂ ਦਾ ਪਿਤਾ ਹੈ ਅਸੀਂ ਉਸ ਦੇ ਬੱਚੇ ਹਾਂ ਇਸੇ ਕਰਕੇ ਉਹ ਸਾਡੀ ਹਰ ਥਾਂ ਸਹਾਇਤਾ ਕਰਦਾ ਹੈ, ਜਿਵੇਂ ਸੰਸਾਰੀ ਪਿਤਾ ਆਪਣੇ ਪੁਤਰਾਂ ਉਤੇ ਕ੍ਰਿਪਾਲ ਹੋ ਕੇ ਕਰਦਾ ਹੈ

ਕੀਮਤਿ ਕਉਣੁ ਕਰੈ ਪ੍ਰਭ ਤੇਰੀ ਤੂ ਸਰਬ ਜੀਆ ਦਇਆਲਾ॥
ਸਭੁ ਕਿਛੁ ਕੀਤਾ ਤੇਰਾ ਵਰਤੈ ਕਿਆ ਹਮ ਬਾਲ ਗੁਪਾਲਾ॥
ਰਾਖਿ ਲੇਹੁ ਨਾਨਕੁ ਜਨੁ ਤੁਮਰਾ ਜਿਉ ਪਿਤਾ ਪੂਤ ਕਿਰਪਾਲਾ॥ [155]

ਹੁਣ ਤੱਕ ਦੀ ਵਿਚਾਰ ਤੋਂ ਕਿ ਚਿੰਨ੍ਹਾਤਮਿਕ ਰਿਸ਼ਤਿਆਂ ਦਾ **ਮੁੱਖ ਲੱਛਣ ਉੱਘੜ** ਕੇ ਇਹ ਸਾਹਮਣੇ ਆਇਆ ਹੈ ਕਿ ਗੁਰੂ ਸਾਹਿਬ ਨੇ ਬਹੁਤ ਸਾਰੇ ਸੰਸਾਰੀ ਰਿਸ਼ਤਿਆਂ ਦੇ ਨਾਵਾਂ ਨੂੰ ਸੰਕੇਤ ਰੂਪ ਵਿਚ ਵਰਤ ਕੇ ਅਧਿਆਤਮਕ ਪੱਖ ਉਜਾਗਰ ਕੀਤਾ ਹੈ। ਇਸ ਅਧਿਆਇ ਖੰਡ ਵਿਚ ਜਿਨ੍ਹਾਂ-ਜਿਨ੍ਹਾਂ ਸੰਸਾਰੀ ਰਿਸ਼ਤਿਆਂ ਦਾ ਜ਼ਿਕਰ ਆਇਆ ਹੈ ਉਨ੍ਹਾਂ ਸਾਰੇ ਹੀ ਰਿਸ਼ਤਿਆਂ ਦਾ ਸਿੱਧਾ

---

153. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 642.
154. *ਉਹੀ*, ਪੰਨਾ 1088.
155. *ਉਹੀ*, ਪੰਨਾ 608.

ਸੰਬੰਧ ਸੰਸਾਰ ਅਤੇ ਅਧਿਆਤਮਕ ਅਵੱਸਥਾ ਨਾਲ ਹੈ। ਜਿਵੇਂ ਗੁਰੂ ਸਹਿਬ ਨੇ ਮਾਤਾ-ਪਿਤਾ ਲਈ ਪਰਮਾਤਮਾ, ਮਾਂ (ਧਰਤੀ) ਅਤੇ ਪਿਤਾ (ਪਾਣੀ) ਆਦਿ ਸੰਕੇਤ ਵਰਤੇ ਹਨ:

> ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥
> ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥ [156]

---

156. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1●3.

## (ੲ) ਸੰਸਾਰਿਕ ਰਿਸ਼ਤੇ

ਸੰਸਾਰਿਕ ਰਿਸ਼ਤਿਆਂ ਅਧੀਨ ਅਸੀਂ ਉਨ੍ਹਾਂ ਰਿਸ਼ਤਿਆਂ ਬਾਰੇ ਵਿਚਾਰ ਕਰ ਰਹੇ ਹਾਂ ਜਿਹੜੇ ਰਿਸ਼ਤੇ ਇਕ ਪਰਿਵਾਰ ਜਾਂ ਇਕ ਕੁਟੰਬ ਵਿਚ ਪਾਏ ਜਾਂਦੇ ਹਨ ਜਿਵੇਂ ਪਤੀ-ਪਤਨੀ, ਮਾਤਾ-ਪਿਤਾ, ਮਾਂ-ਪੁੱਤਰ, ਪਿਉ-ਪੁੱਤਰ, ਭੈਣ-ਭਾਈ, ਦਰਾਣੀ-ਜਠਾਣੀ, ਚਾਚਾ-ਚਾਚੀ, ਤਾਇਆ-ਤਾਈ, ਨਾਨਾ-ਨਾਨੀ, ਮਾਮਾ-ਮਾਮੀ ਆਦਿ। ਇਹ ਸਾਰੇ ਰਿਸ਼ਤੇ ਇਕ ਪਰਿਵਾਰ ਜਾਂ ਕੁਟੰਬ ਨੂੰ ਆਪਸ ਵਿਚ ਜੋੜੀ ਰੱਖਣ ਲਈ ਬਹੁਤ ਸਹਾਈ ਹੁੰਦੇ ਹਨ। ਅਸਲ ਵਿਚ ਇਨ੍ਹਾਂ ਰਿਸ਼ਤਿਆਂ ਕਰਕੇ ਹੀ ਪਰਿਵਾਰ ਜਾਂ ਕੁਟੰਬ ਦੀ ਹੋਂਦ ਬਰਕਰਾਰ ਹੁੰਦੀ ਹੈ। ਕਿਹਾ ਜਾਂਦਾ ਹੈ ਕਿ ਆਸਾਂ ਦੇ ਸਹਾਰੇ ਹੀ ਜਿੰਦਗੀ ਹੈ। ਇਸੇ ਅਨੁਸਾਰ ਮਨੁੱਖ ਸਾਰੀ ਉਮਰ ਆਸਾਂ ਦੀ ਡੋਰੀ ਫੜੀ ਰੱਖਦਾ ਹੈ। ਮਨੁੱਖ ਵੱਡਾ ਹੁੰਦਾ ਹੈ, ਉਸ ਦਾ ਵਿਆਹ ਹੋ ਜਾਂਦਾ ਹੈ ਫਿਰ ਬੱਚੇ ਹੁੰਦੇ ਹਨ। ਬੱਚਿਆਂ ਦਾ ਪਾਲਣ-ਪੋਸਣ ਅਤੇ ਪੜ੍ਹਾਈ। ਫਿਰ ਬੱਚਿਆ ਦਾ ਵਿਆਹ ਅਤੇ ਫਿਰ ਉਹ ਬੱਚੇ ਮਾਂ-ਬਾਪ ਬਣ ਕੇ ਇਸੇ ਤਰ੍ਹਾਂ ਆਸਾਂ ਦੀ ਡੋਰੀ ਫੜ ਕੇ ਲਗਾਤਾਰ ਪੀੜ੍ਹੀ ਦਰ ਪੀੜ੍ਹੀ ਇਹ ਸਿਲਸਿਲਾ ਚਲਦਾ ਰਹਿੰਦਾ ਹੈ। ਅਸੀਂ ਸੰਸਾਰ ਵਿਚ ਵਿਚਰਦੇ ਹੋਏ ਸਭ ਤੋਂ ਵੱਧ ਇਨ੍ਹਾਂ ਰਿਸ਼ਤਿਆਂ ਦੇ ਘੇਰੇ ਵਿਚ ਰਹਿੰਦੇ ਹਾਂ। ਸਾਡੇ ਚਾਰ-ਚੁਫ਼ੇਰੇ ਇਨ੍ਹਾਂ ਰਿਸ਼ਤਿਆਂ ਦਾ ਹੀ ਤਾਣਾ-ਬਾਣਾ ਉਸਰਿਆ ਹੋਇਆ ਹੈ। ਇਨ੍ਹਾਂ ਰਿਸ਼ਤਿਆਂ ਵਿਚ ਵਿਚਰਦੇ ਹੋਏ ਕਈ ਵਾਰ ਅਸੀਂ ਹਰ ਜਾਇਜ਼-ਨਜਾਇਜ਼ ਢੰਗ ਅਪਣਾਉਂਦੇ ਹੋਏ ਸਦਾਚਾਰ ਦੀਆਂ ਧਜੀਆਂ ਵੀ ਉਡਾ ਦਿੰਦੇ ਹਾਂ। ਇਨ੍ਹਾਂ ਰਿਸ਼ਤਿਆਂ ਦੇ ਮੱਕੜ ਜਾਲ ਵਿਚ ਫਸੇ ਹੋਣ ਕਰਕੇ ਹੀ ਸਾਡੇ ਸਮਾਜ ਵਿਚ ਭ੍ਰਿਸ਼ਟਾਚਾਰ, ਬੇਈਮਾਨੀ, ਨਾ-ਬਰਾਬਰੀ, ਰਿਸ਼ਵਤ-ਖੋਰੀ ਆਦਿ ਦੇ ਦੈਂਤ ਦੜ-ਦੜਾਉਂਦੇ ਫਿਰਦੇ ਹਨ। ਅਜਿਹੇ ਰਿਸ਼ਤਿਆਂ ਨੂੰ ਅਸੀਂ ਸੰਸਾਰਿਕ ਰਿਸ਼ਤੇ ਦੇ ਸਿਰਲੇਖ ਹੇਠ ਲੈ ਰਹੇ ਹਾਂ।

ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਸੰਸਾਰਿਕ ਰਿਸ਼ਤਿਆਂ ਦਾ ਗੁਰਬਾਣੀ ਦੀਆਂ ਤੁਕਾਂ ਦੇ

ਹਵਾਲੇ ਦੇ ਕੇ ਨਿਮਨ ਲਿਖਤ ਅਨੁਸਾਰ ਸਮਝਣ ਦਾ ਯਤਨ ਕੀਤਾ ਹੈ।

## ਪਤੀ ਪਤਨੀ

ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਪਤੀ-ਪਤਨੀ ਦਾ ਰਿਸ਼ਤਾ ਸੰਸਾਰੀ ਹੈ ਉਥੇ ਅਧਿਆਤਮਕ ਤੌਰ ਤੇ ਵੀ ਅਰਥ ਭਰਪੂਰ ਹੈ। ਪਤੀ-ਪਤਨੀ ਦਾ ਜੀਵਨ ਗੱਡੀ ਦੇ ਦੋ ਪਹੀਏ ਸਮਾਨ ਹੈ। ਜੇਕਰ ਗੱਡੀ ਦਾ ਇੱਕ ਪਹੀਆ ਖਰਾਬ ਹੋ ਜਾਵੇ ਤਾਂ ਗੱਡੀ ਰੁੱਕ ਜਾਂਦੀ ਹੈ। ਉਸੇ ਤਰ੍ਹਾਂ ਪਤੀ-ਪਤਨੀ ਵਿਚੋਂ ਜੇਕਰ ਇਕ ਦੂਜੇ ਦੇ ਸਮਾਨਅੰਤਰ ਹੋ ਕੇ ਨਾ ਚੱਲਣ ਤਾਂ ਜੀਵਨ ਨੀਰਸ, ਅਤੇ ਬੋਝਲ ਬਣ ਜਾਂਦਾ ਹੈ। ਆਪਸੀ ਸਾਂਝ ਹੀ ਜੀਵਨ ਨੂੰ ਸੁਚਾਰੂ ਢੰਗ ਨਾਲ ਚਲਾਉਂਦੀ ਹੈ।

ਔਰਤ ਦਾ ਅਸਲ ਸ਼ਿੰਗਾਰ ਤਾਂ ਹੀ ਚੰਗਾ ਹੈ ਜੇ ਪਤੀ ਨੂੰ ਚੰਗਾ ਲੱਗੇ। ਘਰ ਬੈਠੀ ਔਰਤ ਵੀ ਚੰਗੀ ਤਾਂ ਲੱਗਦੀ ਹੈ, ਜੇ ਪਤੀ ਨੂੰ ਭਾਵੇ ਇਸੇ ਕਰਕੇ ਸੋਹਾਗਣ ਦਾ ਜ਼ਿਕਰ ਆਇਆ ਹੈ। ਅਸਲ ਸੋਹਾਗਣ ਉਹ ਹੈ ਜੋ ਪਤੀ ਪਿਆਰ ਵਿਚ ਰੱਤੀ ਹੋਵੇ।

ਪਤਨੀ ਨੂੰ ਆਪਣੇ ਪਤੀ ਨਾਲ ਧੁਰ ਅੰਦਰੋਂ ਪਿਆਰ ਹੋਣਾ ਚਾਹੀਦਾ ਹੈ। ਉਸ ਦਾ ਇਹ ਪਿਆਰ ਪਤੀ ਦੀ ਸੁੰਦਰਤਾ, ਆਰਥਿਕ ਹਾਲਤ ਅਤੇ ਵੱਡੇ ਖ਼ਾਨਦਾਨ ਨਾਲ ਜੁੜਿਆ ਨਹੀਂ ਹੋਣਾ ਚਾਹੀਦਾ। ਸਗੋਂ ਆਪਣਾ ਮਾਲਕ ਸਮਝ ਕੇ ਸੱਚੇ ਦਿਲੋਂ ਹੋਣ ਦੀ ਭਾਵਨਾ ਹੋਣੀ ਚਾਹੀਦੀ ਹੈ। ਅਜੋਕੇ ਯੁੱਗ ਵਿਚ ਕੁਝ ਥਾਵਾਂ ਤੇ ਪਤੀ-ਪਤਨੀ ਦਾ ਪਿਆਰ ਪਦਾਰਥਵਾਦ ਤੇ ਹੀ ਖੜਾ ਹੈ ਜੋ ਕਿ ਗੁਰਮਤਿ ਫ਼ਿਲਾਸਫ਼ੀ ਤੋਂ ਬਿਲਕੁਲ ਹੀ ਉਲਟ ਹੈ। ਗੁਰਬਾਣੀ ਵਿਚ ਅਜਿਹੀਆਂ ਦਲੀਲਾਂ ਪਤੀ-ਪਤਨੀ ਦੇ ਪਿਆਰ ਦੇ ਸੰਬੰਧ ਵਿਚ ਦਿੱਤੀਆਂ ਗਈਆ ਹਨ ਜਿਵੇਂ ਪਪੀਹੇ ਦੀ ਸਵਾਂਤੀ ਬੂੰਦ ਨਾਲ। ਇਸ ਤਰ੍ਹਾਂ ਸੰਸਾਰ ਵਿਚ ਅਮੀਰ ਅਤੇ ਸੁੰਦਰ ਲੋਕਾਂ ਦਾ ਕੋਈ ਘਾਟਾ ਨਹੀਂ ਪਰ ਜਿਸ ਇਸਤਰੀ ਨੂੰ ਉਸ ਦੇ ਮਾਤਾ-ਪਿਤਾ ਵਲੋਂ ਉਸ ਦੇ ਲਈ ਮਾਲਕ ਪਤੀ ਲੱਭ ਕੇ ਅਪਣਾਇਆ ਗਿਆ ਹੋਵੇ, ਉਸ ਦੇ ਨਾਲ ਸੱਚਾ ਪਿਆਰ ਹੋਣਾ ਚਾਹੀਦਾ ਹੈ। ਉਹ ਭਾਵੇਂ ਸੁੰਦਰ ਹੋਵੇ ਜਾਂ ਨਾ,

ਉਹ ਭਾਵੇਂ ਬਹੁਤਾ ਅਮੀਰ ਹੋਵੇ ਜਾਂ ਗਰੀਬ, ਉਹ ਭਾਵੇਂ ਉੱਚੇ ਖਾਨਦਾਨ ਦਾ ਹੋਵੇ ਜਾਂ ਨਾ, ਇਸ ਦੇ ਨਾਲ ਵਾਸਤਾ ਨਹੀਂ ਹੋਣਾ ਚਾਹੀਦਾ। ਉਸ ਨੂੰ ਆਪਣੇ ਪਤੀ ਤੇ ਮਾਣ ਹੋਣਾ ਚਾਹੀਦਾ ਹੈ। ਹੋਰ (ਪਰਾਏ ਆਦਮੀ ਜਾਂ ਮਰਦ) ਨੂੰ ਆਪਣੇ ਪਤੀ ਦੇ ਬਰਾਬਰ ਦਰਜਾ ਨਾ ਦੇਣਾ ਇਹੀ ਇਕ ਔਰਤ ਦਾ ਆਪਣੇ ਪਤੀ ਨਾਲ ਸੱਚਾ ਪਿਆਰ ਹੈ। ਪਤੀ ਦੀ ਪੱਤ, ਇੱਜ਼ਤ, ਪਤੀ ਦਾ ਮਾਣ ਔਰਤ ਦੇ ਹੱਥ ਵਿਚ ਹੈ।

ਆਮ ਤੌਰ 'ਤੇ ਆਉਂਦਾ ਹੈ ਕਿ ਪਤੀ ਦੀ ਮੌਤ ਤੋਂ ਬਾਅਦ ਪਤਨੀ ਨੂੰ ਜਿਉਂਦੇ ਜੀਅ ਅੱਗ ਵਿਚ ਸਤੀ ਹੋਣਾ ਪੈਂਦਾ ਸੀ। ਸਤੀ ਹੋਣਾ ਪਤਨੀ ਦਾ ਅਸਲ ਪਿਆਰ ਮੰਨਿਆ ਜਾਂਦਾ ਸੀ। ਗੁਰਬਾਣੀ ਅਨੁਸਾਰ ਇਹ ਸਭ ਕੁਝ ਮਨਮੱਤ ਹੈ। ਗੁਰੂ ਅਮਰਦਾਸ ਜੀ ਨੇ ਪਤੀ ਦੀ ਮੌਤ ਤੋਂ ਬਾਅਦ ਪਤਨੀ ਨੂੰ ਸਤੀ ਹੋਣ ਤੋਂ ਹੀ ਨਹੀਂ ਵਰਜਿਆ ਸਗੋਂ ਸੀਲ ਅਤੇ ਸੰਤੋਖ ਵਿਚ ਰਹਿ ਕੇ ਜੀਵਨ ਬਿਤਾਉਣ ਦੀ ਪ੍ਰੇਰਨਾ ਦਿੱਤੀ। ਚੰਗੀ ਪਤਨੀ ਅਜਿਹੇ ਮੰਦੇ ਕਰਮ ਨਹੀਂ ਕਰਦੀ। ਪ੍ਰਭੂ ਭਾਣੇ ਵਿਚ ਰਹਿੰਦੀ ਹੈ:

> ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥
> ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥
> ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ॥
> ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ॥ [157]

ਉਪਰੋਕਤ ਸਾਰੀਆਂ ਹੀ ਗੱਲਾਂ ਅਤੇ ਨੁਕਤੇ ਪਤੀ ਲਈ ਵੀ ਅਪਣਾਉਣੇ ਲਾਜ਼ਮੀ ਹਨ। ਪਤੀ ਆਪਣੀ ਪਤਨੀ ਨੂੰ ਖੁਸ਼ ਕਰਨ ਲਈ ਉਸ ਦੀ ਹਰ ਯੋਗ ਅਤੇ ਅਯੋਗ ਇੱਛਾ ਅਨੇਕਾਂ ਦੁੱਖਾਂ ਨੂੰ ਸਹਿ ਕੇ ਵੀ ਪੂਰਾ ਕਰਦਾ ਹੈ। ਇਹੋ ਪਤੀ ਦੇ ਸੱਚੇ ਪਿਆਰ ਦਾ ਲੱਛਣ ਹੈ:

> ਧਨ ਮਾਗੈ ਪ੍ਰਿਉ ਬਹੁ ਬਿਧਿ ਧਾਵੈ॥
> ਜੋ ਪਾਵੈ ਸੋ ਆਨਿ ਦਿਖਾਵੈ॥ [158]

---

157. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 787.
158. *ਉਹੀ*, ਪੰਨਾ 1●72.

ਐਸੇ ਪਤੀ-ਪਤਨੀ ਦੇ ਮਿਲਾਪ ਤੇ ਗੁਰਬਾਣੀ ਵਿਚ ਖ਼ੁਸ਼ੀ ਦੇ ਗੀਤ ਗਾਏ ਗਏ ਹਨ:

ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ॥
ਮਿਲਿ ਵਰੁ ਨਾਰੀ ਮੰਗਲੁ ਗਾਇਆ॥ [159]

ਜੇ ਪਤੀ ਗਿਆਨ ਹੈ ਤਾਂ ਪਤਨੀ ਸ਼ਰਧਾ ਦਾ ਨਾਮ ਹੈ। ਜਿਸ ਰਿਸ਼ਤੇ ਵਿਚ ਗਿਆਨ ਅਤੇ ਸ਼ਰਧਾ ਹੋਵੇ ਉਹ ਹੀ ਸੱਚਾ ਅਤੇ ਸੰਪੂਰਨ ਰਿਸ਼ਤਾ ਹੈ। ਇਸ ਸੰਬੰਧੀ ਵਿਚ ਗੁਰਬਾਣੀ ਵਿਚੋਂ ਕੁਝ ਹਵਾਲੇ ਹੇਠ ਲਿਖੇ ਅਨੁਸਾਰ ਪ੍ਰਾਪਤ ਹੁੰਦੇ ਹਨ:

(i) ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ॥
ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ॥ [160]

(ii) ਜੋ ਪਿਰੁ ਕਰੈ ਸੁ ਧਨ ਤਤੁ ਮਾਨੈ॥ [161]

ਗੁਰੂ ਸਾਹਿਬ ਬਾਣੀ ਵਿਚ ਪਤੀ-ਪਤਨੀ ਦੇ ਉਸ ਰਿਸ਼ਤੇ ਨੂੰ ਪ੍ਰਵਾਨ ਕਰਦੇ ਹਨ, ਜਿਸ ਵਿਚ ਪਤੀ ਅਤੇ ਪਤਨੀ ਆਪਣੇ ਬਣਦੇ ਫਰਜ਼ਾਂ ਨੂੰ ਪੂਰਾ ਕਰਨ ਦੀ ਸੋਝੀ ਰੱਖਦੇ ਹਨ। ਪਤੀ-ਪਤਨੀ ਦੇ ਰਿਸ਼ਤੇ ਨੂੰ ਸਮਝਾਉਂਦੇ ਹੋਏ ਭਾਵੇਂ ਗੁਰੂ ਸਾਹਿਬ ਅਧਿਆਤਮਕ ਪੱਖ ਦੇ ਨਾਲ-ਨਾਲ ਸੰਸਾਰਿਕ ਪੱਖ ਦੀ ਵੀ ਗੱਲ ਕਰਦੇ ਹਨ। ਜਿਹੜੀ ਜੀਵ ਇਸਤਰੀ ਆਪਣੇ ਸ਼ੁੱਭ ਗੁਣਾਂ ਕਰਕੇ ਪ੍ਰਭੂ-ਪਤੀ ਨੂੰ ਪ੍ਰਸੰਨ ਕਰਨ ਵਿਚ ਸਫਲ ਹੋ ਜਾਂਦੀ ਹੈ, ਉਹ ਪਤੀ ਪਰਮਾਤਮਾ ਦੀ ਪ੍ਰਸੰਨਤਾ ਹਾਸਲ ਕਰਕੇ ਆਤਮਿਕ ਸੁੱਖਾਂ ਨੂੰ ਮਾਣਦੀ ਹੈ:

ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ॥
ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਇ॥ [162]

ਅਜਿਹੀ ਪਤਨੀ ਸ਼ੁਭ ਗੁਣਾਂ ਵਾਲੀ ਸੁਹਾਗਣ ਹੈ, ਜਿਸ ਦਾ ਪਤੀਬ੍ਰਤਾ ਧਰਮ ਵਿਚ

---

159. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 242.
160. *ਉਹੀ*, ਪੰਨਾ 594.
161. *ਉਹੀ*, ਪੰਨਾ 1072.
162. *ਉਹੀ*, ਪੰਨਾ 557.

ਵਿਸ਼ਵਾਸ ਹੋਵੇ ਭਾਵ ਆਪਣੇ ਪਤੀ ਨੂੰ ਪਰਮੇਸਰ ਜਾਣਦੀ ਹੋਈ, ਉਸ ਦੀ ਸੇਵਾ ਕਰਦੀ ਹੈ। ਆਪਣੇ ਪਤੀ ਦੇ ਪਿਆਰ ਦੀ ਪ੍ਰਾਪਤੀ ਨਾਲ ਉਸ ਦੇ ਜੀਵਨ ਦੀ ਮੰਜ਼ਿਲ ਸੁਖਾਵੀਂ ਹੋ ਨਿਬੜਦੀ ਹੈ। ਗੁਰੂ ਫ਼ਰਮਾਨ ਹੈ:

(i) ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ।।[163]

(ii) ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ।।[164]

ਇਹੋ ਜਿਹੇ ਸ਼ੁੱਭ ਖਿਆਲਾਂ ਦੀ ਮਾਲਕ ਇਸਤਰੀ ਆਪਣੇ ਪਤੀ ਵਲੋਂ ਮਿਲੇ ਪਿਆਰ ਕਰਕੇ ਸੁੱਖ ਮਾਣਦੀ ਹੈ। ਪਤੀ ਦੀ ਪਿਆਰੀ, ਸ਼ੁੱਭ ਗੁਣਾਂ ਦੀ ਮਾਲਕ ਅਜਿਹੀ ਇਸਤਰੀ ਬਾਰੇ ਗੁਰੂ ਸਾਹਿਬ ਕਈ ਸਤਿਕਾਰਤ ਅਤੇ ਵਡਮੁੱਲੇ ਸ਼ਬਦਾਂ ਜਿਵੇਂ ਸੋਭਾਵੰਤੀ, ਸੋਹਾਗਣ, ਗੁਣਵੰਤੀ ਆਦਿ ਦਾ ਪ੍ਰਯੋਗ ਬਾਣੀ ਵਿਚ ਕਰਦੇ ਹਨ, ਜਿਵੇਂ:

ਸਦਾ ਰਵੈ ਪਿਰੁ ਆਪਣਾ ਸੋਭਾਵੰਤੀ ਨਾਰਿ।।[165]

ਸੁਹਾਗਣ ਇਸਤ੍ਰੀ ਸੋਨਾ, ਚਾਂਦੀ ਆਦਿ ਸੰਸਾਰਿਕ ਗਹਿਣਿਆਂ ਨਾਲ ਪਿਆਰ ਨਹੀਂ ਕਰਦੀ ਸਗੋਂ ਇਨ੍ਹਾਂ ਪਦਾਰਥਾਂ ਤੋਂ ਉਪਰਾਮ ਹੋ ਕੇ ਸੁੱਖ ਦੇਣ ਵਾਲੇ ਪਤੀ ਦੀ ਸੇਵਾ ਹੀ ਕਰਦੀ ਹੈ ਭਾਵੇਂ ਪਤੀ ਬਹੁਤ ਕੀਮਤੀ ਕੱਪੜੇ ਗਹਿਣੇ ਆਦਿ ਲਿਆ ਕੇ ਦਿੰਦਾ ਹੈ ਪਰ ਸਮਝਦਾਰ ਇਸਤਰੀ ਇਨ੍ਹਾਂ ਤਮਾਮ ਅਜਿਹੀਆਂ ਵਸਤੂਆਂ ਨੂੰ ਆਪਣੀ ਖਿੱਚ ਦਾ ਕੇਂਦਰ ਨਹੀਂ ਬਣਾਉਂਦੀ, ਜਿਨ੍ਹਾਂ ਕਰਕੇ ਪਤੀ ਪਿਆਰ ਵਿਚ ਰੁਕਾਵਟ ਆਉਂਦੀ ਹੋਵੇ। ਉਸ ਲਈ ਅਜਿਹੀਆਂ ਵਸਤਾਂ ਕਿਸੇ ਕੰਮ ਨਹੀਂ। ਉਹ ਇਨ੍ਹਾਂ ਸਾਰੀਆਂ ਦੁਨਿਆਵੀ ਚੀਜ਼ਾਂ ਨੂੰ ਤਿਆਗ ਕੇ ਪਤੀ ਪਿਆਰ ਦੀ ਪ੍ਰਾਪਤੀ ਨੂੰ ਹੀ ਆਪਣੇ ਜੀਵਨ ਦਾ ਮਨੋਰਥ ਬਣਾ ਲੈਂਦੀ ਹੈ। ਇਸ ਤਰ੍ਹਾਂ ਪਤੀ-ਪਿਆਰ ਵਿਚ ਰੱਤੀ ਇਸਤਰੀ ਦੀ

---

163. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 722.

164. *ਉਹੀ*, ਪੰਨਾ 19.

165. *ਉਹੀ*, ਪੰਨਾ 95●.

ਦਸ਼ਾ ਦਾ ਵਰਣਨ ਕਰਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ:

ਪਰਹਰਿ ਕਪੜੁ ਜੇ ਪਿਰ ਮਿਲੈ ਖੁਸੀ ਰਾਵੈ ਪਿਰੁ ਸੰਗਿ॥ [166]

ਪਤੀ ਰੂਪੀ ਪਰਮਾਤਮਾ ਐਸੀ ਸੁਚੱਜੀ ਇਸਤਰੀ ਨੂੰ ਆਪਣੇ ਨਾਲ (ਭਾਵ ਆਤਮ ਸਰੂਪ ਨਿਜ ਘਰ ਵਿਚ) ਮੇਲ ਲੈਂਦਾ ਹੈ ਅਤੇ ਉਸ ਨੂੰ ਆਪਣੇ ਨਾਮ ਰੂਪੀ ਗਹਿਣੇ ਨਾਲ ਸ਼ਿੰਗਾਰ ਦਿੰਦਾ ਹੈ। ਸ਼ੁਭ ਗੁਣਾਂ ਨਾਲ ਭਰਪੂਰ ਇਸਤਰੀ ਬਾਰੇ ਗੁਰੂ ਸਾਹਿਬ ਕਹਿੰਦੇ ਹਨ:

ਨਾਨਕ ਸਾ ਧਨ ਮੇਲਿ ਲਈ ਪਿਰਿ ਆਪੇ ਸਾਚੈ ਸਾਹਿ ਸਵਾਰੀ॥ [167]

ਗੁਰੂ ਸਾਹਿਬ ਪਤੀ-ਪਤਨੀ ਦੇ ਰਿਸ਼ਤੇ ਦੀ ਗੂੜਤਾ ਨੂੰ ਸਪੱਸ਼ਟ ਕਰਦੇ ਹੋਏ ਫੁਰਮਾਉਂਦੇ ਹਨ ਕਿ ਪਤੀ-ਪਤਨੀ ਉਸ ਨੂੰ ਨਹੀਂ ਕਿਹਾ ਜਾਂਦਾ ਜੋ ਮਕਾਨ ਦੀ ਇਕ ਛੱਤ ਹੇਠਾਂ ਇਕੱਠੇ ਰਹਿੰਦੇ ਹੋਣ ਅਤੇ ਦੋਨਾਂ ਦੇ ਵਿਚਾਰ ਇਕ ਨਹੀਂ ਹੋਏ।

ਪ੍ਰੰਤੂ ਜੇ ਦੋਨਾਂ ਦੇ ਵਿਚਾਰ ਇਕ ਹੋ ਜਾਣ ਅਤੇ ਆਪਸੀ ਪ੍ਰੇਮ ਹੋ ਜਾਵੇ ਅਤੇ ਇਕ ਦੂਜੇ ਤੋਂ ਕੁਰਬਾਨ ਹੋ ਜਾਣ ਦੀ ਭਾਵਨਾ ਪੈਦਾ ਹੋ ਜਾਵੇ, ਇਕ ਜੋਤ ਕਰਕੇ ਸੰਸਾਰ ਵਿਚ ਵਿਚਰਣ, ਉਨ੍ਹਾਂ ਨੂੰ ਗੁਰਬਾਣੀ ਨੇ ਪਤੀ-ਪਤਨੀ ਮੰਨਿਆ ਹੈ ਭਾਵੇਂ ਉਹ ਸਥਾਨਕ ਦੂਰੀ ਕਰਕੇ ਵੱਖੋ ਵੱਖਰੇ ਵੀ ਰਹਿ ਰਹੇ ਹੋਣ:

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥ [168]

ਜਿਸ ਇਸਤਰੀ ਦੇ ਪੱਲੇ ਗੁਣ ਹੋਣ, ਉਹ ਜੀਵ ਇਸਤਰੀ ਆਪਣੇ ਪ੍ਰਭੂ-ਪਤੀ ਨੂੰ ਖੁਸ਼ ਕਰਨ ਵਿਚ ਸਫਲ ਹੋ ਜਾਂਦੀ ਹੈ, ਉਸੇ ਨੂੰ ਆਤਮਿਕ ਸੁੱਖ ਮਿਲਦਾ ਹੈ, ਅਜਿਹੇ ਪਤੀ-ਪਤਨੀ ਦੇ ਆਦਰਸ਼ਕ ਰੂਪ ਨੂੰ ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਜਿਥੇ ਚਿਤਰਿਆ ਅਤੇ ਪ੍ਰਵਾਨ ਵੀ ਕੀਤਾ

166. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 642.
167. *ਉਹੀ*, ਪੰਨਾ 567.
168. *ਉਹੀ*, ਪੰਨਾ 788.

ਹੈ, ਉਥੇ ਉਹ ਪਤਨੀ ਜਿਹੜੀ ਮੋਹ ਮਾਇਆ ਦੇ ਲਾਲਚ ਵਿਚ ਆਪਣੇ ਪ੍ਰਭੂ-ਪਤੀ ਨੂੰ ਭੁੱਲ ਕੇ ਕੁਰਸਤੇ ਪੈ ਜਾਂਦੀ ਹੈ ਅਤੇ ਆਪਣੇ ਜੀਵਨ ਦੇ ਅਸਲ ਮਨੋਰਥ ਨੂੰ ਭੁੱਲ ਜਾਂਦੀ ਹੈ। ਐਸੀ ਜੀਵ ਇਸਤਰੀ ਪ੍ਰਭੂ-ਪਤੀ ਦੀ ਦਰਗਾਹ ਵਿਚ ਪ੍ਰਵਾਨ ਨਹੀਂ ਹੁੰਦੀ, ਅਤੇ ਉਸ ਦਾ ਕੀਤਾ ਹੋਇਆ ਸ਼ਿੰਗਾਰ ਵੀ ਕਿਸੇ ਅਰਥ ਦਾ ਨਹੀਂ ਹੁੰਦਾ, ਉਸ ਨੂੰ ਦੁਹਾਗਣ ਦਾ ਦਰਜਾ ਦਿੱਤਾ ਗਿਆ ਹੈ:

ਦੋਹਾਗਣੀ ਪਿਰ ਕੀ ਸਾਰ ਨ ਜਾਣਹੀ ਕਿਆ ਕਰਿ ਕਰਹਿ ਸੀਗਾਰੁ॥ [169]

ਕਿਸੇ ਵੀ ਜੀਵ ਇਸਤਰੀ ਦਾ ਕੀਤਾ ਹੋਇਆ ਸ਼ਿੰਗਾਰ ਤਦ ਹੀ ਸਫਲ ਹੋ ਸਕਦਾ ਹੈ ਜੇ ਉਹ ਉੱਚ ਆਚਰਣ ਅਤੇ ਸ਼ੁਭ ਗੁਣਾਂ ਰਾਹੀਂ ਆਪਣੇ ਮਾਲਕ ਪ੍ਰਭੂ ਪਤੀ ਦੇ ਪਿਆਰ ਦੇ ਅਧਿਕਾਰ ਦੀ ਪਾਤਰ ਬਣੇ:

(i) ਕਾਮਣਿ ਤਉ ਸੀਗਾਰੁ ਕਰਿ ਜਾ ਪਹਿਲਾਂ ਕੰਤੁ ਮਨਾਇ॥
ਮਤੁ ਸੇਜੈ ਕੰਤੁ ਨ ਆਵਈ ਏਵੈ ਬਿਰਥਾ ਜਾਇ॥
ਕਾਮਣਿ ਪਿਰ ਮਨੁ ਮਾਨਿਆ ਤਉ ਬਣਿਆ ਸੀਗਾਰੁ॥
ਕੀਆ ਤਉ ਪਰਵਾਣੁ ਹੈ ਜਾ ਸਹੁ ਧਰੇ ਪਿਆਰੁ॥ [17●]

(ii) ਪਿਰ ਬਿਨੁ ਕਿਆ ਤਿਸੁ ਧਨ ਸੀਗਾਰਾ॥
ਪਰ ਪਿਰ ਰਾਤੀ ਖਸਮੁ ਵਿਸਾਰਾ॥ [171]

ਜਿਸ ਨੂੰ ਅਜੇ ਪਤੀ ਦਾ ਮਿਲਾਪ ਨਹੀਂ ਹੋਇਆ, ਪਤੀ ਦੇ ਹੁਕਮ ਵਿਚ ਨਾ ਰਹਿਣ ਵਾਲੀ ਇਸਤਰੀ ਨੂੰ ਗੁਰਬਾਣੀ ਖੋਟੇ ਲੱਛਣਾਂ ਵਾਲੀ ਅਤੇ ਬੁਰੇ ਕਰਮਾਂ ਵਾਲੀ ਮੰਨਦੇ ਹਨ। ਜਿਵੇਂ:

(i) ਪਿਰ ਕਾ ਹੁਕਮੁ ਨ ਜਾਣਈ ਭਾਈ ਸਾ ਕੁਲਖਣੀ ਕੁਨਾਰਿ॥ [172]

(ii) ਅਵਗਣਵੰਤੀ ਪਿਰੁ ਨ ਜਾਣਈ ਮੁਠੀ ਰੋਵੈ ਕੰਤ ਵਿਸਾਰਿ॥ [173]

---

169. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 43●.
170. *ਉਹੀ*, ਪੰਨਾ 788.
171. *ਉਹੀ*, ਪੰਨਾ 1●29.
172. *ਉਹੀ*, ਪੰਨਾ 639.
173. *ਉਹੀ*, ਪੰਨਾ 583.

(iii) ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ॥ [174]

ਜਿਹੜੀ ਇਸਤਰੀ ਆਪਣੇ ਮਾਲਕ ਨੂੰ ਛੱਡ ਕੇ ਪਰਾਏ ਪੁਰਖ ਦੇ ਪਿਆਰ ਵਿਚ ਰੰਗੀ ਹੋਵੇ, ਅਜਿਹੀ ਇਸਤਰੀ ਦਾ ਕੀਤਾ ਹੋਇਆ ਸ਼ਿੰਗਾਰ ਤੇ ਸਰੀਰ ਦੀ ਸੁੰਦਰਤਾ ਕਿਸੇ ਅਰਥ ਨਹੀਂ। ਗੁਰੂ ਸਾਹਿਬ ਨੇ ਗੁਰਬਾਣੀ ਵਿਚ ਐਸੀ ਇਸਤਰੀ ਨੂੰ ਲਾਹਨਤਾਂ ਪਾਉਂਦੇ ਹੋਏ ਪਤਿਤ, ਮਨ ਦੀ ਮੈਲੀ, ਵਿਕਾਰਾਂ ਵਿਚ ਲਿਬੜੀ ਹੋਈ, ਕੁਨਾਰ, ਨਾਰ ਅਖਵਾਉਣ ਦੀ ਯੋਗਤਾ ਗਵਾ ਬੈਠੀ ਸੰਬੋਧਨ ਕਰਦੇ ਹਨ, ਜਿਵੇਂ:

ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ॥
ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ॥ [175]

ਇਸ ਸਾਰੀ ਵਿਚਾਰ ਦਾ ਭਾਵ ਹੈ ਕਿ ਜਦ ਜੀਵ ਇਸਤਰੀ ਦਾਤਾਂ ਦੇਣ ਵਾਲੇ (ਪ੍ਰਭੂ) ਦਾਤੇ ਨੂੰ ਭੁਲਾ ਕੇ ਸੰਸਾਰਿਕ ਪਦਾਰਥਾਂ ਦੇ ਮੋਹ ਵਿਚ ਫਸ ਜਾਂਦੀ ਹੈ, ਇਸ ਦ੍ਵੈਤ ਭਾਵ ਵਿਚ ਫਸੀ ਜੀਵ ਇਸਤਰੀ ਪ੍ਰਭੂ ਦੀ ਪ੍ਰਾਪਤੀ ਤੇ ਉਸ ਦੇ ਪ੍ਰੇਮ ਤੋਂ ਸੱਖਣੀ ਰਹਿੰਦੀ ਹੈ, ਜਿਵੇਂ:

ਕੂੜਿ ਵਿਗੁਤੀ ਤਾ ਪਿਰਿ ਮੁਤੀ ਸਾ ਧਨ ਮਹਲੁ ਨ ਪਾਈ॥ [176]

## ਮਾਤਾ-ਪਿਤਾ

ਮਾਤਾ-ਪਿਤਾ ਦਾ ਰਿਸ਼ਤਾ ਬਾਕੀ ਰਿਸ਼ਤਿਆਂ ਦੀ ਤਰ੍ਹਾਂ ਪੂਜਨੀਕ ਹੈ। ਮਾਤਾ-ਪਿਤਾ ਸਨੇਹ, ਸਮਝ ਸੰਸਕਾਰ, ਤਾਜ਼ਗੀ ਅਤੇ ਆਨੰਦ ਦਾ ਸੋਮਾ ਹੁੰਦੇ ਹਨ। ਮਾਤਾ-ਪਿਤਾ ਦਾ ਰਿਸ਼ਤਾ ਪਿਆਰ ਭਰਿਆ ਅਤੇ ਗੂੜਾ ਹੈ। ਮਾਤਾ-ਪਿਤਾ ਦਾ ਮੁੱਢਲਾ ਕਾਰਜ ਸੰਸਾਰ ਵਿਚ ਔਲਾਦ ਦੀ ਪੈਦਾਇਸ਼ ਹੈ। ਮਾਂ ਦਾ ਰੁਤਬਾ ਹੀ ਔਲਾਦ ਦੀ ਹੋਂਦ ਨਾਲ ਹੈ, ਜਿਸ ਤਰ੍ਹਾਂ ਮਾਤਾ-ਪਿਤਾ ਆਪਣੇ ਬੱਚੇ ਨੂੰ ਖੁਸ਼ ਰੱਖਣ ਲਈ ਉਸ ਦਾ ਮਨ ਪਰਚਾਵਾ ਕਰਦੇ ਹਨ, ਉਸ ਨੂੰ ਕਈ ਤਰ੍ਹਾਂ-ਤਰ੍ਹਾਂ ਦੀਆਂ ਖੇਡਾਂ

---

174. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 19.
175. *ਉਹੀ*, ਪੰਨਾ 89.
176. *ਉਹੀ*, ਪੰਨਾ 244.

ਖਿਡਾਉਂਦੇ ਹਨ, ਉਸੇ ਤਰ੍ਹਾਂ ਪ੍ਰਭੂ ਆਪਣੇ ਸੇਵਕਾਂ ਦੀਆਂ ਭਾਵਨਾਵਾਂ ਪੂਰੀਆਂ ਕਰਕੇ ਉਨ੍ਹਾਂ ਨੂੰ ਅਨੰਦ ਅਤੇ ਖੇੜਾ ਬਖਸਿਸ਼ ਕਰਦਾ ਹੈ। ਹਰ ਸਮੇਂ ਪ੍ਰਭੂ ਆਪਣੇ ਸੇਵਕਾਂ ਦੀ ਸਹਾਇਤਾ ਕਰਦਾ ਹੈ।

ਮਾਤਾ-ਪਿਤਾ ਦਾ ਮੋਹ ਆਪਣੇ ਬੱਚਿਆਂ (ਔਲਾਦ) ਨਾਲ ਜੁੜਿਆ ਹੁੰਦਾ ਹੈ। ਇਹ ਮੋਹ ਸੰਸਾਰੀ ਮਾਇਆ ਦਾ ਹੀ ਹੈ। ਦਰਅਸਲ ਇਹ ਮੋਹ ਆਪਣੇ ਸੁੱਖਾਂ ਨਾਲ ਹੀ ਜੁੜਿਆ ਹੁੰਦਾ ਹੈ। ਮਾਤਾ-ਪਿਤਾ ਬੱਚੇ ਦੀ ਪਰਿਵਰਸ਼ ਦੇ ਨਾਲ-ਨਾਲ ਉਸ ਦੇ ਹਰ ਦੁੱਖ-ਸੁੱਖ ਵਿਚ ਸ਼ਰੀਕ ਹੁੰਦੇ ਹਨ। ਬੱਚੇ ਨੂੰ ਪਾਲਦੇ ਹਨ, ਪੜ੍ਹਾਉਂਦੇ ਹਨ ਕਿਉਂਕਿ ਮਾਤਾ-ਪਿਤਾ ਨੂੰ ਆਸ ਹੁੰਦੀ ਹੈ, ਕਿ ਸਾਡਾ ਬੱਚਾ ਵੱਡਾ ਹੋ ਕੇ ਸਾਡੀ ਸੇਵਾ, ਕਮਾਈ ਕਰਨ ਦੇ ਨਾਲ-ਨਾਲ ਸਾਡੇ ਬੁਢੇਪੇ ਦੀ ਡੰਗੋਰੀ ਬਣੇਗਾ ਜਿਵੇਂ:

(i) ਮਾਇਆ ਮੋਹੁ ਸਭੁ ਬਰਲੁ ਹੈ ਦੂਜੈ ਭਾਇ ਖੁਆਈ ਰਾਮ।।
ਮਾਤਾ ਪਿਤਾ ਸਭੁ ਹੇਤੁ ਹੈ ਹੇਤੇ ਪਲਚਾਈ ਰਾਮ।। [177]

(ii) ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਮਨੁ ਲਾਗਾ ਦੂਜੈ ਭਾਇ।।
ਮੇਰਾ ਮੇਰਾ ਕਰਿ ਪਾਲੀਐ ਵਣਜਾਰਿਆ ਮਿਤ੍ਰਾ ਲੇ ਮਾਤ ਪਿਤਾ ਗਲਿ ਲਾਇ।।
ਲਾਵੈ ਮਾਤਾ ਪਿਤਾ ਸਦਾ ਗਲ ਸੇਤੀ ਮਨਿ ਜਾਣੈ ਖਟਿ ਖਵਾਏ।।
ਜੋ ਦੇਵੈ ਤਿਸੈ ਨ ਜਾਣੈ ਮੂੜਾ ਦਿਤੇ ਨੋ ਲਪਟਾਏ।। [178]

## ਮਾਤਾ-ਪਿਤਾ ਮਨੁੱਖਾ ਜਨਮ ਦਾ ਧੁਰਾ

ਸ੍ਰਿਸ਼ਟੀ ਦਾ ਵਿਧਾਨ ਹੈ ਕਿ ਮਨੁੱਖ ਦਾ ਜਨਮ ਨਰ ਅਤੇ ਮਾਦਾ ਦਾ ਸੰਯੋਗ ਹੈ। ਸਾਧੂ ਦੀ ਸ਼ਮੂਲੀਅਤ ਤੋਂ ਬਿਨਾਂ ਦਰਬਾਰ (ਭਾਵ ਸਾਧ ਸੰਗਤ) ਨਹੀਂ ਹੋ ਸਕਦੀ। ਘੋੜੇ ਤੋਂ ਬਿਨ੍ਹਾਂ ਅਸਵਾਰੀ ਨਹੀਂ ਹੋ ਸਕਦੀ। ਘੋੜੇ ਤੋਂ ਬਿਨਾਂ ਅਸਵਾਰ ਨਹੀਂ ਬਣਿਆ ਜਾ ਸਕਦਾ। ਸਾਬਣ ਅਤੇ ਪਾਣੀ ਤੋਂ ਬਿਨਾਂ ਕੱਪੜੇ ਨੂੰ ਸਵੱਛ ਨਹੀਂ ਕੀਤਾ ਜਾ ਸਕਦਾ। ਉਸੇ ਤਰ੍ਹਾਂ ਮਾਤਾ-ਪਿਤਾ ਦੇ ਸੰਜੋਗ ਤੋਂ ਬਿਨਾਂ ਬੱਚਾ ਪੈਦਾ ਨਹੀਂ ਹੋ ਸਕਦਾ। ਸੋ ਜਿਤਨੇ ਵੀ ਸੰਸਾਰ ਵਿਚ ਸਾਧੂ, ਸੰਤ, ਫਕੀਰ, ਰਾਜੇ ਅਮੀਰ ਹੋਏ

---

177 . *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 571.
178 . *ਉਹੀ*, ਪੰਨਾ 76.

ਹਨ, ਸਭਨਾਂ ਦਾ ਮੂਲ ਮਾਤਾ-ਪਿਤਾ ਹਨ। ਗੁਰਬਾਣੀ ਇਨ੍ਹਾਂ ਵਿਚਾਰਾਂ ਦੀ ਸਾਖੀ ਭਰਦੀ ਹੈ:

(i) ਧੰਨੁ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ॥ [179]

(ii) ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ॥ [180]

ਮਨੁੱਖ ਦਾ ਜਨਮ ਮਾਂ ਦੇ ਖ਼ੂਨ ਅਤੇ ਪਿਤਾ ਦੀ ਬਿੰਦ (ਵੀਰਜ) ਦੀ ਪੈਦਾਇਸ਼ ਹੈ। ਇਸ ਤੱਥ ਨੂੰ ਸਮਝਾਉਣ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਅਨੇਕਾਂ ਪ੍ਰਮਾਣ ਲਏ ਜਾ ਸਕਦੇ ਹਨ, ਜਿਵੇਂ:

(i) ਮਾਤਾ ਪਿਤਾ ਸੰਜੋਗਿ ਉਪਾਏ ਰਕਤੁ ਬਿੰਦੁ ਮਿਲਿ ਪਿੰਡੁ ਕਰੇ॥ [181]

(ii) ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ॥ [182]

ਮਾਤਾ ਤੇ ਪਿਤਾ ਦੇ ਸਰੀਰ ਦੇ ਮੇਲ ਤੋਂ ਸਾਡਾ ਇਹ ਸਰੀਰ ਬਣਿਆ। ਕਰਤਾ ਪੁਰਖ ਨੇ ਪਿਤਾ ਦੀ ਬਿੰਦ ਅਤੇ ਮਾਤਾ ਦੇ ਖ਼ੂਨ ਦਾ ਮੰਥਨ ਕਰਕੇ ਇਹ ਸੋਹਣੀ ਸੂਰਤ ਵਾਲੀ ਮੂਰਤ ਤਿਆਰ ਕਰ ਦਿੱਤੀ:

ਮਾਇ ਨ ਹੋਤੀ ਬਾਪੁ ਨ ਹੋਤਾ ਕਰਮੁ ਨ ਹੋਤੀ ਕਾਇਆ॥
ਹਮ ਨਹੀ ਹੋਤੇ ਤੁਮ ਨਹੀ ਹੋਤੇ ਕਵਨੁ ਕਹਾਂ ਤੇ ਆਇਆ॥ [183]

ਮਾਤਾ-ਪਿਤਾ ਦਾ ਮੁੱਖ ਕਾਰਜ ਕੇਵਲ ਔਲਾਦ ਨੂੰ ਪੈਦਾ ਕਰਨਾ ਹੀ ਨਹੀਂ ਬਲਕਿ ਉਸ ਦੀ ਪਰਵਰਿਸ਼ ਕਰਨਾ ਵੀ ਹੈ। ਔਲਾਦ ਤੋਂ ਬਿਨ੍ਹਾਂ ਕਦੇ ਮਾਤਾ-ਪਿਤਾ ਨਹੀਂ ਆਖੇ ਜਾ ਸਕਦੇ ਜਿਵੇਂ ਪ੍ਰਭੂ ਔਲਾਦ ਨੂੰ ਪੈਦਾ ਕਰਕੇ ਉਸ ਦੇ ਰਿਜ਼ਕ ਦੀ ਪਹਿਲੇ ਨੌਂ ਮਹੀਨੇ ਪਰਵਰਿਸ਼ ਕਰਦਾ ਹੈ। ਉਸੇ

---

179. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1135.
180. *ਉਹੀ*, ਪੰਨਾ 32.
181. *ਉਹੀ*, ਪੰਨਾ 1013.
182. *ਉਹੀ*, ਪੰਨਾ 872.
183. *ਉਹੀ*, ਪੰਨਾ 973.

ਤਰ੍ਹਾਂ ਦੁਨਿਆਵੀ ਮਾਤਾ-ਪਿਤਾ ਵੀ ਬੱਚੇ ਦੀ ਵਿੱਦਿਆ ਅਤੇ ਰਿਜ਼ਕ ਵਾਸਤੇ ਯੋਗ ਅਗਵਾਈ ਕਰਦੇ ਹਨ। ਉਸੇ ਤਰ੍ਹਾਂ ਪ੍ਰਭੂ ਪਿਤਾ ਨਿੰਕਮਿਆਂ ਨੂੰ ਗੁਣਵਾਨ ਬਣਾ ਦਿੰਦਾ ਹੈ। ਜਿਹੜਾ ਪਰਮਾਤਮਾ ਸਾਰੇ ਸੰਸਾਰ ਨੂੰ ਰਿਜ਼ਕ ਦਿੰਦਾ ਹੈ, ਜੀਵ ਨੂੰ ਪੈਦਾ ਕਰਨ ਵਾਲੇ ਮਾਤਾ-ਪਿਤਾ ਉਸ ਦੀ ਹੀ ਭਗਤੀ ਕਰਨ ਵੱਲ ਪ੍ਰੇਰਿਤ ਕਰਦੇ ਹਨ। ਬੱਚਾ ਚਾਹੇ ਜਿੰਨ੍ਹੇ ਮਰਜ਼ੀ ਕਸੂਰ ਕਰੇ, ਪਿਤਾ ਹਰ ਤਰੀਕੇ ਨਾਲ ਸਮਝਾਉਂਦਾ ਹੋਇਆ, ਉਸ ਨੂੰ ਛਾਤੀ ਨਾਲ ਲਾ ਲੈਂਦਾ ਹੈ। ਇਹੋ ਜਿਹਾ ਰਿਸ਼ਤਾ ਹੀ ਮਾਤਾ-ਪਿਤਾ ਦਾ ਗੁਰੂ ਸਾਹਿਬ ਨੂੰ ਪ੍ਰਵਾਨ ਹੈ:

> ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥
> ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥ [184]

ਮਾਤਾ-ਪਿਤਾ ਆਪਣੀ ਔਲਾਦ ਦੇ ਪਿਛਲੇ ਅਪਰਾਧ ਮਾਫ ਕਰਕੇ ਅੱਗੇ ਨੂੰ ਚੰਗੇ ਰਾਹ ਪਾਉਂਦੇ ਹਨ। ਪ੍ਰਭੂ ਜਿਥੇ ਜੀਵ ਦੇ ਸਰੀਰ ਵਿਚ ਆਤਮਾ ਦਾ ਵਾਸਾ ਕਰਕੇ ਇਸ ਦੀ ਘਾੜਤ ਘੜਦਾ ਹੈ, ਮਾਤਾ-ਪਿਤਾ ਇਸ ਸਰੀਰ ਲਈ ਰੋਟੀ, ਕੱਪੜਾ ਅਤੇ ਰਹਿਣ ਵਾਸਤੇ ਮਕਾਨ ਦਿੰਦਾ ਹੈ। ਉਸ ਦੇ ਨਾਲ ਇਕ ਚੰਗਾ ਪਰਿਵਾਰ ਬਣਾਉਣਾ ਵੀ ਮਾਤਾ-ਪਿਤਾ ਦਾ ਪਹਿਲਾ ਫਰਜ਼ ਹੈ। ਗੁਰੂ ਅਰਜਨ ਦੇਵ ਜੀ ਫ਼ਰਮਾਨ ਕਰਦੇ ਹਨ:

> ਕਾਪੜ ਭੋਗ ਰਸ ਅਨਿਕ ਭੁੰਚਾਏ॥
> ਮਾਤ ਪਿਤਾ ਕੁਟੰਬ ਸਗਲ ਬਨਾਏ॥ [185]

ਬੱਚੇ ਨੂੰ ਆਪਣੀ ਕੁੱਖੋਂ ਜਨਮ ਦੇਣ ਵਾਲੀ ਜਨਨੀ ਨੂੰ ਸੰਸਾਰ ਨੇ ਮਾਂ ਕਿਹਾ ਹੈ। ਮਾਂ ਮਮਤਾ ਦਾ ਮੁਜੱਸਮਾ ਹੁੰਦੀ ਹੈ। ਬੱਚੇ ਦਾ ਸਭ ਤੋਂ ਪਹਿਲਾ ਅਤੇ ਨੇੜਤਾ ਵਾਲਾ ਰਿਸ਼ਤਾ ਮਾਂ ਹੈ। ਮਾਂ ਦੀ ਹੋਂਦ ਅਤੇ ਪ੍ਰੇਮ ਤੋਂ ਬਿਨ੍ਹਾਂ ਬੱਚਾ ਹੋ ਨਹੀਂ ਸਕਦਾ ਅਤੇ ਬੱਚਾ ਪਨਪ ਨਹੀਂ ਸਕਦਾ। ਮਾਂ ਹੀ ਬੱਚੇ ਨੂੰ

---

184. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 624.
185. *ਉਹੀ,* ਪੰਨਾ 1337.

ਲੋਰੀਆਂ ਦਿੰਦੀ ਹੈ, ਲਾਡ ਪਿਆਰ ਕਰਦੀ ਹੈ, ਬੱਚੇ ਦੇ ਖਾਣ-ਪੀਣ, ਖੇਡਣ ਆਦਿ ਦਾ ਧਿਆਨ ਰੱਖਦੀ ਹੈ, ਭਾਵੇਂ ਮਾਂ ਕੋਈ ਵੀ ਕਾਰਜ ਕਰਦੀ ਹੋਵੇ ਪਰ ਉਸ ਦਾ ਧਿਆਨ ਬੱਚੇ ਵਿਚ ਜੁੜਿਆ ਹੁੰਦਾ ਹੈ, ਅਸਲ ਵਿਚ ਕਈ ਵਾਰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਇਸ ਰਿਸ਼ਤੇ ਵਿਚ ਸੁਆਰਥ ਛੁਪਿਆ ਹੋਇਆ ਹੈ ਪਰ ਪ੍ਰਭੂ ਨਾਲ ਪਿਆਰ ਸੁਆਰਥ ਤੋਂ ਉੱਪਰ ਉੱਠ ਕੇ ਕੀਤਾ ਜਾਂਦਾ ਹੈ ਤਾਂ ਉਹ ਅੰਤ ਸਮੇਂ ਵੀ ਸਹਾਈ ਹੁੰਦਾ ਹੈ।

ਗੁਰਬਾਣੀ ਰਾਹੀਂ ਸੰਦੇਸ਼ ਦਿੰਦੇ ਹੋਏ ਗੁਰੂ ਸਾਹਿਬ ਸਮਝਾ ਰਹੇ ਹਨ ਕਿ ਹਕੀਕਤ ਵਿਚ ਕੋਈ ਕਿਸੇ ਦੇ ਮਾਂ ਪਿਉ ਨਹੀਂ। ਇਹ ਸਭ ਦੁਨਿਆਵੀ ਸੰਬੰਧ ਸੁੱਖਾਂ ਦੇ ਨਾਲ ਹੀ ਜੁੜੇ ਹੁੰਦੇ ਹਨ। ਜੇਕਰ ਮਾਤਾ-ਪਿਤਾ ਵਾਲੇ ਸੰਬੰਧ ਸੱਚੇ ਹੋਣ ਤਾਂ ਕੋਈ ਵੀ ਪਿਤਾ ਆਪਣੇ ਪੁੱਤਰ ਦੇ ਖ਼ੂਨ ਦਾ ਪਿਆਸਾ ਨਾ ਹੋਵੇ ਕਿਉਂਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਸੰਸਾਰ ਵਿਚ ਹੋ ਰਹੀਆਂ ਹਨ। ਜੇ ਪੁੱਤਰ ਨਾਲ ਐਨਾ ਪਿਆਰ ਹੁੰਦਾ ਤਾਂ ਜਹਾਂਗੀਰ ਖੁਸਰੋ ਨੂੰ ਨਾ ਮਰਵਾਉਂਦਾ। ਜੇ ਪਿਤਾ ਵਾਲਾ ਰਿਸ਼ਤਾ ਸੱਚਾ ਹੁੰਦਾ ਤਾਂ ਔਰੰਗਜੇਬ ਆਪਣੇ ਪਿਤਾ ਸ਼ਾਹਜਹਾਨ ਨੂੰ ਜੇਲ ਵਿਚ ਨਾ ਪਾਉਂਦਾ।

ਸੋ ਇਨ੍ਹਾਂ ਇਤਿਹਾਸਕ ਅਤੇ ਅਜੋਕੇ ਸਮੇਂ ਦੀਆਂ ਘਟਨਾਵਾਂ ਤੋਂ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਇਹ ਰਿਸ਼ਤੇ ਸੰਸਾਰ ਵਿੱਚ ਕਿਸੇ ਵੀ ਮਨੁੱਖ ਨਾਲ ਸਹਾਈ ਨਹੀਂ ਹੁੰਦੇ, ਦੂਜੇ ਸ਼ਬਦਾਂ ਵਿਚ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਇਹ ਰਿਸ਼ਤੇ ਮਿਥਿਆ (ਝੂਠੇ) ਹਨ। ਇਸ ਸੰਬੰਧੀ ਗੁਰਬਾਣੀ ਵਿਚ ਪ੍ਰਮਾਣ ਵੀ ਦੇਖੇ ਜਾ ਸਕਦੇ ਹਨ:

(i) ਕਾ ਕੀ ਮਾਈ ਕਾ ਕੋ ਬਾਪ॥
ਨਾਮ ਧਾਰੀਕ ਝੂਠੇ ਸਭਿ ਸਾਕ॥ [186]

(ii) ਸੁਤ ਬਨਿਤਾ ਆਪਨ ਨਹੀ ਭਾਈ॥
ਇਸਟ ਮੀਤ ਆਪ ਬਾਪੁ ਨ ਮਾਈ॥ [187]

---

186. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 188.
187. *ਉਹੀ*, ਪੰਨਾ 187.

ਲੋਕ-ਪ੍ਰਲੋਕ ਵਿਚ ਕੇਵਲ ਪ੍ਰਭੂ ਦੇ ਨਾਮ ਨੇ ਹੀ ਜੀਵ ਦੀ ਸਹਾਇਤਾ ਕਰਨੀ ਹੈ। ਇਸ ਲਈ ਅਸਲ ਵਿਚ ਸੱਚੇ ਤੇ ਸਦੀਵੀ ਮਾਤਾ-ਪਿਤਾ ਕੇਵਲ ਪ੍ਰਭੂ ਜੀ ਦਾ ਨਾਮ ਹੈ:

(i) ਮਾਤ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ॥ [188]

(ii) ਜਹ ਮਾਤ ਪਿਤਾ ਸੁਤ ਮੀਤ ਨ ਭਾਈ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥ [189]

(iii) ਬੰਧਨ ਮਾਤ ਪਿਤਾ ਸੰਸਾਰਿ॥ [190]

ਜਦੋਂ ਇਸ ਸਰੀਰ ਵਿਚੋਂ ਜੀਵ-ਆਤਮਾ ਨਿਕਲ ਜਾਂਦੀ ਹੈ ਤਾਂ ਉਸ ਸਮੇਂ ਰਿਸ਼ਤੇਦਾਰ, ਮਾਤਾ-ਪਿਤਾ ਨੇੜੇ ਨਹੀਂ ਆਉਂਦੇ ਅਤੇ ਘਰ ਦੀ ਇਸਤਰੀ ਜਿਸ ਨਾਲ ਬੜਾ ਮੋਹ ਹੁੰਦਾ ਹੈ ਸਦਾ ਪਤੀ ਦੇ ਨਾਲ ਰਹਿੰਦੀ ਹੈ ਪਰ ਪਤੀ ਦੇ ਮਰਨ ਤੇ ਉਸ ਦਾ ਸਾਥ ਛਡ ਦਿੰਦੀ ਹੈ ਤੇ ਪ੍ਰੇਤ ਕਹਿ ਕੇ ਭਜ ਜਾਂਦੀ ਹੈ:

(i) ਕਾ ਕੀ ਮਾਤ ਪਿਤਾ ਕਹੁ ਕਾ ਕੋ ਕਵਨ ਪੁਰਖ ਕੀ ਜੋਈ॥
ਘਟ ਫੂਟੇ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ॥ [191]

(ii) ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥
ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ॥ [192]

## ਮਾਂ-ਪੁੱਤਰ

ਸੰਸਾਰੀ ਰਿਸ਼ਤਿਆਂ ਵਿਚ ਮਾਂ-ਪੁੱਤਰ ਦਾ ਰਿਸ਼ਤਾ ਬਹੁਤ ਨੇੜਤਾ ਅਤੇ ਮਮਤਾ ਭਰਿਆ ਹੈ। ਮਾਂ ਆਪਣੇ ਪੁੱਤਰ ਲਈ ਆਪਣਾ ਸੱਭ ਕੁਝ ਕੁਰਬਾਨ ਕਰ ਦਿੰਦੀ ਹੈ। ਜੇ ਪੁੱਤਰ ਦਿਲ ਵੀ ਮੰਗੇ ਮਾਂ

---

188. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 47.
189. *ਉਹੀ*, ਪੰਨਾ 264.
190. *ਉਹੀ*, ਪੰਨਾ 416.
191. *ਉਹੀ,* ਪੰਨਾ 478.
192. *ਉਹੀ*, ਪੰਨਾ 634.

ਇਨਕਾਰ ਨਹੀਂ ਕਰਦੀ। ਮਾਂ ਆਪਣੀ ਜਵਾਨੀ ਪੁੱਤਰ ਦੇ ਲੇਖੇ ਲਗਾ ਦਿੰਦੀ ਹੈ। ਬੱਚੇ ਨੂੰ ਦੁੱਖੀ ਨਹੀਂ ਹੋਣ ਦਿੰਦੀ। ਆਪਣੀਆਂ ਸਾਰੀਆਂ ਖੁਸ਼ੀਆਂ ਇਕ ਮਾਂ ਬੱਚੇ ਤੋ ਵਾਰ ਦਿੰਦੀ ਹੈ। ਲਾਇਕ ਬੱਚੇ ਆਪਣੀ ਮਾਤਾ ਦੇ ਉਪਕਾਰ ਚੇਤੇ ਕਰਕੇ ਬੁਢੇਪੇ ਵਿਚ ਸੇਵਾ ਕਰਦੇ ਹਨ। ਜਿਵੇਂ ਇਕ ਘਟਨਾ ਸੁਣਾਈ ਜਾਂਦੀ ਹੈ; ਕਹਿੰਦੇ ਹਨ ਜਦ ਹਿੰਦੁਸਤਾਨ ਦੇ ਬਾਦਸ਼ਾਹ ਅਕਬਰ ਦੀ ਮਾਂ ਮਰੀ ਤਾਂ ਅਕਬਰ ਬਹੁਤ ਰੋਇਆ। ਸਿਆਣੇ ਵਜੀਰਾਂ ਨੇ ਆਖਿਆ ਬਾਦਸ਼ਾਹ ਸਲਾਮਤ ਆਪ ਕਿਉਂ ਰੋਂਦੇ ਹੋ? ਕਿਉਂਕਿ ਮਰਨਾ ਤਾਂ ਸੱਚ ਹੈ ਫਿਰ ਆਪ ਹਿੰਦੁਸਤਾਨ ਦੇ ਬਾਦਸ਼ਾਹ ਹੋ, ਹਰ ਕੋਈ ਆਪ ਨੂੰ ਸਲਾਮ ਕਰਦਾ ਹੈ। ਆਪ ਦੀ ਬੜੀ ਪ੍ਰਭੂਤਾ ਹੈ। ਕਿਸੇ ਚੀਜ਼ ਦਾ ਕੋਈ ਘਾਟਾ ਨਹੀਂ। ਉਸ ਵੇਲੇ ਵਜੀਰਾਂ ਨੂੰ ਜੋ ਗੱਲ ਅਕਬਰ ਨੇ ਕਹੀ ਉਹ ਵਿਚਾਰਨ ਯੋਗ ਹੈ। ਅਕਬਰ ਕਹਿਣ ਲੱਗਾ ਮੈ ਤੁਹਾਡੀ ਹਰ ਗੱਲ ਨਾਲ ਸਹਿਮਤ ਹਾਂ ਕਿ ਲੋਕ ਮੈਨੂੰ ਬਾਦਸ਼ਾਹ ਸਮਝ ਕੇ ਸਲਾਮ ਕਰਦੇ ਹਨ। ਮੇਰਾ ਬੜਾ ਸਤਿਕਾਰ ਕਰਦੇ ਹਨ ਪਰ ਮੇਰੀ ਮਾਂ ਮੈਨੂੰ ਜਦ ਬੁਲਾਉਂਦੀ ਸੀ, ਵੇ (ਅਕਬਰਾ) ਅਕੂ ਉਸ ਸਮੇਂ ਮੇਰਾ ਮਨ ਮਾਂ ਦੇ ਪਰਉਪਕਾਰਾਂ ਅਤੇ ਪਿਆਰ ਭਿੱਜੇ ਬੋਲਾਂ ਅੱਗੇ ਝੁਕ ਜਾਂਦਾ ਸੀ। ਐ ਮੇਰੇ ਅਹਿਲਕਾਰੋ (ਵਜੀਰੋ) ਮੈਨੂੰ ਸਭ ਕੁਝ ਮਿਲ ਸਕਦਾ ਹੈ ਪਰ ਵੇ ਅਕੂ (ਅਕਬਰਾ) ਕਹਿਣ ਵਾਲੀ ਮਾਂ ਮੈਨੂੰ ਦੁਬਾਰਾ ਕਦੇ ਨਹੀਂ ਮਿਲੇਗੀ, ਇਸ ਲਈ ਮੈਂ ਰੋਦਾ ਹਾਂ।

ਪੁੱਤਰ ਦੇ ਜੀਵਨ ਵਿਚ ਮਾਤਾ ਦਾ ਵੱਡਾ ਰੋਲ ਹੁੰਦਾ ਹੈ। ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਕਹਿੰਦੇ ਹਨ ਕਿ ਬੱਚੇ ਦੀ ਜ਼ਿੰਦਗੀ ਬਿਹਤਰ, ਚੰਗੀ, ਨਿਰੋਗ, ਉਸਾਰੂ ਆਦਿ ਬਣੇ ਇਸ ਲਈ ਮਾਂ ਗਰਭ ਕਾਲ ਤੋਂ ਹੀ ਖਾਣ-ਪੀਣ ਬਾਰੇ ਖਿਆਲ ਰੱਖਦੀ ਹੈ ।

ਮਾਂ ਗਭਣਿ ਜੀਅ ਜਾਣਦੀ ਪੁਤੁ ਸਪੁਤੁ ਹੋਵੈ ਸੁਖਦਾਈ॥ [193]

---

193. ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ*, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2●●1, ਵਾਰ 37/24, ਪੰਨਾ 4●●.

ਜਨਮ ਸਮੇਂ ਬੱਚੇ ਦਾ ਸੰਬੰਧ ਮਾਂ ਨਾਲ ਹੀ ਜੁੜਦਾ ਹੈ ਕਿਉਂਕਿ ਬੱਚੇ ਨੂੰ ਆਪਣੀ ਖ਼ੁਰਾਕ ਮਾਂ ਕੋਲੋਂ ਹੀ ਪ੍ਰਾਪਤ ਹੁੰਦੀ ਹੈ। ਮਾਂ ਤੋਂ ਸ਼ਕਤੀ ਲੈ ਕੇ ਬੱਚਾ ਵੱਡਾ, ਖੇਡਦਾ ਅਤੇ ਸਿਆਣਾ ਹੁੰਦਾ ਹੈ। ਮਾਤਾ-ਪਿਤਾ ਦਾ ਪਿਆਰ ਆਪਣੇ ਬੱਚੇ ਤੋਂ ਨਿਸ਼ਾਵਰ ਹੁੰਦਾ ਹੈ:

ਖੀਰੁ ਪੀਐ ਖੇਲਾਈਐ ਵਣਜਾਰਿਆ ਮਿਤ੍ਰਾ ਮਾਤ ਪਿਤਾ ਸੁਤ ਹੇਤੁ॥ [194]

ਮਾਂ ਆਪਣੇ ਬੱਚੇ ਦੇ ਚੰਗੇ ਭਵਿੱਖ ਅਤੇ ਸਫਲ ਜੀਵਨ ਲਈ ਯਤਨ ਕਰਦੀ ਹੈ ਪਰ ਗੁਰਬਾਣੀ ਵਿਚ ਗੁਰੂ ਜੀ ਐਸੇ ਮਾਂ-ਪੁੱਤਰ ਦੇ ਰਿਸ਼ਤੇ ਨੂੰ ਪ੍ਰਵਾਨ ਕਰਦੇ ਹਨ, ਜਿਸ ਵਿਚ ਪੁੱਤਰ ਪ੍ਰਭੂ ਦੇ ਨਾਮ ਵਿਚ ਆਪਣਾ ਜੀਵਨ ਗੁਜ਼ਾਰ ਦਿੰਦਾ ਹੈ। ਅਜਿਹੇ ਕਾਰਜ ਵਿਚ ਲੱਗੇ ਪੁੱਤਰ ਨੂੰ ਮਾਂ ਅਸੀਸਾਂ ਦਿੰਦੀ ਹੈ ਅਤੇ ਪ੍ਰਭੂ ਨਾਮ ਨਾਲ ਸਦਾ ਜੁੜੇ ਰਹਿਣ ਲਈ ਹਰ ਸਮੇਂ ਯਤਨ ਵਿਚ ਲੱਗੀ ਰਹਿੰਦੀ ਹੈ। ਸਿਰਫ ਅਜਿਹਾ ਰਿਸ਼ਤਾ ਹੀ ਪ੍ਰਭੂ ਦੀ ਦਰਗਾਹ ਵਿਚ ਪ੍ਰਮਾਣਕ ਮੰਨਿਆ ਜਾਂਦਾ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ :

ਮਾਈ ਖਾਟਿ ਆਇਓ ਘਰਿ ਪੂਤਾ॥
ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ॥ ਰਹਾਓ॥ [195]

ਗੁਰਬਾਣੀ ਤੋਂ ਇਲਾਵਾ ਇਤਿਹਾਸ ਵਿਚ ਵੀ ਕਈ ਥਾਵਾਂ ਤੇ ਅਜਿਹੇ ਹਵਾਲੇ ਮਿਲਦੇ ਹਨ, ਜਿਥੇ ਮਾਂ ਆਪਣੇ ਪੁੱਤਰ ਨੂੰ ਕਿਸੀ ਵੱਡੀ ਪ੍ਰਾਪਤੀ ਲਈ ਨਾਮ ਜਪਣ ਵਾਸਤੇ ਪ੍ਰੇਰਦੀ ਵੇਖੀ ਜਾਂਦੀ ਹੈ ਜਿਵੇਂ ਉਤਾਨਪਾਦ ਰਾਜੇ ਦਾ ਪੁੱਤਰ ਧ੍ਰੂ ਜਦ ਖੇਡਦਾ-ਖੇਡਦਾ ਰਾਜੇ ਦੀ ਗੋਦੀ ਜਾ ਬੈਠਾ ਤਾਂ ਮਤਰੇਈ ਮਾਂ ਨੇ ਧ੍ਰੂ ਨੂੰ ਪਿਤਾ ਦੀ ਗੋਦ ਵਿਚੋਂ ਫੜ ਕੇ ਬਾਹਰ ਕੱਢ ਦਿਤਾ ਤੇ ਕਿਹਾ ਕਿ ਜੇ ਤੂੰ ਆਪਣੇ ਪਿਤਾ ਦੀ ਗੋਦ ਵਿਚ ਬੈਠਣ ਦਾ ਅਨੰਦ ਲੈਣਾ ਸੀ ਤਾਂ ਮੇਰੀ ਕੁੱਖੋਂ ਜਨਮ ਲੈਣ ਦਾ ਸੁਭਾਗ ਪ੍ਰਾਪਤ ਕਰਨਾ ਸੀ। ਇਸ ਤਰ੍ਹਾਂ ਜਦੋਂ ਧ੍ਰੂ ਮਤਰੇਈ ਮਾਂ ਦੀਆਂ ਮਾਰਾਂ ਤੇ ਝਿੜਕਾਂ ਖਾ ਕੇ ਰੋਂਦਾ

194. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 75.
195. *ਉਹੀ*, ਪੰਨਾ 495.

ਹੋਇਆ ਆਪਣੀ ਮਾਂ ਕੋਲ ਗਿਆ ਅਤੇ ਆਪਣੇ ਨਾਲ ਜੋ ਕੁਝ ਬੀਤਿਆ, ਉਹ ਸਾਰੀ ਗੱਲ ਦੱਸੀ ਕਿ ਮੈਨੂੰ ਮੇਰੀ ਮਤਰੇਈ ਮਾਂ ਨੇ ਮਾਰਿਆ, ਝਿੜਕਿਆ ਅਤੇ ਪਿਤਾ ਦੀ ਗੋਦ ਵਿਚੋਂ ਉੱਠਾ ਦਿੱਤਾ ਹੈ। ਤੁਸੀਂ ਦੱਸੋ ਕਿ ਮੈਨੂੰ ਪਿਤਾ ਦੀ ਗੋਦ ਅਤੇ ਰਾਜ ਦਾ ਸੁੱਖ ਕਦੋਂ ਅਤੇ ਕਿਵੇਂ ਪ੍ਰਾਪਤ ਹੋਵੇਗਾ? ਉਸ ਸਮੇਂ ਜੋ ਉਸ ਧ੍ਰੂ ਦੀ ਸਿਆਣੀ ਮਾਂ ਨੇ ਆਪਣੇ ਬੱਚੇ ਨੂੰ ਸਿੱਖਿਆ ਦਿੱਤੀ, ਉਸ ਨੂੰ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਕਲਮਬੱਧ ਕੀਤਾ ਹੈ:

> ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸੁ ਮਤ੍ਰੇਈ ਕੀਤਾ॥
> … … … …
> ਕਿਸੁ ਉਦਮ ਤੇ ਰਾਜੁ ਮਿਲਿ ਸੂਤ੍ਰੂ ਤੇ ਸਭਿ ਹੋਵਨਿ ਮੀਤਾ॥
> ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ॥ [196]

ਧ੍ਰੂ ਆਪਣੀ ਨਿਰਾਦਰੀ ਨੂੰ ਨਾ ਝਲਦਾ ਹੋਇਆ, ਰਾਜ ਸੁੱਖਾਂ ਨੂੰ ਪ੍ਰਾਪਤ ਕਰਨ ਦਾ ਤਰੀਕਾ ਮਾਂ ਕੋਲੋਂ ਪੁਛਦਾ ਹੈ ਪ੍ਰੰਤੂ ਸਿਆਣੀ ਮਾਂ ਆਪਣੇ ਪੁੱਤਰ ਨੂੰ ਗਲਤ ਰਸਤੇ ਨਹੀਂ ਪਾਉਂਦੀ ਸਗੋਂ ਸਿੱਖਿਆ ਦਿੰਦੀ ਹੈ ਕਿ ਤੂੰ ਪ੍ਰਭੂ ਦਾ ਨਾਮ ਜਪ। ਜਿਸ ਦੀ ਬਰਕਤ ਨਾਲ ਤੇਰੇ ਸਾਰੇ ਵੈਰੀ ਮਿੱਤਰ ਬਣ ਜਾਣਗੇ ਤੇ ਤੈਨੂੰ ਹਕੀਕੀ ਰਾਜ ਦੇ ਸੁੱਖ ਵੀ ਪ੍ਰਾਪਤ ਹੋ ਜਾਣਗੇ ।

ਸੋ ਐਸੇ ਪ੍ਰਭੂ ਦੇ ਲੜ ਵਿਚ ਲੱਗੇ ਪ੍ਰੇਮ ਰਸ ਵਿਚ ਭਿੱਜੇ ਹੋਏ ਮਾਂ-ਪੁੱਤਰ ਦੇ ਰਿਸ਼ਤੇ ਨੂੰ ਗੁਰੂ ਸਾਹਿਬ ਨੇ ਗੁਰਬਾਣੀ ਵਿਚ ਪ੍ਰਵਾਨ ਕੀਤਾ ਹੈ:

> ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ
> ਜਿਨਿ ਗੁਰੂ ਜਣਿਆ ਮਾਇ॥ [197]

ਗੁਰੂ ਸਾਹਿਬ ਬਾਣੀ ਰਾਹੀਂ ਸਮਝਾਉਂਦੇ ਹਨ ਕਿ ਪਿਤਾ-ਪੁੱਤਰ ਦਾ ਰਿਸ਼ਤਾ ਸਦਾ ਕਾਇਮ ਰਹਿਣ ਵਾਲਾ ਨਹੀਂ ਕਿਉਂਕਿ ਇਸ ਸਰੀਰ ਦੀ ਕੋਈ ਸਥਿਰ ਹੋਂਦ ਨਹੀਂ ਹੈ। ਪ੍ਰਭੂ ਵੱਲੋਂ ਮਿਥੀ ਹੋਈ

---

196. ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ*, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2●●1, ਵਾਰ 1●/1, ਪੰਨਾ 1●2.

197. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 31●.

ਉਮਰ ਭੋਗ ਕੇ ਇਹ ਤਨ ਮੌਤ ਦੀ ਆਗੋਸ਼ ਵਿਚ ਚਲਾ ਜਾਂਦਾ ਹੈ ਜਿਵੇ:

> ਕਉਨੁ ਕੋ ਪੂਤੁ ਪਿਤਾ ਕੋ ਕਾ ਕੋ॥
> ਕਉਨੁ ਮਰੈ ਕੋ ਦੇਇ ਸੰਤਾਪੋ॥ [198]

ਮਾਤਾ, ਪਿਤਾ-ਪੁੱਤਰ ਦਾ ਸੰਬੰਧ ਵਕਤੀ ਹੈ ਜਿਵੇਂ ਮਾਤਾ-ਪਿਤਾ ਆਪਣੇ ਪੁੱਤਰ ਦੇ ਸੁੱਖ ਲਈ, ਉਸ ਨੂੰ ਗਿਆਨਵਾਨ ਬਣਾਉਣ ਲਈ ਕਮਾਈ ਕਰਕੇ ਖਰਚ ਕਰਦੇ ਹਨ, ਫਿਰ ਇਹੋ ਪੁੱਤਰ ਵੱਡਾ ਹੋ ਕੇ ਮਾਇਆ ਦੀ ਖਾਤਰ ਮਾਤਾ-ਪਿਤਾ ਨਾਲ ਝਗੜਾ ਕਰਦਾ ਰਹਿੰਦਾ ਹੈ। ਜਿਸ ਮਾਤਾ-ਪਿਤਾ ਨੇ ਜਨਮ ਦਿੱਤਾ, ਪਾਲਣ ਪੋਸ਼ਣ ਕੀਤਾ, ਪੜ੍ਹਾਇਆ ਲਿਖਾਇਆ, ਵੱਡਾ ਕੀਤਾ, ਉਸ ਉਪਕਾਰੀ ਮਾਤਾ-ਪਿਤਾ ਨਾਲ ਝਗੜਾ ਕਰਨਾ ਸ਼ੋਭਾ ਨਹੀਂ ਦਿੰਦਾ। ਗੁਰਬਾਣੀ ਰਾਹੀਂ ਇਸ ਤਰ੍ਹਾਂ ਸਿੱਖਿਆ ਦਿੱਤੀ ਗਈ ਹੈ:

> ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
> ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥ [199]

ਇਹ ਪਵਿੱਤਰ ਰਿਸ਼ਤਾ ਵੀ ਅੱਜ ਦੇ ਸਮਾਜ ਵਿਚ ਮਾਇਆ ਅਤੇ ਕੁਝ ਹੋਰ ਕਾਰਨਾਂ ਕਰਕੇ ਧੁੰਦਲਾ ਜਾਪਣ ਲੱਗਦਾ ਹੈ। ਇਸ ਰਿਸ਼ਤੇ ਦੀ ਪੀਡੀ ਗੰਢ ਨੂੰ ਢਿੱਲੀ ਕਰਨ ਦਾ ਕਾਰਨ ਕੁਝ ਹੇਠ ਲਿਖੀਆਂ ਗੱਲਾਂ ਹਨ ਜਿਵੇਂ ਮਾਇਆ ਦਾ ਪ੍ਰਭਾਵ, ਇਨ੍ਹਾਂ ਦਾ ਆਸਰਾ ਕਮਜ਼ੋਰ।

## ਮਾਇਆ ਦਾ ਪ੍ਰਭਾਵ

ਮਾਂ-ਪੁੱਤਰ ਅਤੇ ਪਿਤਾ-ਪੁੱਤਰ ਦਾ ਰਿਸ਼ਤਾ ਨਿਰਛਲ ਪਿਆਰ ਤੇ ਅਧਾਰਿਤ ਹੈ। ਇਸ ਰਿਸ਼ਤੇ ਦਾ ਮਾਇਕ, ਆਪਸੀ ਲੈਣ-ਦੇਣ ਅਤੇ ਜ਼ਮੀਨ ਵੀ ਮੁੱਲ ਨਹੀਂ ਦੇ ਸਕਦੀ। ਕਈ ਵਾਰ ਮਾਂ-ਪੁੱਤਰ ਅਤੇ ਪਿਤਾ-ਪੁੱਤਰ ਦੇ ਮਮਤਾ ਭਰੇ ਰਿਸ਼ਤੇ ਵਿਚ ਇਹ ਮਾਇਆ ਵਿਤਕਰਾ (ਪਾੜਾ) ਪਾ

---

198. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 331.
199. *ਉਹੀ*, ਪੰਨਾ 12●●.

ਦਿੰਦੀ ਹੈ। ਕਿਸੇ ਕੋਲ ਮਾਇਆ ਜ਼ਿਆਦਾ ਹੈ, ਕਿਸੇ ਕੋਲ ਘੱਟ ਹੈ। ਇਸੇ ਕਰਕੇ ਇਨ੍ਹਾਂ ਰਿਸ਼ਤਿਆਂ ਵਿਚ ਬੱਝੇ ਲੋਕ ਵੀ ਮਾਇਆ ਤੋਂ ਪ੍ਰਭਾਵਿਤ ਹੋ ਕੇ ਆਪਸ ਵਿਚ ਲੜਦੇ-ਝਗੜਦੇ ਵੇਖੇ ਜਾ ਸਕਦੇ ਹਨ। ਮਾਇਕੀ ਸੁਆਰਥ ਟਕਰਾਅ ਬਣ ਜਾਂਦੇ ਹਨः

> ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ॥
> ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ ਸਗਲੇ ਲਰਿ ਲਰਿ ਮੂਆ॥ [200]

ਪਰੰਪਰਕ ਤੌਰ ਤੇ ਮਾਪੇ ਦੁੱਖ ਸਹਿ ਕੇ ਬੱਚੇ ਦੀ ਪਾਲਣਾ ਕਰਦੇ ਹਨ। ਪਿਤਾ ਪਰਿਵਾਰ ਦਾ ਮੁਖੀ ਹੋਣ ਦੇ ਨਾਤੇ ਉਸ ਦੀ ਅਗਵਾਈ ਕਰਦਾ ਹੈ। ਪਰਿਵਾਰਿਕ ਤੌਰ ਤੇ ਹਰ ਕੰਮ ਕਰਕੇ ਪੁੱਤਰਾਂ ਦੀ ਲੋੜ੍ਹਾਂ ਪੂਰੀਆਂ ਕਰਦਾ ਹੈ ਪਰ ਅੱਜ ਦੇ ਆਧੁਨਿਕ ਯੁੱਗ ਵਿਚ ਮਾਇਕ ਲਾਲਸਾ ਨੇ ਅਟੁੱਟ ਰਿਸ਼ਤਿਆਂ ਨੂੰ ਖੋਰਾ ਲਾ ਦਿੱਤਾ ਹੈ। ਆਧੁਨਿਕ ਯੁੱਗ ਹੋਣ ਕਰਕੇ ਬੱਚੇ ਦੀ ਪਰਵਿਰਸ਼ ਵਿਚ ਮਾਪੇ ਧਿਆਨ ਘੱਟ ਦਿੰਦੇ ਹਨ। ਬੱਚਾ ਆਇਆ (ਖਿਡਾਵੀ) ਦੇ ਹੱਥ ਵਿਚ ਪਲਦਾ ਹੈ। ਆਇਆ (ਖਿਡਾਵੀ) ਤਨਖਾਹ ਕਰਕੇ ਕੰਮ ਕਰਦੀ ਹੈ। ਪਿਆਰ ਕਰਕੇ ਨਹੀਂ। ਅੱਜ ਦੀ ਮਾਂ ਆਪਣੀ ਸੁੰਦਰਤਾ ਵੱਲ ਵੱਧ ਧਿਆਨ ਦਿੰਦੀ ਹੈ। ਇਸੇ ਕਰਕੇ ਮਾਂ ਕੁਦਰਤ ਵਲੋਂ ਦਿੱਤੀ ਜਾਂਦੀ ਖੁਰਾਕ ਦੁੱਧ ਬੱਚੇ ਨੂੰ ਪਿਲਾਉਣ ਤੋਂ ਟਲਦੀ ਹੈ। ਪਿਤਾ ਵੀ ਬੱਚੇ ਵੱਲ ਘੱਟ ਧਿਆਨ ਦਿੰਦੇ ਹਨ। ਉਹ ਬੱਚੇ ਨੂੰ ਸਕੂਲ ਜਾਣ ਲਈ ਛੱਡਣ ਤੱਕ ਨਹੀਂ ਜਾਂਦੇ ਕਿਉਂਕਿ ਸਮਾਂ ਹੀ ਨਹੀਂ। ਸ਼ਰਾਬ ਪੀ ਕੇ ਘਰ ਵਿਚ ਆਉਣਾ ਅਤੇ ਝਗੜਾ ਕਰਨਾ ਨਿਤ ਦਾ ਕੰਮ ਬਣਾ ਲੈਂਦਾ ਹੈ। ਬੱਚੇ ਦੀ ਮਾਇਕ ਲੋੜ੍ਹਾਂ ਤਾਂ ਹਰ ਮਾਤਾ-ਪਿਤਾ ਪੂਰੀਆਂ ਕਰ ਦਿੰਦੇ ਹਨ ਪਰ ਬੱਚੇ ਨਾਲ ਪਿਆਰ ਘੱਟਦਾ ਜਾ ਰਿਹਾ ਹੈ। ਇਸ ਕਰਕੇ ਗੁਰਬਾਣੀ ਨੇ ਅਜਿਹੇ ਰਿਸ਼ਤੇ ਨੂੰ ਅਸਵੀਕ੍ਰਿਤ ਰਿਸ਼ਤਾ ਕਿਹਾ ਹੈ। ਅੱਜ ਦੇ ਯੁੱਗ ਵਿਚ ਮਾਤਾ-ਪਿਤਾ, ਮਾਤਾ-ਪਿਤਾ ਤਾਂ ਬਣ ਸਕਦੇ ਪਰ ਉਹ ਮਾਤਾ ਗੁਜਰੀ, ਪਿਤਾ ਗੁਰੂ ਗੋਬਿੰਦ ਸਿੰਘ ਵਰਗੇ ਨਹੀਂ ਬਣ ਸਕਦੇ ।

---

200. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 673.

ਗੁਰਬਾਣੀ ਅਨੁਸਾਰ ਦੁਨਿਆਵੀ ਰਿਸ਼ਤਿਆਂ ਵੱਲ ਪ੍ਰਾਣੀ ਦੀ ਖਿੱਚ ਹੋਣਾ ਸੁਭਾਵਿਕ ਗੱਲ ਹੈ। ਇਹ ਪ੍ਰਭੂ ਤੋਂ ਦੂਰ ਕਰਦੇ ਹਨ। ਗੁਰੂ ਸਾਹਿਬ ਫ਼ਰਮਾਨ ਕਰਦੇ ਹਨ ਕਿ ਜਦੋਂ ਇਹ ਰਿਸ਼ਤੇ ਪ੍ਰਭੂ ਦੇ ਮਿਲਾਪ ਵਿਚ ਰੁਕਾਵਟ ਬਣਦੇ ਹਨ ਤਾਂ ਇਹ ਰਿਸ਼ਤੇ ਸੰਸਾਰ ਵਿਚ ਮਹੱਤਵ ਰੱਖਦੇ ਹੋਏ ਵੀ ਅਰਥ ਹੀਨ ਹਨ, ਜਿਵੇਂ:

(i) ਮਾਤਾ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ।। [201]

(ii) ਬੰਧਨ ਮਾਤਾ ਪਿਤਾ ਸੁਤ ਬਨਿਤਾ।। [202]

ਗੁਰਬਾਣੀ ਵਿਚ ਜ਼ਿਕਰ ਆਉਂਦਾ ਹੈ ਕਿ ਸੰਸਾਰਿਕ ਰਿਸ਼ਤਿਆਂ (ਮਾਤਾ, ਪਿਤਾ, ਪੁੱਤਰ, ਇਸਤਰੀ) ਵਿਚੋਂ ਜੀਵ ਦੀ ਸਹਾਇਤਾ ਕਰਨ ਲਈ ਕੋਈ ਸੱਚੀ ਧਿਰ (ਆਸਰਾ) ਨਹੀਂ ਬਣਦਾ। ਇਸ ਲਈ ਇਨ੍ਹਾਂ ਸੰਸਾਰਿਕ ਰਿਸ਼ਤਿਆਂ ਦਾ ਆਸਰਾ ਕਮਜ਼ੋਰ ਹੈ। ਜਿਵੇਂ:

ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ।। [203]

ਉਪਰੋਕਤ ਗੁਰਵਾਕ ਵਿਚ ਗੁਰੂ ਜੀ ਨੇ ਚੇਤੰਨ ਮਾਇਆ ਦੀ ਗੱਲ ਕੀਤੀ ਹੈ। ਫਿਰ ਧਨ, ਜਵਾਨੀ, ਸੰਸਾਰੀ ਤਾਕਤ, ਰਾਜ ਸੱਤਾ (ਜੜ੍ਹ, ਮਾਇਆ)। ਇਸ ਮਾਇਆ ਦਾ ਆਸਰਾ ਵੀ ਮਨੁੱਖ ਨੂੰ ਆਪਣੇ ਮਿਸ਼ਨ ਤੋਂ ਉਕਤਾ ਦਿੰਦਾ ਹੈ। ਮਨੁੱਖ ਦੀਵਾਨਾ ਅਤੇ ਪਾਗਲ ਹੋ ਜਾਂਦਾ ਹੈ। ਮਾਤਾ-ਪਿਤਾ, ਪੁੱਤਰ, ਮਿੱਤਰਾਂ ਦਾ ਮਿਲਣਾ ਇਹ ਪੂਰਬਲੇ ਜਨਮਾਂ ਦਾ ਸੰਬੰਧ ਹੈ ਪਰ ਅੰਤ ਨੂੰ ਇਨ੍ਹਾਂ ਰਿਸ਼ਤਿਆਂ ਵਿਚੋਂ ਸਹਾਇਤਾ ਕੋਈ ਵੀ ਨਹੀਂ ਕਰ ਸਕਦਾ। ਗੁਰੂ ਜੀ ਨੇ ਅਜਿਹੇ ਰਿਸ਼ਤੇ ਨੂੰ ਅਪ੍ਰਵਾਨ ਕੀਤਾ ਹੈ ਜਿਵੇਂ:

(i) ਮਾਤਾ ਪਿਤਾ ਭਾਈ ਸੁਤ ਬੰਧਪ ਤਿਨ ਕਾ ਬਲੁ ਹੈ ਥੋਰਾ।।
ਅਨਿਕ ਰੰਗ ਮਾਇਆ ਕੇ ਪੇਖੇ ਕਿਛੁ ਸਾਥਿ ਨ ਚਾਲੈ ਭੋਰਾ।। [204]

---

201. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 47.
202. *ਉਹੀ*, ਪੰਨਾ 1147.
203. *ਉਹੀ,* ਪੰਨਾ 10.
204. *ਉਹੀ,* ਪੰਨਾ 499.

(ii) ਮਾਤਾ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ॥
ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥ [205]

ਗੁਰਬਾਣੀ ਵਿਚ ਸੰਸਾਰ ਨੂੰ ਸਮੁੰਦਰ ਨਾਲ-ਤੁਲਨਾ ਦਿੱਤੀ ਹੈ। ਸਮੁੰਦਰ ਵਿਚ ਪਾਣੀ ਹੁੰਦਾ ਹੈ, ਫਿਰ ਲਹਿਰਾਂ ਹੁੰਦੀਆਂ ਹਨ। ਇਸ ਲਹਿਰਾਂ ਭਰੇ ਸਮੁੰਦਰ ਵਿਚੋਂ ਹਰ ਕੋਈ ਪਾਰ ਨਹੀਂ ਹੋ ਸਕਦਾ, ਕਿਉਂਕਿ ਇਸ ਵਿਚ ਵੱਡੀਆਂ ਬੇੜੀਆਂ ਅਤੇ ਬੇੜੇ ਵੀ ਡੁੱਬ ਜਾਂਦੇ ਹਨ। ਇਸੇ ਤਰ੍ਹਾਂ ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਸੰਸਾਰ ਨੂੰ ਸਮੁੰਦਰ ਦੀ ਨਿਆਈਂ ਫ਼ਰਮਾਇਆ ਹੈ। ਸੰਸਾਰ ਦੇ ਪਦਾਰਥ ਪਾਣੀ ਦੀ ਤਰ੍ਹਾਂ ਹਨ ਅਤੇ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਲਹਿਰਾਂ ਹਨ। ਐਸੇ ਲਹਿਰਾਂ ਵਾਲੇ ਸੰਸਾਰ ਵਿਚ ਤਰਨਾ ਅਤੇ ਪਾਰ ਹੋਣਾ ਕੋਈ ਸੌਖੀ ਗੱਲ ਨਹੀਂ ਹੈ। ਇਹ ਬੜਾ ਬਾਰੀਕ ਅਤੇ ਕਠਿਨ ਰਸਤਾ ਹੈ। ਰਤਾ ਭਰ ਵੀ ਮਨ ਦੇ ਉਕਤਾਉਣ ਨਾਲ ਜੀਵ ਇਸ ਸੰਸਾਰ ਵਿਚ ਡਿੱਗ ਕੇ ਡੁੱਬ ਸਕਦਾ ਹੈ। ਸੰਸਾਰ ਸਾਗਰ ਦੀਆਂ ਛੱਲਾਂ ਵਿਚ ਡੁੱਬਦੇ ਹੋਏ ਇਸ ਜੀਵ ਨੂੰ ਕੋਈ ਵੀ ਸੰਬੰਧੀ ਬਚਾ ਨਹੀਂ ਸਕਦਾ ।ਜੀਵ ਦਾ ਸੰਸਾਰ ਸਮੁੰਦਰ ਵਿਚ ਡੁਬਣਾ ਬੜਾ ਦੁਖਦਾਈ ਹੈ। ਮਾਂ, ਪਿਉ, ਪੁੱਤਰ ਕੋਈ ਵੀ ਸਹਾਇਤਾ ਨਹੀਂ ਕਰ ਸਕਦਾ। ਜਿਵੇਂ:

(i) ਖੰਡੇ ਧਾਰ ਗਲੀ ਅਤਿ ਭੀੜੀ॥
ਲੇਖਾ ਲੀਜੈ ਤਿਲ ਜਿਉ ਪੀੜੀ॥
ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ॥ [206]

(ii) ਜਹ ਮਾਤ ਪਿਤਾ ਸੁਤ ਮੀਤ ਨ ਭਾਈ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥ [207]

## ਭਰਾ-ਭਰਾ

ਇਕ ਮਾਂ ਬਾਪ ਦੇ ਜਾਏ ਪੁੱਤਰ ਰਿਸ਼ਤੇ ਵਜੋਂ ਆਪਸ ਵਿਚ ਭਰਾ-ਭਰਾ ਹੁੰਦੇ ਹਨ। ਭਰਾ-ਭਰਾ ਦਾ ਪਿਆਰ ਇਕ ਬਗੀਚੀ ਵਿਚ ਲੱਗੇ ਦੋ ਫੁੱਲਾਂ ਦੀ ਤਰ੍ਹਾਂ ਹੁੰਦਾ ਹੈ ਜੋ ਇਕ ਦੂਜੇ ਨੂੰ

---

205. *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 700.
206. *ਉਹੀ,* ਪੰਨਾ 1028.
207. *ਉਹੀ,* ਪੰਨਾ 264.

ਮਹਿਕ ਹੀ ਨਹੀਂ ਦਿੰਦੇ ਸਗੋਂ ਉਸ ਬਗੀਚੀ ਦੀ ਸ਼ੋਭਾ ਨੂੰ ਵੀ ਵਧਾਉਂਦੇ ਹਨ। ਸਾਡੇ ਸਮਾਜ ਵਿਚ ਹਮੇਸਾ ਵੱਡਾ ਭਰਾ ਛੋਟੇ ਦੇ ਹਰ ਦੁੱਖ ਸੁੱਖ ਵਿਚ ਸਾਥ ਦਿੰਦਾ ਹੈ ਅਤੇ ਛੋਟਾ ਭਰਾ ਵੀ ਵੱਡੇ ਭਰਾ ਦਾ ਸਤਿਕਾਰ ਕਰਦਾ ਹੈ। ਅਨੇਕਾਂ ਉਦਾਹਰਣਾਂ ਸਾਡੇ ਸਮਾਜ ਵਿਚ ਭਰਾ-ਭਰਾ ਦੇ ਪਿਆਰ ਦੀਆਂ ਮਿਲਦੀਆਂ ਹਨ ਜਿਵੇ ਰਾਮ ਲੱਛਮਣ ਦੀ, ਕਿਵੇਂ ਰਾਮ ਜਦੋਂ ਬਨਵਾਸ ਲਈ ਜਾਂਦਾ ਹੈ ਤਾਂ ਲੱਛਮਣ ਵੀ ਆਪਣੇ ਭਰਾ ਰਾਮ ਦੀ ਹਰ ਮੁਸੀਬਤ ਸਮੇਂ ਉਸ ਦੇ ਨਾਲ ਰਹਿੰਦਾ ਹੈ। ਭਰਾ-ਭਰਾ ਦੇ ਰਿਸ਼ਤੇ ਦਾ ਸਾਡੇ ਸਮਾਜ ਵਿਚ ਬਹੁਤ ਸਤਿਕਾਰ ਹੈ। ਕਿਉਂਕਿ ਮਾਤਾ-ਪਿਤਾ ਤੋਂ ਬਾਅਦ ਭਰਾ ਵਿਚ ਭਰਾ ਮਾਤਾ-ਪਿਤਾ ਦੀ ਝਲਕ ਮਹਿਸੂਸ ਕਰਦਾ ਹੈ। ਭਰਾ ਕੇਵਲ ਹਮ ਜਾਏ ਹੀ ਨਹੀਂ ਹੁੰਦੇ ਸਗੋਂ ਚਾਚੇ, ਤਾਏ, ਮਾਸੀ, ਫੁਫੀ, ਮਾਮਾ ਦੇ ਪੁੱਤਰ ਵੀ ਰਿਸ਼ਤੇ ਵਿਚ ਭਰਾ ਹੀ ਲਗਦੇ ਹਨ।

ਗੁਰਬਾਣੀ ਵਿਚ ਗੁਰੂ ਨਾਨਕ ਦੇਵ ਜੀ ਨੇ ਸਕੇ ਭਰਾਵਾਂ ਦੇ ਪਿਆਰ ਨੂੰ ਇਸ ਤਰ੍ਹਾਂ ਨਿਰੂਪਣ ਕੀਤਾ ਹੈ:

ਬਾਲ ਕੰਨਿਆ ਕੌ ਬਾਪੁ ਪਿਆਰਾ ਭਾਈ ਕੌ ਅਤਿ ਭਾਈ॥ [208]

ਪਰ ਪਦਾਰਥੀ ਯੁੱਗ ਵਿਚ ਅੱਜ ਭਰਾਵਾਂ ਦੇ ਸੁਆਰਥ ਟਕਰਾ ਜਾਣ ਤਾਂ ਇਹ ਸੰਬੰਧ ਦੁਸਮਣੀ ਵਿਚ ਵੀ ਬਦਲ ਜਾਂਦੇ ਹਨ। ਉਂਝ ਭਰਾਵਾਂ ਦਾ ਟਕਰਾ ਸੰਸਾਰੀ ਮਾਇਆ, ਜ਼ਮੀਨ ਆਦਿ ਦੇ ਬਟਵਾਰੇ ਤੋਂ ਪੈਦਾ ਹੋ ਜਾਂਦਾ ਹੈ। ਸੰਸਾਰ ਦੇ ਪਦਾਰਥ ਦੋ ਭਰਾਵਾਂ ਦੇ ਚਲਦੇ ਪਿਆਰ ਵਿਚ ਦੀਵਾਰ ਬਣ ਕੇ ਖੜ ਜਾਂਦੇ ਹਨ। ਜਿਸ ਕਰਕੇ ਭਾਈਚਾਰਕ ਸਾਂਝ ਟੁੱਟ ਕੇ ਦੁਸ਼ਮਣੀ ਵਿਚ ਬਦਲ ਜਾਂਦੀ ਹੈ। ਜਿਹੜੇ ਇਕ ਦੂਜੇ ਤੋਂ ਕੁਰਬਾਨ ਹੁੰਦਿਆਂ ਸੰਕੋਚ ਨਹੀਂ ਕਰਦੇ, ਮਾਇਆ ਦੇ ਵਖਰੇਵੇਂ ਉਨ੍ਹਾਂ ਭਰਾਵਾਂ ਨੂੰ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਬਣਾ ਦਿੰਦੇ ਹਨ:

---

208. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 596.

ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ॥
ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ॥
ਭਾਈ ਮੀਤ ਕੁਟੰਬ ਦੇਖਿ ਬਿਬਾਦੇ॥
ਹਮ ਆਈ ਵਸਗਤਿ ਗੁਰ ਪਰਸਾਦੇ॥ [209]

ਗੁਰਬਾਣੀ ਵਿਚ ਉਸ ਰੱਬ ਦੇ ਪਿਆਰੇ ਨੂੰ ਅਸਲ ਭਰਾ ਮੰਨਿਆ ਹੈ, ਜੋ ਆਪ ਨਾਮ ਬਾਣੀ ਨਾਲ ਜੁੜਿਆ ਹੋਵੇ, ਪ੍ਰਭੂ ਰਸ ਵਿਚ ਭਿੱਜਿਆ ਹੋਵੇ ਅਤੇ ਰੱਬ ਦੇ ਘਰ ਦੀਆਂ ਗੱਲਾਂ ਕਰਦਾ ਹੋਵੇ ਅਤੇ ਹੋਰਨਾਂ ਨੂੰ ਵੀ ਰੱਬੀ ਰਸ ਨਾਲ ਜੋੜਨ ਵਾਲਾ ਹੋਵੇਃ

(i) ਰਾਮ ਗੋਬਿੰਦ ਜਪੇਦਿਆ ਹੋਆ ਮੁਖੁ ਪਵਿਤੁ॥
ਹਰਿ ਜਸੁ ਸੁਣੀਐ ਜਿਸ ਤੇ ਸੋਈ ਭਾਈ ਮਿਤੁ॥ [210]

(ii) ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ॥ [211]

ਗੁਰੂ ਸਾਹਿਬ ਨੇ ਗੁਰਬਾਣੀ ਵਿਚ ਭਾਈ ਸ਼ਬਦ ਸਤਿਕਾਰ ਬੋਧਕ ਸ਼ਬਦ ਵਰਤਿਆ ਹੈ। ਉਥੇ ਭਾਈ ਭਰਾ ਦੇ ਅਰਥਾਂ ਵਿਚ ਨਹੀਂ, ਗੁਰੂ ਦੇ ਭਾਣੇ ਵਿਚ, ਪ੍ਰਭੂ ਦੀ ਆਗਿਆ ਵਿਚ ਜੀਵਨ ਬਤੀਤ ਕਰਨ ਵਾਲੇ ਨੂੰ ਭਾਈ ਦਾ ਰੁਤਬਾ ਦੇ ਕੇ ਵਡਿਆਇਆ ਹੈ। ਸੋ ਪੁਰਾਤਨ ਸਮੇਂ ਜਿੰਨੇ ਵੀ ਗੁਰੂ ਦੇ ਮਹਾਨ ਸਿੱਖ ਹੋਏ ਹਨ, ਉਨ੍ਹਾਂ ਨੂੰ ਭਾਈ ਦੀ ਪਦਵੀ ਗੁਰੂ ਘਰ ਵਿਚੋਂ ਪ੍ਰਾਪਤ ਹੋਈ ਹੈ ਜਿਵੇਂ ਭਾਈ ਮਰਦਾਨਾ ਜੀ, ਭਾਈ ਬਾਲਾ ਜੀ, ਭਾਈ ਮੰਝ ਜੀ, ਭਾਈ ਗੁਰਦਾਸ ਜੀ, ਸ਼ਹੀਦ ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ ਆਦਿ। ਇਹ ਗੁਰੂ ਜੀ ਦੇ ਹੁਕਮ ਵਿਚ ਰਹੇ, ਹੁਕਮ ਵਿਚ ਰਹਿ ਕੇ ਇਨ੍ਹਾਂ ਨੇ ਸਿੱਖੀ ਦੀ ਕਮਾਈ ਕੀਤੀ।

ਅੱਜ ਦੇ ਪਦਾਰਥ ਯੁੱਗ ਵਿਚ ਮਾਇਕ ਮੋਹ ਕਰਕੇ ਭਰਾ-ਭਰਾ ਦਾ ਵੈਰੀ ਵੀ ਬਣ ਜਾਂਦਾ ਹੈ। ਇਥੋਂ ਤੱਕ ਕਿ ਉਹ ਕਤਲ ਵਰਗਾ ਜ਼ੁਰਮ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। ਉਹ ਸਾਰੇ

---

209. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 370.
210. *ਉਹੀ*, ਪੰਨਾ 218.
211. *ਉਹੀ*, ਪੰਨਾ 861.

ਰਿਸ਼ਤਿਆਂ ਦੀ ਦੀਵਾਰ ਨੂੰ ਤੋੜ ਕੇ ਮਾਇਕ ਪਦਾਰਥਾਂ ਦੇ ਨੀਚੇ ਦੱਬ ਦਿੰਦਾ ਹੈ। ਜੀਵ ਅਜਿਹੇ ਰਿਸ਼ਤਿਆਂ ਕਰਕੇ ਪ੍ਰਭੂ ਨੂੰ ਪ੍ਰਾਪਤ ਨਹੀਂ ਕਰ ਸਕਦਾ। ਅੰਤ ਵੇਲੇ ਸਕੇ-ਸੰਬੰਧੀ, ਮਿੱਤਰ ਅਤੇ ਭਰਾ ਵੀ ਸਾਥ ਛੱਡ ਜਾਂਦੇ ਹਨ:

> ਮਾਤ ਪਿਤ ਭਾਈ ਸੁਤ ਚਤੁਰਾਈ ਸੰਗਿ ਨ ਸੰਪੈ ਨਾਰੇ॥
> ਸਾਇਰ ਕੀ ਪੁਤ੍ਰੀ ਪਰਹਰਿ ਤਿਆਗੀ ਚਰਣ ਤਲੈ ਵੀਚਾਰੇ॥ [212]

ਸੋ ਇਨ੍ਹਾਂ ਗੁਰਬਾਣੀ ਪ੍ਰਮਾਣ ਤੋਂ ਸੁਤੇ ਹੀ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਸੰਸਾਰਿਕ ਰਿਸ਼ਤਿਆਂ ਅਤੇ ਭਰਾਵਾਂ ਦਾ ਮੋਹ ਨਾਲ ਨਹੀਂ ਨਿਭਦਾ। ਇਹ ਛਿਨ-ਭੰਗਰ ਹੋ ਜਾਂਦਾ ਹੈ। ਇਸ ਲਈ ਸੱਚਾ ਅਤੇ ਹਰ ਦੁੱਖ ਵਿਚ ਸਾਥ ਦੇਣ ਵਾਲਾ ਸਾਥੀ ਕੇਵਲ ਪ੍ਰਭੂ ਦਾ ਨਾਮ ਹੀ ਹੈ:

> ਹਰਿ ਬਿਨੁ ਕਉਨੁ ਸਹਾਈ ਮਨ ਕਾ॥
> ਮਾਤ ਪਿਤਾ ਭਾਈ ਸੁਤ ਬਨਿਤਾ ਹਿਤੁ ਲਾਗੋ ਸਭ ਫਨ ਕਾ॥ ਰਹਾਉ॥ [213]

## ਪਿਤਾ-ਪੁੱਤਰ

ਪਿਤਾ-ਪੁੱਤਰ ਦਾ ਰਿਸ਼ਤਾ ਬਾਕੀ ਰਿਸ਼ਤਿਆਂ ਦੀ ਤਰ੍ਹਾਂ ਬੜਾ ਹੀ ਅਹਿਮ ਰਿਸ਼ਤਾ ਹੈ। ਪਿਤਾ ਦੀ ਬੁੱਕਲ ਵਿਚ ਬਚਪਨ ਦੇ ਮੁੱਢਲੇ ਸਾਲ ਗੁਜ਼ਾਰਦਾ, ਖੇਡਦਾ, ਬੱਚਾ ਪਿਤਾ ਅਤੇ ਸਮਾਜ ਦੇ ਅਟੁੱਟ ਰਿਸ਼ਤੇ ਵਿਚ ਬੱਝ ਜਾਂਦਾ ਹੈ। ਅਜਿਹਾ ਪਿਆਰ ਪਿਤਾ-ਪੁੱਤਰ ਵਿਚਕਾਰ ਉਮਰਾਂ ਦੀ ਸਾਂਝ ਸਿਰਜ ਦਿੰਦਾ ਹੈ। ਪਿਤਾ ਦੇ ਦਿੱਤੇ ਹੋਏ ਪਿਆਰ ਦੀ ਬਰਬਾਰੀ ਕੋਈ ਨਹੀਂ ਕਰ ਸਕਦਾ, ਭਾਵੇਂ ਭੂਆ, ਚਾਚੇ-ਤਾਏ ਆਦਿ ਦਾਦਕਿਆਂ ਦੇ ਰਿਸ਼ਤੇ ਮਿਲ ਕੇ ਸੈਂਕੜੇ ਯਤਨ ਪਏ ਕਰਨ, ਇਹ ਸਾਰੇ ਰਿਸ਼ਤੇ ਪਿਤਾ ਦੇ ਸਕੇ ਭੈਣ ਭਰਾ ਹੁੰਦੇ ਹਨ ਪਰ ਪਿਤਾ ਤੋਂ ਮਿਲੇ ਪਿਆਰ ਦੀ ਬਰਾਬਰਤਾ ਨਹੀਂ ਕਰ ਸਕਦੇ। ਪਿਤਾ ਆਪਣੇ ਬੱਚੇ ਦੀ ਜ਼ਿੰਦਗੀ ਨੂੰ ਸੁਆਰਣ ਦਾ ਯਤਨ ਕਰਦਾ ਹੈ। ਪਿਤਾ ਦੇ ਬੱਚੇ ਉੱਤੇ

---

212. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 437.
213. *ਉਹੀ*, ਪੰਨਾ 1253.

ਕੀਤੇ ਇਹੋ ਜਿਹੇ ਪਰਉਪਕਾਰ ਦਾ ਕਰਜ਼ਾ ਬੱਚਾ ਜਵਾਨ ਹੋ ਕੇ ਵੀ ਨਹੀਂ ਉਤਾਰ ਸਕਦਾ। ਬੱਚਾ ਚਾਹੇ ਜਿੰਨਾ ਵੀ ਵੱਡਾ ਕਿਉਂ ਨਾ ਹੋ ਜਾਵੇ, ਜਿੰਨਾ ਮਰਜ਼ੀ ਸਿਆਣਾ ਕਿਉਂ ਨਾ ਹੋ ਜਾਵੇ, ਪਿਤਾ ਲਈ ਉਹ ਬੱਚਾ ਹੀ ਰਹਿੰਦਾ ਹੈ। ਪਿਤਾ ਤੋਂ ਵੱਡਾ ਨਹੀਂ ਹੋ ਸਕਦਾ ਜਿਵੇਂ:

> ਪਿਤਾ ਕਾ ਜਨਮੁ ਕਿ ਜਾਨੈ ਪੂਤੁ॥
> ਸਗਲ ਪਰੋਈ ਅਪੁਨੈ ਸੂਤਿ॥ [214]

ਪੁੱਤਰ ਜਿੰਨੀ ਵੀ ਗਲਤੀ ਕਰੇ, ਪਿਤਾ ਬੱਚੇ ਦੀ ਗਲਤੀ ਨੂੰ ਨਜ਼ਰ ਅੰਦਾਜ਼ ਹੀ ਨਹੀਂ ਕਰਦਾ ਸਗੋਂ ਉਸ ਨੂੰ ਮਾਫ਼ ਵੀ ਕਰ ਦਿੰਦਾ ਹੈ ਅਤੇ ਅੱਗੇ ਤੋਂ ਚੰਗੇ ਰਸਤੇ ਪਾ ਦਿੰਦਾ ਹੈ। ਗੁਰੂ ਦਾ ਫ਼ਰਮਾਨ ਹੈ:

> ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥
> ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥ [215]

ਪਿਤਾ ਦੀਆਂ ਸਿਆਣਪ ਭਰੀਆ ਗੱਲਾਂ ਦਾ ਬੋਲ-ਬੁਲਾਰਾ ਜੀਵਨ ਲਈ ਖੁਸ਼ਬੂ ਬਣ ਕੇ ਮਾਨਸਿਕ ਤ੍ਰਿਪਤੀ ਦਿੰਦਾ ਹੈ। ਪਿਤਾ ਦਾ ਸਿਰ ਉੱਚਾ ਰੱਖਣ ਨਾਲ ਇਸ ਰਿਸ਼ਤੇ ਦੀ ਉਮਰ ਲੰਮੀ ਹੀ ਨਹੀਂ ਹੁੰਦੀ, ਸਗੋਂ ਜੀਵਨ ਭਰ ਲਈ ਇਸ ਵਿਚ ਸੁੰਗਧ ਵੀ ਭਰ ਜਾਂਦੀ ਹੈ। ਹਰ ਪੁੱਤਰ ਪਿਤਾ ਤੇ ਮਾਣ ਕਰਦਾ ਹੈ ਅਤੇ ਉਸ ਤੋਂ ਹਰ ਆਸਰੇ ਦੀ ਉਮੀਦ ਕਰਦਾ ਹੈ ਕਿ ਮੇਰੇ ਪਿਤਾ ਮੇਰੇ ਹਰ ਦੁੱਖ ਸੁੱਖ ਵਿਚ ਮੇਰੀ ਸਹਾਇਤਾ ਕਰੇਗਾ। ਜਿਵੇਂ ਸੰਸਾਰੀ ਪੁੱਤਰ ਨੂੰ ਪਿਤਾ ਤੇ ਢੇਰ ਸਾਰੀਆਂ ਇੱਛਾਵਾਂ ਹੁੰਦੀਆਂ ਹਨ, ਉਸੇ ਤਰ੍ਹਾਂ ਗੁਰੂ ਦਾ ਪ੍ਰੇਰਿਆ ਅਤੇ ਨਾਮ ਰੰਗ ਵਿਚ ਰੰਗਿਆ ਮਨੁੱਖ ਪਿਤਾ (ਪਰਮਾਤਮਾ) ਤੋਂ ਸਹਾਇਤਾ ਦੀ ਆਸ ਕਰਦਾ ਹੈ ਕਿਉਂਕਿ ਗੁਰੂ ਸਾਹਿਬ ਫ਼ਰਮਾਨ ਕਰਦੇ ਹਨ ਕਿ ਅਸਲ ਪਿਤਾ ਤਾ ਪਰਮਾਤਮਾ ਹੀ ਹੈ ਜਿਸ ਨੇ ਆਪਣੇ ਪੁੱਤਰ ਦੀ ਹਰ ਕਾਮਨਾ, ਹਰ ਖਾਹਿਸ਼ ਆਦਿ ਪੂਰੀ ਕਰਨੀ ਹੈ:

---

214. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 284.
215. *ਉਹੀ*, ਪੰਨਾ 624.

ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ॥
ਬੁਲਾਇਆ ਬੋਲੈ ਗੁਰ ਕੈ ਭਾਣਿ॥ [216]

ਜਿਵੇਂ ਪੁੱਤਰ ਇਕ ਪਿਤਾ ਤੋਂ ਬਹੁਤ ਇੱਛਾਵਾਂ ਰੱਖਦਾ ਹੈ, ਉਸੇ ਤਰ੍ਹਾਂ ਪਿਤਾ ਵੀ ਪੁੱਤਰ ਤੋਂ ਆਸ ਰੱਖਦਾ ਹੈ ਕਿ ਪੁੱਤਰ ਵੱਡਾ ਹੋ ਕੇ, ਕਿਸੇ ਚੰਗੇ ਕੰਮ ਧੰਦੇ ਤੇ ਲੱਗੇਗਾ। ਇਕ ਕਮਾਊ ਸੁੱਘੜ ਤੇ ਸਿਆਣਾ ਬਣ ਕੇ ਆਪਣੇ ਟੱਬਰ ਦਾ ਵਾਰਿਸ ਬਣੇਗਾ। ਪਿਤਾ ਦੀ ਸਭ ਤੋਂ ਅਖੀਰਲੇ ਸਮੇਂ ਬੁਢਾਪੇ ਵਿਚ ਡੰਗੋਰੀ ਬਣ ਕੇ ਉਨ੍ਹਾਂ ਦੀ ਦੇਖ ਭਾਲ ਕਰੇਗਾ। ਜਦੋਂ ਜੀਵ ਦੇ ਹਿਰਦੇ ਵਿਚ ਪ੍ਰਭੂ ਪਿਤਾ ਨੇ ਪਿਆਰ ਪਾਲਿਆ ਹੋਵੇ ਤਾਂ ਜੀਵ ਇਸ ਤਰ੍ਹਾਂ ਮਹਿਸੂਸ ਕਰਦਾ ਹੈ, ਜਿਵੇਂ ਪਿਤਾ ਆਪਣੇ ਪੁੱਤਰ ਨਾਲ ਪਿਆਰ ਬਣਾਉਂਦਾ ਹੈ:

ਪਿਤਾ ਹਮਾਰੇ ਪ੍ਰਗਟੇ ਮਾਝ॥
ਪਿਤਾ ਪੂਤ ਰਲਿ ਕੀਨੀ ਸਾਂਝ॥
ਕਹੁ ਨਾਨਕ ਜਉ ਪਿਤਾ ਪਤੀਨੇ॥
ਪਿਤਾ ਪੂਤ ਏਕੈ ਰੰਗਿ ਲੀਨੇ॥ [217]

ਭਗਤ, ਸੰਤ, ਗੁਰਮੁਖ ਰੱਬ ਦੇ ਪਿਆਰੇ ਪੁੱਤਰ ਹੋਇਆ ਕਰਦੇ ਹਨ। ਰੱਬ ਦੇ ਪਿਆਰਿਆਂ ਦਾ ਮਾਣ-ਤਾਣ ਆਪਣੇ ਪ੍ਰਭੂ ਉੱਤੇ ਹੀ ਹੁੰਦਾ ਹੈ। ਸੰਸਾਰ ਵਿਚ ਮਿਲਿਆ ਮਾਣ ਜਾਂ ਅਪਮਾਨ ਪ੍ਰਭੂ ਨੂੰ ਅਰਪਨ ਕਰਦੇ ਹਨ ਜਿਵੇਂ ਪਿਤਾ ਆਪਣੇ ਪੁੱਤਰਾਂ ਨੂੰ ਕਈ ਲਾਡ ਲਡਾਉਂਦਾ ਹੈ, ਉਸੇ ਤਰ੍ਹਾਂ ਭਗਤ ਪ੍ਰਭੂ ਪਿਤਾ ਦੀ ਗੋਦ ਵਿਚ ਰਹਿ ਕੇ ਕਈ ਤਰ੍ਹਾਂ ਦੇ ਆਤਮਕ ਰੰਗ ਮਾਣਦੇ ਹਨ:

ਹਰਿ ਕੇ ਭਗਤ ਸਦਾ ਸੁਖਵਾਸੀ॥
ਬਾਲ ਸੁਭਾਇ ਅਤੀਤ ਉਦਾਸੀ॥
ਅਨਿਕ ਰੰਗ ਕਰਹਿ ਬਹੁ ਭਾਤੀ ਜਿਉ ਪਿਤਾ ਪੂਤੁ ਲਾਡਾਇਦਾ॥ [218]

---

216. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 396.
217. *ਉਹੀ*, ਪੰਨਾ 1141.
218. *ਉਹੀ*, ਪੰਨਾ 1076.

ਭਗਤ ਤਾਂ ਇਹੋ ਅਰਦਾਸ ਕਰਦੇ ਹਨ ਕਿ ਜੇ ਪਿਤਾ (ਪਰਮਾਤਮਾ) ਤੂੰ ਮੈਨੂੰ ਰਾਜਾ ਬਣਾ ਦੇਵੇਂ, ਇਸ ਦੇ ਵਿਚ ਮੇਰੀ ਕੀ ਵਡਿਆਈ? ਜੇ ਭੀਖ ਮੰਗਣ ਲਾ ਦੇਵੇ ਤਾਂ ਇਸ ਵਿਚ ਵੀ ਮੈਨੂੰ ਕੋਈ ਘਾਟਾ ਨਹੀਂ ਭਾਵ ਭੀਖ ਮੰਗਣ ਵਿਚ ਮੈਂ ਆਪਣੀ ਬੇਇਜ਼ਤੀ ਮਹਿਸੂਸ ਨਹੀਂ ਕਰਾਂਗਾ।

ਜੌ ਰਾਜੁ ਦੇਹਿ ਤ ਕਵਨ ਬਡਾਈ॥
ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ॥ [219]

ਇਕ ਵਾਰੀ ਭਗਤ ਨਾਮਦੇਵ ਜੀ ਭਗਤੀ ਦੀ ਲਹਿਰ ਵਿਚ ਆ ਕੇ ਦੇਹੁਰੇ ਦੇ ਵਿਚ ਚਲੇ ਗਏ। ਦੇਹੁਰੇ ਦੇ ਪੁਜਾਰੀ ਪਾਡਿਆਂ ਨੇ ਭਗਤ ਨਾਮਦੇਵ ਜੀ ਨੂੰ ਅਖੌਤੀ ਨੀਵੀਂ ਜਾਤੀ ਦਾ ਹੋਣ ਕਰਕੇ ਦੇਹੁਰੇ ਵਿਚੋਂ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਤਾਂ ਭਗਤ ਜੀ ਦੇਹੁਰੇ ਦੇ ਪਿਛਲੇ ਪਾਸੇ ਜਾ ਕੇ ਬੈਠ ਗਏ ਅਤੇ ਪ੍ਰਭੂ ਨਾਲ ਇਸ ਤਰ੍ਹਾਂ ਗੱਲਾਂ ਕਰਨ ਲੱਗੇ ਜਿਵੇਂ ਇਕ ਪੁੱਤਰ ਆਪਣੇ ਪਿਤਾ ਕੋਲ ਸ਼ਿਕਾਇਤਾਂ ਲਾਉਂਦਾ ਹੈ:

ਹਸਤ ਖੇਲਤ ਤੇਰੇ ਦੇਹੁਰੇ ਆਇਆ॥
ਭਗਤਿ ਕਰਤ ਨਾਮਾ ਪਕਰਿ ਉਠਾਇਆ॥
ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥
ਛੀਪੇ ਕੇ ਜਨਮਿ ਕਾਹੇ ਕਉ ਆਇਆ॥ ਰਹਾਉ॥
ਲੈ ਕਮਲੀ ਚਲਿਓ ਪਲਟਾਇ॥
ਦੇਹੁਰੈ ਪਾਛੈ ਬੈਠਾ ਜਾਇ॥
ਜਿਉ ਜਿਉ ਨਾਮਾ ਹਰਿ ਗੁਣ ਉਚਰੈ॥
ਭਗਤ ਜਨਾਂ ਕਉ ਦੇਹੁਰਾ ਫਿਰੈ॥ [220]

ਗੁਰਬਾਣੀ ਰਾਹੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਪਰਮਾਤਮਾ ਹੀ ਅਸਲ ਪਿਤਾ ਹੈ ਜੋ ਪੁੱਤਰ ਦੀ ਹਰ ਸਮੇਂ ਰੱਖਿਆ ਕਰਦਾ ਹੈ।

## ਭੈਣ-ਭਾਈ

ਸਾਰਾ ਸਮਾਜ ਸੰਸਾਰਿਕ ਪ੍ਰਬੰਧ ਦੇ ਰਿਸ਼ਤੇ-ਨਾਤਿਆਂ ਵਿਚ ਬੱਝਾ ਪਇਆ ਹੈ ਜਿਵੇਂ ਬਾਕੀ

---

219. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 525.
220. *ਉਹੀ*, ਪੰਨਾ 1164.

ਰਿਸ਼ਤਿਆਂ ਦੀ ਆਪਣੀ-ਆਪਣੀ ਥਾਂ ਮਹੱਤਵ ਹੈ। ਉਸੇ ਤਰ੍ਹਾਂ ਭੈਣ-ਭਾਈ ਦਾ ਰਿਸ਼ਤਾ ਵੀ ਬੜਾ ਅਹਿਮ ਅਤੇ ਪਿਆਰ ਭਰਿਆ ਰਿਸ਼ਤਾ ਹੈ। ਗੁਰਬਾਣੀ ਵਿਚ ਗੁਰੂ ਸਾਹਿਬ ਜੀਵਨ ਨੂੰ ਦੱਸ ਹਿੱਸਿਆ ਵਿਚ ਵੰਡ ਕੇ ਭੈਣ-ਭਾਈ ਦੇ ਰਿਸ਼ਤੇ ਨੂੰ ਅਹਿਮ ਦਰਜਾ ਦਿੰਦੇ ਹਨ:

> ਪਹਿਲੈ ਪਿਆਰਿ ਲਗਾ ਥਣ ਦੁਧਿ॥
> ਦੂਜੈ ਮਾਇ ਬਾਪ ਕੀ ਸੁਧਿ॥
> ਤੀਜੈ ਭਯਾ ਭਾਭੀ ਬੇਬ॥ [221]

ਦੁੱਖ-ਸੁੱਖ ਸਮੇਂ ਭੈਣ ਆਪਣੇ ਭਰਾ ਨੂੰ ਅਤੇ ਭਰਾ-ਭੈਣ ਨੂੰ ਯਾਦ ਕਰਦਾ ਹੈ। ਜੀਵਨ ਭਰ ਭੈਣ ਆਪਣੇ ਭਰਾ ਉਤੇ ਮਾਣ ਕਰਦੀ ਹੈ। ਅੱਜ ਦੇ ਯੁੱਗ ਵਿਚ ਭੈਣ-ਭਰਾ ਦੇ ਰਿਸ਼ਤੇ ਵਿਚ ਬਰਾਬਰਤਾ ਆ ਗਈ ਹੈ। ਚਾਹੇ ਪੜ੍ਹਾਈ ਹੋਵੇ, ਨੌਕਰੀ ਹੋਵੇ, ਜਾਂ ਕੋਈ ਵੀ ਕੰਮ ਹੋਵੇ, ਭੈਣਾਂ ਘਰ ਵਿਚੋਂ ਹਰ ਤਰ੍ਹਾਂ ਦਾ ਬਰਾਬਰਤਾ ਦਾ ਹੱਕ ਮੰਗਦੀਆਂ ਹਨ। ਸਰਕਾਰ ਨੇ ਵੀ ਭੈਣ ਦੇ ਹੱਕ ਜਿਵੇਂ ਜਾਇਦਾਦ ਵਿਚ ਭਰਾ ਦੇ ਬਰਾਬਰ ਦੇ ਹਿੱਸੇ ਰੱਖੇ ਹਨ। ਅੱਜ ਦੇ ਯੁੱਗ ਵਿਚ ਭਰਾ-ਭੈਣ ਨਾਲ ਵਿਆਹ ਕਰਵਾ ਕੇ ਵਿਦੇਸ਼ ਜਾਣ ਲੱਗੇ ਹਨ। ਅਜਿਹੇ ਪਵਿੱਤਰ ਰਿਸ਼ਤੇ ਨੂੰ ਧੱਬਾ ਲਗਾ ਰਹੇ ਹਨ। ਭਾਈ ਗੁਰਦਾਸ ਜੀ ਅਨੁਸਾਰ: ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ॥ [222] ਵਾਲਾ ਰਿਸ਼ਤਾ ਅੱਜ ਦੇ ਸਮਾਜ ਵਿਚੋਂ ਅਲੋਪ ਹੁੰਦਾ ਜਾ ਰਿਹਾ ਹੈ। ਸਮਾਜਿਕ ਰੱਖੜੀ ਵਰਗੇ ਤਿਉਹਾਰ ਵਿਚ ਜਿਥੇ ਭਰਾ-ਭੈਣ ਦੀ ਰੱਖਿਆ ਦੇ ਵਚਨ ਬੱਧ ਹੁੰਦੇ ਸੀ, ਉਸ ਉੱਤੇ ਪੂਰੇ ਨਹੀਂ ਉਤਰ ਰਹੇ। ਗੁਰਬਾਣੀ ਅਨੁਸਾਰ ਭੈਣ-ਭੈਰਾ ਦਾ ਰਿਸ਼ਤਾ ਭਾਵੇਂ ਸਮਾਜਿਕ ਤੌਰ ਤੇ ਕਿਸੇ ਹੱਦ ਤੱਕ ਆਪਸੀ ਸਹਿਯੋਗ ਦਾ ਪਾਤਰ ਬਣਦਾ ਹੈ ਪਰ ਅੰਤ ਸਮੇਂ ਸਹਾਇਤਾ ਨਹੀਂ ਕਰਦਾ ਕਿਉਂਕਿ ਮੌਤ (ਜਮਾਂ) ਦੀ

---

221. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 137.

222. ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ,* ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2●●1, ਵਾਰ 29/11, ਪੰਨਾ 183.

ਤਾਕਤ ਦੇ ਮੁਕਾਬਲੇ ਇਨ੍ਹਾਂ ਰਿਸ਼ਤਿਆਂ ਦੀ ਤਾਕਤ ਜੀਰੋਂ ਹੋ ਜਾਂਦੀ ਹੈ। ਇਸ ਸਮੇਂ ਭੈਣ-ਭਰਾ ਦੀ ਅਤੇ ਭਰਾ- ਭੈਣ ਦੀ ਸਹਾਇਤਾ ਨਹੀਂ ਕਰ ਸਕਦਾ। ਹਕੀਕਤ ਵਿਚ ਸੱਚਾ ਜੀਵ ਦਾ ਭੈਣ-ਭਰਾ ਕੇਵਲ ਪ੍ਰਭੂ ਦਾ ਨਾਮ ਹੀ ਹੈ। ਗੁਰਬਾਣੀ ਫ਼ਰਮਾਨ ਹੈ:

(i) ਵੈਦੋ ਨ ਵਾਈ ਭੈਣੋ ਨ ਭਾਈ ਏਕੋ ਸਹਾਈ ਰਾਮੁ ਹੇ।। [223]

(ii) ਸੰਗਿ ਨ ਕੋਈ ਭਈਆ ਬੇਬਾ।।
ਮਾਲੁ ਜੋਬਨੁ ਧਨੁ ਛੋਡਿ ਵਞੇਸਾ।। [224]

(iii) ਜਮਪੁਰਿ ਘੋਰ ਅੰਧਾਰੁ ਮਹਾ ਗੁਬਾਰੁ ਨਾ ਤਿਥੈ ਭੈਣ ਨ ਭਾਈ।। [225]

ਸਮਾਜਿਕ ਤੌਰ ਤੇ ਭਾਵੇਂ ਇਹ ਰਿਸ਼ਤਾ ਪਿਆਰ ਭਰਿਆ ਹੈ ਪਰ ਜਦੋਂ ਇਹ ਰਿਸ਼ਤਾ ਪਦਾਰਥਕ ਦੌੜ ਵਿਚ ਲੱਗ ਜਾਂਦਾ ਹੈ ਤਾਂ ਗੁਰਬਾਣੀ ਅਜਿਹੇ ਰਿਸ਼ਤੇ ਨੂੰ ਨਹੀਂ ਮੰਨਦੀ। ਸੱਚਾ ਰਿਸ਼ਤਾ ਗੁਰੂ ਸਾਹਿਬ ਕੇਵਲ ਪ੍ਰਭੂ ਦਾ ਨਾਮ ਹੀ ਕਹਿੰਦੇ ਹਨ।

## ਭਤੀਜਾ-ਭਤੀਜੀ

ਜਦੋਂ ਅਸੀਂ ਗੁਰਬਾਣੀ ਦੇ ਪ੍ਰਸੰਗ ਵਿਚ ਬਾਕੀ ਰਿਸ਼ਤਿਆਂ ਸੰਬੰਧੀ ਵਿਚਾਰ ਕਰਦੇ ਹਾਂ ਤਾਂ ਉਨ੍ਹਾਂ ਵਿਚ ਇਕ ਰਿਸ਼ਤਾ ਭਤੀਜਾ-ਭਤੀਜੀ ਦਾ ਵੀ ਆਉਂਦਾ ਹੈ। ਸਕੇ ਭਰਾ ਦੀ ਔਲਾਦ ਨੂੰ ਭਤੀਜਾ-ਭਤੀਜੀ ਕਿਹਾ ਜਾਂਦਾ ਹੈ। ਖ਼ੂਨ ਦੇ ਰਿਸ਼ਤੇ ਹੋਣ ਕਰਕੇ ਨੇੜੇ ਦਾ ਰਿਸ਼ਤਾ ਮੰਨਿਆ ਜਾਂਦਾ ਹੈ। ਜਦੋਂ ਇਸ ਰਿਸ਼ਤੇ ਬਾਰੇ ਗੁਰਬਾਣੀ ਦੇ ਪ੍ਰਸੰਗ ਵਿਚ ਗੱਲ ਕਰਨ ਲਈ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਨਜ਼ਰ ਮਾਰਦੇ ਹਾਂ ਤਾਂ ਇਸ ਨਾਲ ਸੰਬੰਧਤ ਹਵਾਲੇ ਬਹੁਤ ਘੱਟ ਮਿਲਦੇ ਹਨ। ਇਕ ਹਵਾਲਾ ਗੋਂਦੇ ਦੇ ਸੰਬੰਧ ਵਿਚ ਪ੍ਰਾਪਤ ਹੁੰਦਾ ਹੈ। ਜਦੋਂ ਗੋਦਾ ਲਾਲਚ ਵਸ ਹੋ ਕੇ ਗੁਰੂ ਸਾਹਿਬ ਵਿਰੁੱਧ ਹੋ ਜਾਂਦਾ ਹੈ ਤਾਂ ਸਾਰੀ ਸੰਗਤ ਅਤੇ ਅੰਗੀ ਸਾਕ ਉਸ ਨੂੰ ਮੂੰਹ ਨਹੀਂ ਲਾਉਂਦੇ। ਅਜਿਹੇ

---

223. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1●●8.
224. *ਉਹੀ*, ਪੰਨਾ 1●2●.
225. *ਉਹੀ*, ਪੰਨਾ 584.

ਹਾਲਤਾਂ ਵਿਚ ਉਸ ਦੇ ਖ਼ੂਨ ਦੇ ਰਿਸ਼ਤੇ ਵਿਚੋਂ ਉਸ ਦੇ ਭਤੀਜੇ ਅਤੇ ਨੂੰਹ ਆਪਣੇ ਘਰ ਲਿਆ ਕੇ ਸਾਂਭ ਸੰਭਾਲ ਕਰਦੇ ਹਨ। ਗੁਰਬਾਣੀ ਅਨੁਸਾਰ:

> ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ
> ਤਾ ਵਹੁਟੀ ਭਤੀਜੀ ਫਿਰਿ ਆਨਿ ਘਰਿ ਪਾਇਆ ॥
> ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ॥ [226]

ਮਨੁੱਖ ਸੰਸਾਰੀ ਰਿਸ਼ਤਿਆਂ ਨੂੰ ਮਨੁੱਖ ਸਦੀਵ ਸੱਚੇ ਜਾਣ ਕੇ ਪਿਆਰ ਕਰਦਾ ਹੈ ਪਰ ਜਦੋਂ ਬੰਦੇ ਦੀ ਉਮਰ ਪੂਰੀ ਹੋ ਜਾਣ ਤੇ ਪ੍ਰਭੂ ਦੇ ਦਰ ਤੋਂ ਹਲਕਾਰਾ (ਸੱਦਾ) ਆ ਜਾਂਦਾ ਹੈ ਤਾਂ ਇਹ ਅਤਿ ਦੇ ਪਿਆਰੇ ਸੰਬੰਧੀ, ਭਤੀਜਾ, ਭਤੀਜੇ, ਭਾਈ, ਪੁੱਤਰ ਸਾਰੇ ਰੋਦੇ ਹਨ ਜਿਵੇਂ:

> ਹਾਕਾਰਾ ਆਇਆ ਜਾ ਤਿਸੁ ਭਾਇਆ ਰੁੰਨੇ ਰੋਵਣਹਾਰੇ॥
> ਪੁਤ ਭਾਈ ਭਾਤੀਜੇ ਰੋਵਹਿ ਪ੍ਰੀਤਮ ਅਤਿ ਪਿਆਰੇ॥ [227]

## ਜਵਾਈ

ਸੰਸਾਰਿਕ ਪਸਾਰੇ ਵਿਚ ਕਈ ਰਿਸ਼ਤੇ ਮਿਲਦੇ ਹਨ, ਜਿਨ੍ਹਾਂ ਵਿਚੋਂ ਜਵਾਈ ਦਾ ਰਿਸ਼ਤਾ ਵੀ ਬੜਾ ਅਹਿਮ ਰਿਸ਼ਤਾ ਹੈ। ਧੀ ਦੇ ਪਤੀ ਨੂੰ ਜਵਾਈ ਆਖਿਆ ਜਾਂਦਾ ਹੈ। ਆਪਣੀ ਬੱਚੀ ਨੂੰ ਹਰ ਮਾਤਾ-ਪਿਤਾ ਬੜੇ ਚਾਅ ਅਤੇ ਪਿਆਰ ਨਾਲ ਪਾਲਦੇ ਹੋਏ ਵੱਡਾ ਕਰਦੇ ਹਨ। ਬੱਚੀ ਦੇ ਜੁਆਨ ਹੁੰਦਿਆਂ ਹੀ ਉਸ ਦਾ ਵਿਆਹ ਕਰਦੇ ਹਨ, ਜੋ ਕਿ ਕੁਦਰਤ ਦਾ ਨਿਯਮ ਹੈ। ਭਾਰਤੀ ਪਰੰਪਰਾ ਅਨੁਸਾਰ ਸਹੁਰੇ ਘਰ ਵਿਚ ਜਵਾਈ ਦੀ ਬਹੁਤ ਇੱਜ਼ਤ ਹੁੰਦੀ ਹੈ। ਲੜਕੀ ਦੇ ਮਾਤਾ-ਪਿਤਾ ਆਪਣੇ ਆਪ ਨੂੰ ਨੀਵਾਂ ਅਤੇ ਲੜਕੀ ਦੇ ਸਹੁਰੇ ਪਰਿਵਾਰ ਨੂੰ ਉੱਚਾ ਸਮਝਦੇ ਹਨ। ਇਥੋਂ ਤੱਕ ਕਿ ਧੀ ਦੇ ਮਾਤਾ-ਪਿਤਾ ਜਵਾਈ ਦੇ ਘਰ ਦਾ ਭੋਜਨ ਵੀ ਨਹੀਂ ਛੱਕਦੇ ਸਨ।

ਗੁਰਬਾਣੀ ਵਿਚ ਧਨ ਅਤੇ ਪਿਰ ਦੇ ਰਿਸ਼ਤੇ ਦਾ ਹਵਾਲਾ ਮੁੱਢਲੇ ਰੂਪ ਵਿਚ ਮਿਲਦਾ ਹੈ। ਪਿਰ (ਪਤੀ) ਹੈ। ਪਤੀ ਨੂੰ ਪਰਮਾਤਮਾ ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਇਸ ਨਾਲ ਸੰਬੰਧਤ ਕਈ

---

226. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 3●6.
227. *ਉਹੀ*, ਪੰਨਾ 582.

ਹਵਾਲੇ ਬਾਣੀ ਵਿਚ ਮਿਲਦੇ ਹਨ :

(i) ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ॥
ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥ [228]

(ii) ਮਾਇ ਬਾਪ ਕੋ ਬੇਟਾ ਨੀਕਾ ਸਸੁਰੈ ਚਤੁਰੁ ਜਵਾਈ॥
ਬਾਲ ਕੰਨਿਆ ਕੌ ਬਾਪੁ ਪਿਆਰਾ ਭਾਈ ਕੌ ਅਤਿ ਭਾਈ॥ [229]

## ਸੱਸ-ਨੂੰਹ

ਵਿਆਹ ਤੋਂ ਬਾਅਦ ਆਈ ਕੁੜੀ ਨੂੰ ਉਸ ਘਰ ਦੇ ਨੂੰਹ ਅਤੇ ਮੁੰਡੇ ਦੀ ਮਾਂ ਕੁੜੀ ਲਈ ਸੱਸ ਦੇ ਰਿਸ਼ਤੇ ਨਾਲ ਸੰਬੋਧਨ ਕਰਦੇ ਹਨ। ਸੱਸ-ਨੂੰਹ ਦਾ ਰਿਸ਼ਤਾ ਬੜਾ ਕੁੱੜਤਣ ਭਰਿਆ ਰਿਸ਼ਤਾ ਵੇਖਣ ਨੂੰ ਮਿਲਦਾ ਹੈ ਪਰ ਹਰ ਨੂੰਹਾਂ ਅਤੇ ਸੱਸਾਂ ਲੜਾਈ-ਝਗੜੇ ਵਾਲੀਆਂ ਨਹੀਂ ਹੁੰਦੀਆਂ। ਇਹ ਦੁੱਖ-ਸੁੱਖ ਵੇਲੇ ਇਕ ਦੂਜੇ ਦੀ ਮਦਦ ਕਰਨ ਵਿਚ ਵੀ ਸੰਕੋਚ ਨਹੀਂ ਕਰਦੀਆਂ। ਬਹੁਲਤਾ ਕੁੱੜਤਣ ਭਰਿਆਂ ਦੀ ਹੈ ਇਸ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ ਕਿ ਪੁੱਤਰ ਆਪਣੀ ਪਤਨੀ ਨੂੰ ਬਣਦਾ ਸਤਿਕਾਰ ਅਤੇ ਪਿਆਰ ਦਿੰਦਾ ਹੈ ਤਾਂ ਉਸ ਲੜਕੀ ਦੀ ਸੱਸ ਇਹ ਸਭ ਕੁਝ ਦੇਖ ਕੇ ਬਰਦਾਸ਼ਤ ਨਹੀਂ ਕਰ ਸਕਦੀ। ਉਹ ਨੂੰਹ ਨਾਲ ਈਰਖਾ ਕਰਨ ਲੱਗਦੀ ਹੈ, ਕਈ ਵਾਰ ਅਜਿਹਾ ਸੰਤਾਪ ਸੱਸ ਨੇ ਵੀ ਪਹਿਲਾਂ ਹੀ ਹੰਢਾਇਆ ਹੁੰਦਾ ਹੈ। ਇਸ ਦਾ ਬਦਲਾ ਉਹ ਆਪਣੀ ਨੂੰਹ ਤੋਂ ਲੈਣਾ ਲੋਚਦੀ ਹੈ। ਇਸੇ ਕਰਕੇ ਹੀ ਇਹ ਰਿਸ਼ਤਾ ਪਿਆਰ ਤੋਂ ਜਿਆਦਾਤਰ ਅਭਿੱਜ ਹੀ ਰਹਿੰਦਾ ਹੈ। ਗੁਰਬਾਣੀ ਵਿਚ ਵੀ ਗੁਰੂ ਸਾਹਿਬ ਅਜਿਹੇ ਬਿਰਤਾਂਤ ਨਾਲ ਮਿਲਦੀ-ਜੁਲਦੀ ਉਦਾਹਰਨ ਦਿੰਦੇ ਹਨ:

ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ॥ [230]

## ਪਿਤਾ-ਧੀ

ਗੁਰਬਾਣੀ ਵਿਚ ਗੁਰੂ ਜੀ ਉਪਦੇਸ਼ ਕਰਦੇ ਹੋਏ ਸਮਝਾਉਂਦੇ ਹਨ ਕਿ ਪ੍ਰਭੂ ਦਾ ਸਾਥ ਹੀ ਲੋਕ-ਪ੍ਰਲੋਕ ਵਿਚ ਨਾਲ ਨਿਭਦਾ ਹੈ। ਪਿਤਾ ਦੀ ਥਾਂ ਪਿਤਾ ਬਣ ਕੇ, ਮਾਤਾ ਦੀ ਥਾਂ ਮਾਤਾ ਬਣ

---

228. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 366.
229. *ਉਹੀ*, ਪੰਨਾ 596.
230. *ਉਹੀ*, ਪੰਨਾ 355.

ਕੇ, ਭਰਾ ਦੀ ਥਾਂ ਭਰਾ ਬਣ ਕੇ, ਪੁੱਤਰ -ਧੀ ਦੀ ਥਾਂ ਪੁੱਤਰ-ਧੀ ਬਣ ਕੇ। ਨਾਮ ਨੇ ਜ਼ਿੰਦ/ਆਤਮਾ ਦੀ ਸਹਾਇਤਾ ਕਰਨੀ ਹੈ, ਭਾਵੇਂ ਮਨੁੱਖ ਸੰਸਾਰਿਕ ਰਿਸ਼ਤਿਆਂ ਦੇ ਆਸਰੇ ਦੀ ਪਹਿਲਾਂ ਆਸ ਰੱਖਦਾ ਹੈ, ਪਰ ਪਹਿਲਾ ਆਸਰਾ ਨਾਮ ਦਾ ਹੀ ਹੈ। ਇਕ ਇਤਿਹਾਸਕ ਵਾਰਤਾ ਹੈ, ਜਦੋਂ ਦੁਰਯੋਧਨ ਨੇ ਪੰਚਾਲੀ (ਦਰੋਪਤੀ) ਨੂੰ ਭਰੀ ਸਭਾ ਦੇ ਵਿਚ ਨਿਰਵਸਤਰ ਕਰਨ ਦਾ ਹੁਕਮ ਕੀਤਾ ਤਾਂ ਉਸ ਨੇ ਕਈਆਂ ਦੇ ਆਸਰੇ ਤੱਕੇ, ਜਿਸ ਸਭਾ ਵਿਚ ਉਸ ਦੇ ਸਹੁਰੇ, ਗੁਰੂ ਅਤੇ ਪੰਜ ਪਤੀ ਵੀ ਬੈਠੇ ਸਨ ਪਰ ਇਸ ਸੰਕਟ ਸਮੇਂ ਕੋਈ ਵੀ ਜਦੋਂ ਆਸਰਾ ਨਾ ਬਣਿਆ ਫਿਰ ਪ੍ਰਭੂ ਚੇਤੇ ਆਇਆ। ਪ੍ਰਭੂ ਦੀ ਕ੍ਰਿਪਾ ਨਾਲ ਦਰੋਪਤੀ ਦੀ ਇਜ਼ਤ ਬਚ ਗਈ। ਸੋ ਗੁਰੂ ਸਾਹਿਬ ਗੁਰਬਾਣੀ ਵਿਚੋਂ ਇਹ ਦਲੀਲਾਂ ਦੇ ਕੇ ਸਮਝਾਉਂਦੇ ਹਨ ਕਿ ਪ੍ਰਭੂ ਦਾ ਆਸਰਾ ਸਭ ਤੋਂ ਨੇੜੇ ਅਤੇ ਪਹਿਲਾ ਹੈ:

ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥
ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ॥ [231]

ਗੁਰੂ ਦੀ ਮੱਤ ਧਾਰਨ ਕਰਨ ਤੋਂ ਬਿਨ੍ਹਾਂ ਇਹ ਜ਼ਿੰਦ ਅਨੰਤ ਜਨਮਾਂ ਵਿਚ ਭਟਕਦੀ ਰਹਿੰਦੀ ਹੈ। ਕਾਮਨਾ ਅਧੂਰੀ ਰਹਿ ਜਾਵੇ ਤਾਂ ਅਗਲਾ ਜਨਮ ਕੁਦਰਤੀ ਹੈ। ਇਹ ਕਾਮਨਾਵਾਂ ਦਾ ਇਕੱਠ ਜਨਮ ਦਰ ਜਨਮ ਵੱਧਦਾ ਰਹਿੰਦਾ ਹੈ, ਜਿਸ ਕਰਕੇ ਗੁਰੂ ਦੇ ਗਿਆਨ ਤੋਂ ਸੱਖਣੀ ਇਸ ਜਿੰਦ ਦੇ ਅਨੇਕਾਂ ਸਰੀਰ ਧਾਰਨ ਕਰਨ ਨਾਲ ਅਨੇਕਾਂ ਸੰਬੰਧ ਅਤੇ ਰਿਸ਼ਤੇ ਬਣਦੇ ਰਹਿੰਦੇ ਹਨ ਜਿਵੇਂ ਪਿਤਾ-ਪੁੱਤਰ, ਮਾਤਾ-ਪਿਤਾ, ਅਤੇ ਪਿਤਾ-ਧੀ ਦਾ। ਅਨੇਕਾਂ ਵਾਰੀ ਇਨ੍ਹਾਂ ਰਿਸ਼ਤਿਆਂ ਵਿਚ ਇਸ ਦਾ ਮੋਹ ਪੈਂਦਾ ਰਿਹਾ ਪ੍ਰੰਤੂ ਇਹ ਰਿਸ਼ਤੇ ਮਨੁੱਖ ਦੀ ਮੁਕਤੀ ਦਾ ਸਾਧਨ ਨਹੀਂ ਬਣ ਸਕੇ:

ਘਰ ਦਰ ਫਿਰਿ ਥਾਕੀ ਬਹੁਤੇਰੇ॥
ਜਾਤਿ ਅਸੰਖ ਅੰਤ ਨਹੀ ਮੇਰੇ॥
ਕੇਤੇ ਮਾਤ ਪਿਤਾ ਸੁਤ ਧੀਆ॥
ਕੇਤੇ ਗੁਰ ਚੇਲੇ ਫੁਨਿ ਹੂਆ॥
ਕਾਚੇ ਗੁਰ ਤੇ ਮੁਕਤਿ ਨ ਹੂਆ॥ [232]

---

231. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1008.
232. *ਉਹੀ*, ਪੰਨਾ 932.

ਅਨੇਕਾਂ ਜਾਤੀਆਂ (ਜੀਵਾਂ) ਦੇ ਸਰੀਰ ਇਸ ਜ਼ਿੰਦ ਨੂੰ ਹੰਢਾਉਣੇ ਪਏ ਹਨ। ਜਿਨ੍ਹਾਂ ਦੀ ਕੋਈ ਗਿਣਤੀ ਨਹੀਂ ਕੀਤੀ ਜਾ ਸਕਦੀ। ਕਿੰਨੇ ਮਾਤਾ-ਪਿਤਾ ਇਸ ਜਿੰਦ ਦੇ ਬਣਦੇ ਰਹੇ। ਕਿੰਨੇ ਹੀ ਇਸ ਦੇ ਪੁੱਤਰ, ਧੀਆਂ ਪੈਦਾ ਹੋਏ ਪਰ ਇਹ ਰਿਸ਼ਤੇ ਜ਼ਿੰਦ ਨੂੰ ਪ੍ਰਭੂ ਨਾਲ ਜੋੜ ਨਾ ਸਕੇ। ਕੇਵਲ ਪ੍ਰਭੂ ਦਾ ਨਾਮ ਹੀ ਸੱਚਾ ਰਿਸ਼ਤਾ ਹੈ ਜਿਸ ਦੇ ਸਿਮਰਨ ਨਾਲ ਇਹ ਜ਼ਿੰਦ ਜਨਮਾਂ ਦੇ ਗੇੜ ਵਿਚੋਂ ਨਿਕਲ ਕੇ ਪ੍ਰਭੂ ਵਿਚ ਲੀਨ ਹੋ ਸਕਦੀ ਹੈ ।

ਦੁਨਿਆਵੀ ਮਾਇਆ ਤਾਂ ਕੇਵਲ ਥੋੜੇ ਸਮੇਂ ਦੀ ਸਾਥਣ ਹੈ ਅੰਤ ਇਸ ਦਾ ਸਾਥ ਛੁੱਟ ਹੀ ਜਾਣਾ ਹੈ। ਇਸੇ ਤਰ੍ਹਾਂ ਪਰਮਾਤਮਾ ਦੇ ਨਾਮ ਤੋਂ ਬਿਨ੍ਹਾਂ ਪਿਉ, ਪੁੱਤਰ, ਧੀ, ਕੋਈ ਵੀ ਸਾਥ ਦੇਣ ਵਾਲੀ ਸ਼ੈਅ ਨਹੀਂ ਜਿਵੇਂ:

> ਅਨਦਿਨੁ ਸਿਮਰਹੁ ਤਾਸੁ ਕਉ ਜੋ ਅੰਤਿ ਸਹਾਈ ਹੋਇ॥
> ਇਹ ਬਿਖਿਆ ਦਿਨ ਚਾਰਿ ਛਿਅ ਛਾਡਿ ਚਲਿਓ ਸਭੁ ਕੋਇ॥
> ਕਾ ਕੋ ਮਾਤ ਪਿਤਾ ਸੁਤ ਧੀਆ॥
> ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ॥ [233]

## ਮਾਸੀ

ਮਾਂ ਦੀ ਭੈਣ ਮਾਸੀ ਅਖਵਾਉਂਦੀ ਹੈ। ਇਹ ਰਿਸ਼ਤਾ ਨਾਨਕਿਆਂ ਦੀ ਲੜੀ ਵਿਚੋਂ ਹੁੰਦਾ ਹੈ। ਅਜਿਹੇ ਅਨੇਕਾਂ ਹੀ ਰਿਸ਼ਤੇ ਸੰਸਾਰ ਵਿਚ ਜੁੜਦੇ ਹਨ। ਜੀਵ ਸੰਸਾਰ ਵਿਚ ਆਉਂਦਾ ਜਾਂਦਾ ਹੈ ਅਤੇ ਉਸ ਦੇ ਨਾਲ ਰਿਸ਼ਤਿਆਂ ਦੇ ਪੂਰ ਬਣਦੇ ਅਤੇ ਟੁੱਟਦੇ ਹਨ। ਗੁਰੂ ਸਾਹਿਬ ਨੇ ਇਨ੍ਹਾਂ ਸੰਸਾਰੀ ਰਿਸ਼ਤਿਆਂ ਨੂੰ ਬਹੁਤੀ ਅਹਿਮੀਅਤ ਨਹੀਂ ਦਿੱਤੀ। ਇਹ ਜਨਮ ਦਰ ਜਨਮ ਰਿਸ਼ਤਿਆਂ ਦਾ ਸਿਲਸਿਲਾ ਨਿਰੰਤਰ ਚਲਦਾ ਰਹਿੰਦਾ ਹੈ। ਇਨ੍ਹਾਂ ਰਿਸ਼ਤਿਆਂ ਵਿਚ ਮੋਹ ਪਾ ਕੇ ਜੀਵ ਸੰਸਾਰ ਵਿਚ ਆਉਣ-ਜਾਣ ਦੇ ਚੱਕਰ ਤੋਂ ਮੁਕਤ ਨਹੀਂ ਹੋ ਸਕਦਾ ਜਿਵੇਂ:

---

233. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 253.

ਫੁਫੀ ਨਾਨੀ ਮਾਸੀਆ ਦੇਰ ਜੇਠਾਨੜੀਆਹ॥
ਆਵਨਿ ਵੰਞਨਿ ਨਾ ਰਹਨਿ ਪੂਰ ਭਰੇ ਪਹੀਆਹ॥ [234]

## ਮਾਮਾ-ਮਾਮੀ

ਸੰਸਾਰ ਵਿਚ ਜੀਵਨ ਬਤੀਤ ਕਰਦਿਆਂ ਮਨੁੱਖ ਰਿਸ਼ਤਿਆਂ ਦੇ ਰੂਪ ਵਿਚ ਅਨੇਕਾਂ ਸੰਬੰਧ ਜੋੜਦਾ ਹੈ। ਇਨ੍ਹਾਂ ਰਿਸ਼ਤਿਆਂ ਦੀਆਂ ਦੋ ਲੜੀਆਂ ਹਨ। ਦਾਦਕਿਆਂ ਅਤੇ ਨਾਨਕਿਆਂ ਦੇ ਰਿਸ਼ਤੇ। ਭੂਆ, ਫੁੱਫੜ, ਚਾਚੇ, ਤਾਏ ਆਦਿ ਦਾਦਕਿਆਂ ਦੇ ਰਿਸ਼ਤੇ ਹਨ। ਮਾਮੀ, ਮਾਸੀ, ਮਾਮਾ, ਨਾਨਾ, ਨਾਨੀ ਆਦਿ ਨਾਨਕਿਆਂ ਦੇ ਰਿਸ਼ਤੇ ਹਨ। ਇਹ ਰਿਸ਼ਤੇ ਹਰ ਸਮੇਂ ਸਹਾਈ ਨਹੀਂ ਹੁੰਦੇ। ਗੁਰੂ ਸਾਹਿਬ ਫ਼ਰਮਾਨ ਕਰਦੇ ਹਨ:

ਮਾਮੇ ਤੈ ਮਾਮਾਣੀਆ ਭਾਇਰ ਬਾਪ ਨ ਮਾਉ॥
ਸਾਥ ਲਡੇ ਤਿਨ ਨਾਠੀਆ ਭੀੜ ਘਣੀ ਦਰੀਆਉ॥ [235]

ਇਸ ਤਰ੍ਹਾਂ ਗੁਰਬਾਣੀ ਵਾਕ ਉਚਾਰਣ ਕਰਕੇ ਗੁਰੂ ਜੀ ਨੇ ਇਨ੍ਹਾ ਰਿਸ਼ਤਿਆਂ ਨੂੰ ਝੂਠੇ ਅਤੇ ਛਿਨ-ਭੰਗਰ ਦੱਸਿਆ ਹੈ। ਇਨ੍ਹਾਂ ਸੰਸਾਰਿਕ ਰਿਸ਼ਤਿਆਂ ਦੇ ਮੁਕਾਬਲੇ ਪ੍ਰਭੂ ਦਾ ਨਾਮ ਸੱਚਾ ਸਾਥੀ ਅਤੇ ਪ੍ਰਲੋਕ ਵਿਚ ਸਹਾਇਤਾ ਕਰਨ ਵਾਲਾ ਦੱਸਿਆ।

## ਭਰਜਾਈਆਂ

ਸਮਾਜ ਵਿਚ ਵਿਚਰਦਿਆਂ ਮਨੁੱਖ ਦੇ ਅਨੇਕਾਂ ਰਿਸ਼ਤੇ ਬਣਦੇ ਹਨ। ਪਸੂ ਪੰਛੀਆਂ ਦੇ ਵੀ ਰਿਸ਼ਤੇ ਹੁੰਦੇ ਹਨ ਪਰ ਰਿਸ਼ਤੇ ਅਤੇ ਸਮਾਜ ਦੇ ਹੁੰਦਿਆਂ ਹੋਇਆਂ ਵੀ ਪਸ਼ੂ ਰਿਸ਼ਤਿਆਂ ਤੋਂ ਰਹਿਤ ਜੀਵਨ ਬਤੀਤ ਕਰਦੇ ਹਨ। ਮਨੁੱਖੀ ਜ਼ਿੰਦਗੀ ਰਿਸ਼ਤਿਆਂ ਨਾਲ ਚਲਦੀ ਹੈ। ਇਨ੍ਹਾਂ ਰਿਸ਼ਤਿਆਂ ਵਿਚੋਂ ਭੈਣਾਂ, ਭਰਜਾਈਆਂ ਦਾ ਅਹਿਮ ਰਿਸ਼ਤਾ ਹੈ ਪਰ ਐਸੇ ਰਿਸ਼ਤੇ ਸੰਸਾਰ ਵਿਚ ਤਾਂ ਸਾਥ ਦਿੰਦੇ ਹਨ ਪਰ ਫਿਰ ਵੀ ਇਨ੍ਹਾਂ ਦਾ ਸਾਥ ਸੱਚਾ ਨਹੀਂ ਹੈ। ਅੰਤ ਸਮੇਂ ਇਹ ਰਿਸ਼ਤੇ ਵੀ ਸਾਥ ਛੱਡ ਜਾਂਦੇ

---

234. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1015.
235. *ਉਹੀ*, ਪੰਨਾ 1015.

ਹਨ। ਕੇਵਲ ਗੁਰੂ ਦੀ ਸੰਗਤ ਅਤੇ ਨਾਮ ਦਾ ਸਿਮਰਨ ਹੀ ਮਨੁੱਖੀ ਜ਼ਿੰਦਗੀ ਦਾ ਅਸਲੀ ਸਾਥੀ ਹੈ:

ਨਾ ਭੈਣਾ ਭਰਜਾਈਆ ਨਾ ਸੇ ਸਸੁੜੀਆਹ॥
ਸਚਾ ਸਾਕੁ ਨ ਤੁਟਈ ਗੁਰੁ ਮੇਲੇ ਸਹੀਆਹ॥ [236]

## ਨਾਤੀ (ਪੋਤਰੇ)

ਪੁੱਤਰਾਂ ਦੇ ਬੱਚੇ-ਬੱਚੀਆਂ ਦਾ ਰਿਸ਼ਤਾ ਨਾਤੀ (ਪੋਤਰੇ) ਅਖਵਾਉਂਦੇ ਹਨ। ਜਿਨ੍ਹਾਂ ਪੋਤਰਿਆਂ ਨੂੰ ਮਨੁੱਖ ਆਪਣੇ ਬੱਚਿਆਂ ਨਾਲੋਂ ਵੀ ਜ਼ਿਆਦਾ ਪਿਆਰ ਕਰਦਾ ਹੈ। ਐਨ੍ਹਾ ਪਿਆਰ ਉਹ ਆਪਣੇ ਜੰਮੇ ਜਾਏ ਬੱਚਿਆ ਨੂੰ ਵੀ ਨਹੀਂ ਕਰਦਾ, ਪਰ ਇਸ ਦੇ ਉਲਟ ਅੱਜ ਦੇ ਸਮੇਂ ਪੋਤਰੇ ਦਾਦਾ-ਦਾਦੀ ਦਾ ਸਤਿਕਾਰ ਨਹੀਂ ਕਰਦੇ। ਆਮ ਤੌਰ ਤੇ ਮਾਇਕ ਪਦਾਰਥਾਂ ਦਾ ਮੋਹ ਹੋਣ ਕਰਕੇ ਜਾਇਦਾਦ ਲੈਣ ਤੱਕ ਹੀ ਮਕਸਦ ਹੁੰਦਾ ਹੈ। ਆਪਣੇ ਦਾਦਾ-ਦਾਦੀ ਨੂੰ ਸ਼ਾਂਤੀ ਪੂਰਵਕ ਮਾਹੌਲ ਵੀ ਨਹੀਂ ਦਿੰਦੇ, ਜਿਸ ਨਾਲ ਕਿ ਉਨ੍ਹਾਂ ਦਾ ਅਖੀਰਲਾ ਸਮਾਂ ਪ੍ਰਭੂ ਭਗਤੀ ਵਿਚ ਗੁਜ਼ਰ ਸਕੇ। ਗੁਰਬਾਣੀ ਨੇ ਵੀ ਇਸ ਰਿਸ਼ਤੇ ਨੂੰ ਝੂਠਾ ਅਤੇ ਨਾਸ਼ਵੰਤ ਦਰਸਾਇਆ ਹੈ। ਪੁਰਾਤਨ ਹਵਾਲਾ ਦੇ ਕੇ ਸਮਝਾਇਆ ਹੈ ਕਿ ਰਾਵਣ ਵਰਗੇ ਯੋਧਾ ਦੇ ਇਕ ਲੱਖ ਪੁੱਤਰ ਅਤੇ ਸਵਾ ਲੱਖ ਪੋਤਰੇ ਸੀ। ਜਿਸ ਨੂੰ ਪਰਿਵਾਰ ਦੇ ਪੋਤਰਿਆ ਤੇ ਮਾਣ ਸੀ, ਉਹ ਵੀ ਖਾਲੀ ਹੱਥ ਗਿਆ। ਕੋਈ ਵੀ ਉਸ ਦੇ ਘਰ ਰੋਸ਼ਨੀ ਕਰਨ ਵਾਲਾ ਵੀ ਨਾ ਰਿਹਾ ਜਿਵੇਂ:

ਇਕੁ ਲਖੁ ਪੂਤ ਸਵਾ ਲਖੁ ਨਾਤੀ॥
ਤਿਹ ਰਾਵਨ ਘਰ ਦੀਆ ਨ ਬਾਤੀ॥ [237]

## ਨਾਨਾ-ਨਾਨੀ

ਮਾਤਾ ਦੇ ਮਾਤਾ-ਪਿਤਾ ਰਿਸ਼ਤੇ ਵਿਚ ਬੱਚਿਆਂ ਦੇ ਨਾਨਾ-ਨਾਨੀ ਅਖਵਾਉਂਦੇ ਹਨ। ਇਹ ਰਿਸ਼ਤਾ ਪਹਿਲਾ ਪਿਆਰ ਭਰਿਆ ਸੀ। ਨਾਨਕੇ ਜਾ ਕੇ ਰਾਤ ਨੂੰ ਕਹਾਣੀਆਂ ਸੁਣਨੀਆਂ, ਪੀਘਾਂ

---

236. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1●15.
237. *ਉਹੀ*, ਪੰਨਾ 481.

ਝੂਟਣੀਆਂ ਅਤੇ ਖੇਡਾਂ ਖੇਡਣੀਆਂ ਇਹ ਸਭ ਕੁਝ ਬੱਚਿਆਂ ਤੋਂ ਆਲੋਪ ਹੁੰਦੀਆਂ ਜਾ ਰਹੀਆਂ ਹਨ। ਇਸ ਦੀ ਥਾਂ ਛੁੱਟੀਆਂ ਦੌਰਾਨ ਬੱਚਿਆ ਨੇ ਆਧੁਨਿਕ ਖੇਡਾਂ ਸਿੱਖਣੀਆਂ ਸਭਿਆਚਾਰ ਅਤੇ ਪੱਛਮੀ ਡਾਂਸ ਸਿਖਣ ਨੇ ਲੈ ਲਈਆਂ। ਬੱਚਿਆਂ ਵਿਚ ਪੜ੍ਹਾਈ ਦਾ ਬੋਝ ਵੀ ਕਾਫੀ ਵੱਧ ਗਿਆ ਹੈ। ਕੁਝ ਕੁ ਮਾਇਕ ਪਦਾਰਥਕ ਖਿੱਚ ਨੇ ਵੀ ਇਸ ਰਿਸ਼ਤੇ ਨੂੰ ਸੱਟ ਮਾਰੀ ਹੈ।

ਦੋਤਰੇ ਅਤੇ ਪੋਤਰੇ ਦੀ ਬੁੱਢੀ ਨਾਨੀ ਅਤੇ ਦਾਦੀ ਦੇ ਪਿਆਰ ਦੀ ਝਲਕ ਇਸ ਤਰ੍ਹਾਂ ਹੈ। ਪਿਆਰ ਭਿੱਜੀ ਬੁੱਢੀ ਇਸਤਰੀ ਨੇ ਦੋਤੇ ਨੂੰ ਗੋਦੀ ਚੁੱਕ ਲਿਆ ਅਤੇ ਪੋਤੇ ਨੂੰ ਆਪਣੇ ਹੱਥ ਦੀ ਉਂਗਲ ਫੜਾ ਦਿੱਤੀ ਤੇ ਬਜ਼ਾਰ ਵਿਚ ਜਾ ਰਹੀ ਸੀ। ਰਸਤੇ ਵਿਚ ਕੁੱਤਾ ਭੌਂਕਣ ਲੱਗਾ। ਗੋਦੀ ਚੁੱਕੇ ਦੋਤੇ ਨੇ ਕੁੱਤੇ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਵੱਢ ਲੈ ਨਾਨੀ ਨੂੰ। ਪਰ ਉਂਗਲੀ ਫੜੇ ਪੋਤੇ ਨੇ ਕੁੱਤੇ ਵਲ ਇਸ਼ਾਰਾ ਕਰਦਿਆਂ ਕਿਹਾ ਕਿ ਨਾ, ਇਹ ਮੇਰੀ ਦਾਦੀ ਹੈ। ਅਜਿਹੇ ਪਿਆਰ ਭਰੇ ਰਿਸ਼ਤੇ ਵੀ ਸੰਸਾਰ ਵਿਚ ਨਹੀਂ ਰਹਿੰਦੇ ਇਸ ਲਈ ਇਨ੍ਹਾਂ ਨਾਲ ਪਿਆਰ ਪਾਉਣਾ ਵਿਅਰਥ ਹੈਃ

> ਫੁਫੀ ਨਾਨੀ ਮਾਸੀਆ ਦੇਰ ਜੇਠਾਨੜੀਆਹ॥
> ਆਵਨਿ ਵੰਞਨਿ ਨਾ ਰਹਨਿ ਪੂਰ ਭਰੇ ਪਹੀਆਹ॥ [238]

## ਫੂਫਾ- ਫੁਫੀ

ਪਿਤਾ ਦੀ ਭੈਣ ਤੇ ਜੀਜਾ ਰਿਸ਼ਤੇ ਵਿਚ ਬੱਚਿਆ ਦੇ ਫੂਫਾ-ਫੂਫੀ ਅਖਵਾਉਂਦੇ ਹਨ। ਭੈਣ ਦਾ ਭਰਾ ਦੀ ਜਾਇਦਾਦ ਵਿਚੋਂ ਬਰਾਬਰਤਾ ਦਾ ਹੱਕ ਮੰਗਣ ਕਰਕੇ ਬੱਚਿਆ ਦਾ ਫੂਫਾ-ਫੂਫੀ ਦੇ ਪਿਆਰ ਵਿਚ ਕੁੜੱਤਣ ਦਾ ਆਉਣਾ ਸੁਭਾਵਿਕ ਹੈ। ਪੁਰਾਣੇ ਸਮਿਆਂ ਵਿਚ ਭੂਆ ਦਾ ਆਪਣੇ ਭਤੀਜਿਆਂ ਪ੍ਰਤੀ ਗੂੜਾ ਪਿਆਰ ਸੀ ਕਿਉਂਕਿ ਉਨ੍ਹਾਂ ਸਮਿਆਂ ਵਿਚ ਆਵਾਜਾਈ ਤੇ ਮੇਲ ਮਿਲਾਪ ਦੇ ਐਨ੍ਹੇ ਸਾਧਨ ਨਹੀਂ ਸਨ। ਭੂਆ ਆਪਣੇ ਭਰਾਵਾਂ ਅਤੇ ਭਤੀਜਿਆਂ ਦੀ ਉਡੀਕ ਕਰਦੀ ਨਹੀਂ ਸੀ ਥੱਕਦੀ। ਅੱਜ ਕੱਲ ਸੰਚਾਰ ਦੇ ਸਾਧਨ ਉੱਪਲਬਧ ਹੋਣ ਕਰਕੇ ਭਾਵੇਂ ਨੇੜਤਾ ਆਈ ਹੈ ਪਰ ਉਹ

---

238. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1●15.

ਪਿਆਰ ਭਰੀ ਮੁਹੱਬਤ ਆਲੋਪ ਹੁੰਦੀ ਜਾ ਰਹੀ ਹੈ। ਭੂਆ-ਭਤੀਜੇ ਦਾ ਉਹ ਪੁਰਾਤਨ ਪਿਆਰ ਅੱਜ ਦੇ ਪਦਾਰਥਵਾਦੀ ਯੁੱਗ ਵਿਚ ਦਿਖਾਈ ਨਹੀਂ ਦਿੰਦਾ। ਜਿਸ ਦੀ ਰੂਪ-ਰੇਖਾ ਪੁਰਾਤਨ ਲੋਕ ਗੀਤਾਂ ਵਿਚ ਚਿਤਰੀ ਗਈ ਹੈ:

ਮੁੰਡਾ ਵੀਰ ਦਾ ਭਤੀਜਾ ਮੇਰਾ।
ਭੂਆ ਕਹਿ ਕੇ ਮੱਥਾ ਟੇਕਦਾ।

ਗੁਰਬਾਣੀ ਵਿਚ ਇਸ ਰਿਸ਼ਤੇ ਦਾ ਹਵਾਲਾ ਸਾਨੂੰ ਪ੍ਰਾਪਤ ਹੁੰਦਾ ਹੈ ਕਿ ਫੂਫੀ ਨੇ ਵੀ ਅੰਤ ਸਮੇਂ ਸਾਡਾ ਸਾਥ ਨਹੀਂ ਦੇਣਾ ਜਿਵੇਂ:

ਫੁਫੀ ਨਾਨੀ ਮਾਸੀਆ ਦੇਰ ਜੇਠਾਨੜੀਆਹ।।
ਆਵਨਿ ਵੰਞਨਿ ਨਾ ਰਹਨਿ ਪੂਰ ਭਰੇ ਪਹੀਆਹ।। [239]

## ਜੇਠ-ਜਠਾਣੀ, ਦਿਉਰ - ਦਰਾਣੀ

ਪਤੀ ਦੇ ਵੱਡੇ ਭਰਾ-ਭਰਜਾਈ ਦਾ ਰਿਸ਼ਤਾ ਜੇਠ ਤੇ ਜਠਾਣੀ ਦਾ ਲੱਗਦਾ ਹੈ ਅਤੇ ਛੋਟੇ ਭਰਾ ਅਤੇ ਉਸ ਦੀ ਘਰ ਵਾਲੀ ਨੂੰ ਦਿਉਰ ਦਰਾਣੀ ਕਿਹਾ ਜਾਂਦਾ ਹੈ। ਸਮਾਜਿਕ ਤੌਰ ਤੇ ਜਾਇਦਾਦ ਦੀ ਵੰਡ ਕਰਕੇ ਅਤੇ ਸਵਾਰਥ ਦਾ ਟਕਰਾ ਆ ਜਾਣ ਕਾਰਣ ਇਸ ਰਿਸ਼ਤੇ ਵਿਚ ਕੁੜੱਤਣ ਅਤੇ ਦਰਾੜ ਆ ਜਾਂਦੀ ਹੈ। ਜੇਠਾਣੀ ਆਪਣੀ ਦਰਾਣੀ ਤੇ ਦਬਦਬਾ ਪਾਉਣਾ ਚਾਹੁੰਦੀ ਹੈ। ਪਾਉਣਾ ਕਿਉਂ ਵੀ ਨਾ ਚਾਹੁੰਦੀ ਹੋਵੇ ਕਿਉਂਕਿ ਉਹ ਜੇਠ ਨੂੰ ਵਿਆਹੀ ਅਤੇ ਦਰਾਣੀ ਤੋਂ ਪਹਿਲਾਂ ਉਸ ਘਰ ਵਿਚ ਪਰਵੇਸ਼ ਪਾ ਚੁੱਕੀ ਹੁੰਦੀ ਹੈ। ਜਿਵੇਂ ਕਿ ਇਕ ਅਖੌਤ ਹੈ 'ਘਿਉ ਬਣਾਵੇ ਤੋਰੀਆਂ ਵੱਡੀ ਬਹੂ ਦਾ ਨਾਅ।' ਪਹਿਲਾ ਵੱਡੀ ਬਹੂ (ਜੇਠਾਣੀ) ਘਰ ਵਿਚ ਪਰਵੇਸ਼ ਕੀਤਾ ਸੀ। ਰਸੋਈ ਦਾ ਸਾਰਾ ਰਾਸ਼ਨ (ਘਿਉ, ਨਮਕ, ਮਿਰਚ, ਮਸਾਲਾ ਆਦਿ) ਉਸ ਦੇ ਹੱਥ ਵਿਚ ਸੀ। ਜਦ

239. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1●15.

ਉਹ ਸਬਜ਼ੀ ਬਣਾਉਂਦੀ ਤਾਂ ਆਪਣੀ ਸਬਜ਼ੀ ਵਿਚ ਘਿਉ ਆਦਿ ਪਾਉਣ ਤੋਂ ਸੰਕੋਚ ਨਹੀਂ ਕਰਦੀ ਸੀ। ਜਿਸ ਕਰਕੇ ਸਬਜ਼ੀ ਸੁਆਦ ਬਣ ਜਾਂਦੀ ਪਰ ਜਦੋਂ ਛੋਟੀ ਬਹੂ (ਦਰਾਣੀ) ਬਣਾਉਂਦੀ ਤਾਂ ਉਸ ਨੂੰ ਸੰਕੋਚ ਨਾਲ (ਨਮਕ, ਘਿਉ ਆਦਿ) ਪਾਉਣ ਲਈ ਮਿਲਦਾ। ਜਿਸ ਕਰਕੇ ਸਬਜ਼ੀ ਸੁਆਦ ਨਹੀਂ ਸੀ ਬਣਦੀ। ਸਾਰਾ ਪਰਿਵਾਰ ਵੱਡੀ ਬਹੂ ਦੇ ਗੁਣ ਗਾਉਂਦਾ ਨਹੀਂ ਸੀ ਥੱਕਦਾ। ਜਿਸ ਦੇ ਫਲਸਰੂਪ ਛੋਟੀ ਬਹੂ ਨੂੰ ਨਿਰਾਸ਼ਾ ਹੀ ਝੱਲਣੀ ਪੈਂਦੀ ਸੀ। ਹਕੀਕਤ ਵਿਚ ਸਬਜ਼ੀ ਦਾ ਸੁਆਦਲੇ ਪਣ ਦਾ ਆਧਾਰ ਘਿਓ ਆਦਿ ਹੀ ਸੀ।

ਉਪਰੋਕਤ ਵਿਚਾਰਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਜੇਠ-ਜਠਾਣੀ ਦਾ ਪਿਆਰ ਇਨ੍ਹਾਂ ਕਾਰਨਾਂ ਕਰਕੇ ਅੱਜ ਘਟਦਾ ਜਾ ਰਿਹਾ ਹੈ। ਵੱਡਿਆਂ ਦਾ ਵੱਡਾਪਣ ਛੋਟਿਆ ਨੂੰ ਸਿਰ ਨਹੀਂ ਚੁੱਕਣ ਦਿੰਦਾ।

ਗੁਰਬਾਣੀ ਚਾਨਣ ਵਿਚ ਜੇਕਰ ਇਨ੍ਹਾਂ ਰਿਸ਼ਤਿਆਂ ਦੀ ਗਹੁ ਨਾਲ ਵਿਚਾਰ ਕਰੀਏ ਤਾਂ ਸਾਨੂੰ ਸਮਝ ਆਵੇਗੀ ਕਿ ਇਹ ਰਿਸ਼ਤੇ ਸਦਾ ਰਹਿਣ ਵਾਲੇ ਨਹੀਂ। ਸਭ ਔਖੇ ਸਮੇਂ ਸਾਥ ਛੱਡ ਜਾਣ ਵਾਲੇ ਹਨ। ਪ੍ਰਭੂ ਦੇ ਨਾਮ ਤੋਂ ਬਿਨ੍ਹਾਂ ਸਭ ਸੰਸਾਰੀ ਰਿਸ਼ਤੇ ਝੂਠੇ ਹਨ। ਇਨ੍ਹਾਂ ਰਿਸ਼ਤਿਆਂ ਵਿਚ ਕੋਈ ਸੱਚਾ ਮਿੱਤਰ ਦਿਖਾਈ ਨਹੀਂ ਦਿੰਦਾ। ਅਸਲੀ ਰਿਸ਼ਤਾ ਪਰਮੇਸਰ ਦਾ ਨਾਮ ਹੈ:

> ਫੁਫੀ ਨਾਨੀ ਮਾਸੀਆ ਦੇਰ ਜੇਠਾਨੜੀਆਹ॥
> ਆਵਨਿ ਵੰਞਨਿ ਨਾ ਰਹਨਿ ਪੂਰ ਭਰੇ ਪਹੀਆਹ॥ [240]
> ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ॥
> ਸਾਤ ਸੂਤ ਇਨਿ ਮੁਡੀਂਏ ਖੋਏ ਇਹ ਮੁਡੀਆ ਕਿਉ ਨ ਮੁਇਓ॥ [241]

ਉਪਰੋਕਤ ਵਿਚਾਰ ਚਰਚਾ ਤੋਂ ਅਸੀਂ ਇਸ **ਸਿੱਟੇ** ਤੇ ਪੁੱਜਦੇ ਹਾਂ ਕਿ ਗੁਰਬਾਣੀ ਵਿਚ ਬਹੁਤ ਸਾਰੇ ਅਜਿਹੇ ਰਿਸ਼ਤਿਆਂ ਦਾ ਜ਼ਿਕਰ ਹੋਇਆ ਹੈ ਜਿਨ੍ਹਾਂ ਦਾ ਰੂਪ ਵੀ ਸੰਸਾਰੀ ਹੈ ਅਤੇ ਅਰਥ ਵੀ

---

240. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1015.
241 . *ਉਹੀ*, ਪੰਨਾ 856.

ਸੰਸਾਰੀ ਹੈ। ਇਨ੍ਹਾਂ ਸੰਸਾਰਿਕ ਰਿਸ਼ਤਿਆਂ ਵਿਚ ਹਰ ਰਿਸ਼ਤੇ ਨਾਲ ਸੰਬੰਧਤ ਬਣਦੇ ਫਰਜ਼ਾਂ/ਕਰਤੱਵਾਂ ਬਾਰੇ ਪ੍ਰੇਰਿਆ ਗਿਆ ਹੈ, ਜਿਵੇਂ ਕਿ ਮਾਤਾ-ਪਿਤਾ ਦੇ ਰਿਸ਼ਤੇ ਵਿਚ ਮਾਤਾ-ਪਿਤਾ ਦੀਆਂ ਜ਼ਿੰਮੇਵਾਰੀਆਂ ਕੀ ਹਨ, ਪੁੱਤਰ-ਧੀ ਦੀਆਂ ਮਾਤਾ-ਪਿਤਾ ਪ੍ਰਤੀ ਕੀ ਜ਼ਿੰਮੇਵਾਰੀਆਂ ਹਨ? ਸੱਸ-ਸਹੁਰੇ ਦੀਆਂ ਆਪਣੇ ਨੂੰਹ, ਜਵਾਈ ਅਤੇ ਪੁੱਤਰ ਪ੍ਰਤੀ ਕੀ ਜ਼ਿੰਮੇਵਾਰੀਆਂ ਹਨ ਆਦਿ। ਇਨ੍ਹਾਂ ਸਾਰੇ ਰਿਸ਼ਤਿਆਂ ਵਿਚ ਸ਼ਾਮਿਲ ਜੀਵ ਦੀਆਂ ਦੇਸ਼ ਕੌਮ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀਆਂ ਨੂੰ ਵੀ ਦਰਸਾਇਆ ਗਿਆ ਹੈ।

## (ਸ) ਰਾਜਨੀਤਿਕ ਰਿਸ਼ਤੇ

ਸੰਸਾਰਿਕ ਰਿਸ਼ਤਿਆਂ ਤੋਂ ਬਾਅਦ ਸਾਨੂੰ ਰਾਜਨੀਤਿਕ ਰਿਸ਼ਤਿਆਂ ਬਾਰੇ ਜਾਣਨ ਅਤੇ ਚਰਚਾ ਕਰਨ ਦੀ ਵੀ ਲੋੜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਰਿਸ਼ਤਿਆਂ ਬਾਰੇ ਵੀ ਹਵਾਲੇ ਪ੍ਰਾਪਤ ਹਨ। ਰਾਜਨੀਤਿਕ ਰਿਸ਼ਤਿਆਂ ਦੇ ਸਿਰਲੇਖ ਅਧੀਨ ਰਾਜਨੀਤਿਕ, ਸ਼ਾਹੂਕਾਰ, ਵਪਾਰੀ ਆਦਿ ਆਉਂਦੇ ਹਨ। ਗੁਰਬਾਣੀ ਸਾਨੂੰ ਇਨ੍ਹਾਂ ਰਿਸ਼ਤਿਆਂ ਸੰਬੰਧੀ ਸੇਧ ਦਿੰਦੀ ਹੈ ਕਿ ਰਾਜੇ ਦੇ ਪਰਜਾ ਪ੍ਰਤੀ ਕੀ ਕੀ ਫਰਜ਼ ਹਨ। ਰਾਜਾ ਕਿਸ ਤਰ੍ਹਾਂ ਦਾ ਰਾਜ ਕਰੇ, ਪਰਜਾ ਆਪਣੇ ਫਰਜ਼ਾਂ ਦੀ ਪੂਰਤੀ ਕਿਵੇਂ ਕਰੇ। ਸ਼ਾਹੂਕਾਰ ਅਤੇ ਵਪਾਰੀ ਕਿਸ ਤਰ੍ਹਾਂ ਦਾ ਕਿਸ ਵਸਤੂ ਦਾ ਵਣਜ ਅਤੇ ਵਪਾਰ ਕਰਨ। ਬਾਦਸ਼ਾਹ ਨੂੰ ਸੁਚੇਤ ਕਰਦੇ ਹੋਏ ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਉਹ ਰਾਜ ਕਿਸੇ ਕੰਮ ਦਾ ਨਹੀਂ, ਜਿਸ ਨਾਲ ਪਰਜਾ ਦੀ ਸੰਤੁਸ਼ਟੀ ਨਾ ਹੋਵੇ। ਗੁਰਵਾਕ ਹੈ:

ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ॥ [242]

### ਰਾਜਾ ਤੇ ਪਰਜਾ

ਰਾਜਾ ਸ਼ਬਦ ਦਾ ਅੱਖਰੀ ਅਰਥ ਹੈ **ਰੱਜਿਆ ਹੋਇਆ, ਤ੍ਰਿਪਤ ਹੋਇਆ**। [243] ਰਾਜੇ ਦੇ ਇਹ ਅਰਥ ਇਸ ਦੇ ਚਰਿੱਤਰ ਨਾਲ ਵੀ ਮੇਲ ਖਾਂਦੇ ਹਨ। ਕਿਉਂਕਿ ਇਕ ਰੱਜਿਆ ਹੋਇਆ, ਭਰਪੂਰ, ਜਿਸ ਨੂੰ ਕਿਸੇ ਹੋਰ ਵਸਤੂ ਦੀ ਲਾਲਸਾ ਨਹੀਂ, ਉਹ ਹੀ ਆਪਣੀ ਪਰਜਾ ਵੱਲ ਸਹੀ ਰੂਪ ਵਿਚ ਧਿਆਨ ਦੇ ਸਕਦਾ ਹੈ। ਜੋ ਆਦਮੀ ਖੁਦ ਭੁੱਖਾ ਜਾ ਲੋੜਵੰਦ ਹੋਵੇਗਾ ਉਸ ਨੂੰ ਰਾਜਾ ਨਹੀਂ ਕਿਹਾ ਜਾ ਸਕਦਾ ਹੈ। ਅਜਿਹੇ ਰਾਜੇ ਦਾ ਮੁੱਢਲਾ ਫਰਜ਼ ਹੁੰਦਾ ਹੈ ਕਿ ਉਹ ਆਪਣੀ ਪਰਜਾ ਦੀਆਂ

---

242. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 745.

243. ਕਾਨ੍ਹ ਸਿੰਘ ਨਾਭਾ, (ਭਾਈ), *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960. ਪੰਨਾ 1029.

ਲੋੜਾਂ, ਰਾਖੀ, ਸੁੱਖ-ਦੁੱਖ ਆਦਿ ਦਾ ਖਿਆਲ ਰੱਖੇ ਅਤੇ ਹਰ ਕਿਸੇ ਦੇ ਬੁਨਿਆਦੀ ਹੱਕ ਅਨੁਸਾਰ ਉਸ ਦੀ ਪੂਰਤੀ ਕਰੇ।

ਦੁਨਿਆਵੀ ਤੌਰ ਤੇ ਭਾਵੇਂ ਰਾਜਾ ਇਕ ਰਿਆਸਤ ਦਾ ਸੁਤੰਤਰ ਰੂਪ ਵਿਚ ਮਾਲਕ ਹੈ ਪ੍ਰੰਤੂ ਗੁਰਬਾਣੀ ਦੇ ਪ੍ਰਸੰਗ ਵਿਚ ਇਹ ਰਾਜਾ ਭਾਵੇਂ ਕਿੰਨਾ ਵੀ ਵੱਡਾ, ਕਿੰਨੀ ਵੀ ਵੱਡੀ ਰਿਆਸਤ ਦਾ ਮਾਲਕ ਹੋਵੇ ਪ੍ਰੰਤੂ ਉਹ ਪਰਮਾਤਮਾ ਦੇ ਹੁਕਮ ਤੋਂ ਬਾਹਰ ਨਹੀਂ ਹੋ ਸਕਦਾ। ਸਾਰੇ ਰਾਜਿਆਂ ਮਹਾਰਾਜਿਆਂ, ਸ਼ਾਹਾਂ ਪਾਤਸ਼ਾਹਾਂ ਦਾ ਮਾਲਕ ਜਾਂ ਸੁਆਮੀ ਪਰਮਾਤਮਾ ਆਪ ਹੀ ਹੈ। ਰਾਜਾ ਇਕ ਰਿਆਸਤ ਦਾ ਮਾਲਕ ਹੁੰਦਾ ਹੋਇਆ ਵੀ ਪਰਮਾਤਮਾ ਦੇ ਹੁਕਮ ਵਿਚ ਆਪਣੀ ਕਾਰ ਕਰਦਾ ਹੈ। ਗੁਰੂ ਫ਼ਰਮਾਨ ਹੈ:

(i) ਮੈ ਮਨਿ ਤਨਿ ਪ੍ਰਭੂ ਧਿਆਇਆ॥
ਜੀਇ ਇਛਿਅੜਾ ਫਲੁ ਪਾਇਆ॥
ਸਾਹ ਪਾਤਿਸਾਹ ਸਿਰਿ ਖਸਮੁ ਤੂੰ ਜਪਿ ਨਾਨਕ ਜੀਵੈ ਨਾਉ ਜੀਉ॥ [244]

(ii) ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥ [245]

(iii) ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ ਮਹਿ ਭੂਮਾ॥
ਠਾਕੁਰ ਮਹਿ ਠਕੁਰਾਈ ਤੇਰੀ ਕੋਮਨ ਸਿਰਿ ਕੋਮਾ॥ [246]

ਸਾਰੇ ਸੰਸਾਰ ਦੇ ਰਾਜੇ, ਮਹਾਰਾਜੇ, ਸ਼ਾਹੂਕਾਰ, ਬਾਦਸ਼ਾਹ, ਸਰਦਾਰ, ਨਵਾਬ ਅਤੇ ਚੌਧਰੀ ਬੇਸ਼ਕ ਸੰਸਾਰ ਹੀ ਵਿਚ ਪੈਦਾ ਹੋਏ ਹਨ ਪਰ ਸਭ ਦਾ ਕਰਤਾ ਅਤੇ ਸਭ ਨੂੰ ਮਿਟਾਉਣ ਵਾਲਾ ਕੇਵਲ ਪਰਮਾਤਮਾ ਹੈ:

---

244. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 72.
245. *ਉਹੀ*, ਪੰਨਾ 6.
246. *ਉਹੀ*, ਪੰਨਾ 5●7.

ਜਿਤਨੇ ਪਤਿਸਾਹ ਸਾਹ ਰਾਜੇ ਖਾਨ ਉਮਰਾਵ ਸਿਕਦਾਰ
ਹਹਿ ਤਿਤਨੇ ਸਭਿ ਹਰਿ ਕੇ ਕੀਏ॥
ਜੋ ਕਿਛੁ ਹਰਿ ਕਰਾਵੈ ਸੁ ਓਇ ਕਰਹਿ ਸਭਿ ਹਰਿ ਕੇ ਅਰਥੀਏ॥ [247]

ਪ੍ਰਭੂ ਸਾਰੇ ਰਾਜਿਆਂ ਦਾ ਰਾਜਾ ਹੈ, ਸਭ ਸੰਸਾਰੀ ਜੀਵ ਪ੍ਰਭੂ ਰਾਜੇ ਦੇ ਦਰ ਉੱਤੇ ਮੰਗਤੇ ਹਨ:

ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥ [248]

ਸੰਸਾਰ ਦੇ ਰਾਜੇ ਕਾਲ (ਮੌਤ) ਦੇ ਅਧੀਨ ਹਨ ਪਰ ਪਰਮਾਤਮਾ (ਰਾਜਾ) ਅਮਰ ਹਸਤੀ ਦਾ ਮਾਲਕ ਹੈ। ਜਿਸ ਦੀ ਹਸਤੀ ਉਤੇ ਮੌਤ ਲਾਗੂ ਨਹੀਂ ਹੁੰਦੀ। ਗੁਰੂ ਸਾਹਿਬ ਫ਼ਰਮਾਨ ਕਰਦੇ ਹਨ ਕਿ ਸੰਸਾਰ ਦੀਆਂ ਵਡਿਆਈਆਂ ਝੂਠੀਆਂ ਹਨ, ਅਸਲੀ ਰਾਜੇ ਉਹ ਪੁਰਸ਼ ਹਨ ਜੋ ਪ੍ਰਭੂ ਦੇ ਨਾਮ ਰੰਗ ਵਿਚ ਰੰਗੇ ਹੋਏ ਹਨ, ਕਿਉਂਕਿ ਨਾਮ ਜਪਣ ਵਾਲਾ ਗੁਰਮੁਖ ਸੰਸਾਰੀ ਪਦਾਰਥਾਂ ਤੋਂ ਤ੍ਰਿਪਤ ਹੋ ਕੇ ਸੱਚਾ ਆਨੰਦ ਅਤੇ ਸੰਤੋਖ ਪ੍ਰਾਪਤ ਕਰ ਲੈਂਦਾ ਹੈ, ਅਜਿਹੇ ਗੁਰਮੁਖ ਨੂੰ ਗੁਰੂ ਸਾਹਿਬ ਪਾਤਸ਼ਾਹ ਕਹਿ ਕੇ ਵਡਿਆਈ ਦਿੰਦੇ ਹਨ। ਗੁਰਬਾਣੀ ਫ਼ਰਮਾਨ ਹੈ:

ਸੇ ਜਨ ਨਿਰਮਲ ਊਜਲੇ ਜਿ ਗੁਰਮੁਖਿ ਨਾਮਿ ਸਮਾਇ॥
ਨਾਨਕ ਹੋਰਿ ਪਤਿਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ॥ [249]

## ਪਰਮਾਤਮਾ ਆਪੇ ਰਾਜਾ ਤੇ ਪਰਜਾ ਹੈ

ਸਾਰੀ ਖਲਕਤ (ਸੰਸਾਰ) ਨੂੰ ਰਚ ਕੇ ਪ੍ਰਭੂ ਇਸ ਵਿਚ ਸਮਾਇਆ ਹੋਇਆ ਹੈ:

ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ॥
ਆਪੇ ਹੀ ਰਾਜਨੁ ਆਪੇ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ॥ [250]

---

247. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 851.
248. *ਉਹੀ*, ਪੰਨਾ 856.
249. *ਉਹੀ*, ਪੰਨਾ 1413.
250. *ਉਹੀ*, ਪੰਨਾ 827.

ਮਨੁੱਖ ਦੇ ਮਨ ਵਿਚ ਪ੍ਰਭੂ ਦਾ ਵਾਸਾ ਹੈ, ਹਰੇਕ ਜੀਵ ਦੇ ਸਰੀਰ ਵਿਚ ਉਸ ਪ੍ਰਭੂ ਦੀ ਜੋਤ ਸਮਾਈ ਹੋਈ ਹੈ। ਮਾਨੋਂ ਪ੍ਰਭੂ ਜੀਵ ਦੇ ਮਨ ਰੂਪੀ ਸਿੰਘਾਸਣ ਤੇ ਬੈਠਾ ਰਾਜ ਕਰਦਾ ਹੈ। ਉਸ ਦੇ ਹੁਕਮ ਅਨੁਸਾਰ ਹੀ ਇਹ ਜੀਵ ਆਪਣਾ ਜੀਵਨ/ਜ਼ਿੰਦਗੀ ਨੂੰ ਗੁਜ਼ਾਰਦਾ ਹੈ। ਪਰਮਾਤਮਾ ਖੁਦ ਜੀਵ ਦੇ ਮਨ ਰੂਪੀ ਸਿੰਘਾਸਣ ਤੇ ਬੈਠਾ ਚੰਗੇ-ਬੁਰੇ ਦੀ ਪਰਖ ਕਰਕੇ ਇਨਸਾਫ ਕਰਦਾ ਹੈ। ਇਸ ਵਿਚਾਰ ਤੋਂ ਸਿੱਧ ਹੁੰਦਾ ਹੈ ਕਿ ਪ੍ਰਭੂ ਆਪ ਹੀ ਰਾਜਾ ਹੈ ਤੇ ਆਪ ਹੀ ਪਰਜਾ ਹੈ:

(i) ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ॥ [251]

(ii) ਆਪੇ ਰਾਜਨੁ ਆਪੇ ਲੋਗਾ॥
ਆਪਿ ਨਿਰਬਾਣੀ ਆਪੇ ਭੋਗਾ॥
ਆਪੇ ਤਖਤਿ ਬਹੈ ਸਚੁ ਨਿਆਈ ਸਭ ਚੂਕੀ ਕੂਕ ਪੁਕਾਰਿਆ ਜੀਉ॥ [252]

ਭਾਈ ਗੁਰਦਾਸ ਜੀ ਨੇ ਦੁਨਿਆਵੀ ਰਾਜਿਆਂ ਨੂੰ ਨਾਸ਼ਵੰਤ ਸਮਝਦੇ ਹੋਏ, ਪਰਮਾਤਮਾ ਜੋ ਸਥਿਰ ਰਹਿਣ ਵਾਲਾ ਹੈ, ਉਸ ਅਕਾਲ ਪੁਰਖ ਪਰਮਾਤਮਾ ਨੂੰ ਅਸਲੀ ਰਾਜਾ ਆਖਿਆ ਹੈ ਭਾਈ ਗੁਰਦਾਸ ਜੀ ਦਾ ਕਥਨ ਹੈ:

ਸਤਿਗੁਰ ਸਚਾ ਪਾਤਿਸਾਹੁ ਬੇਪਰਵਾਹੁ ਅਥਾਹੁ ਸਹਾਬਾ॥
ਨਾਉ ਗਰੀਬ ਨਿਵਾਜੁ ਹੈ ਬੇਮੁਹਤਾਜ ਨ ਮੋਹੁ ਮੁਹਾਬਾ॥
ਬੇਸੁਮਾਰੁ ਨਿਰੰਕਾਰੁ ਹੈ ਅਲਖ ਅਪਾਰੁ ਸਲਾਹ ਸਿਵਾਬਾ॥
ਕਾਇਮੁ ਦਾਇਮੁ ਸਾਹਿਬੀ ਹਾਜਰੁ ਨਾਜਰੁ ਵੇਦ ਕਿਤਾਬਾ॥
ਅਗਮੁ ਅਡੋਲੁ ਅਤੋਲੁ ਹੈ ਤੋਲਣਹਾਰੁ ਨ ਡੰਡੀ ਛਾਬਾ॥
ਇਕ ਛਤਿ ਰਾਜੁ ਕਮਾਂਵਦਾ ਦੁਸਮਣੁ ਦੂਤ ਨ ਸੋਰ ਸਰਾਬਾ॥
ਆਦਲੁ ਅਦਲੁ ਚਲਾਇਦਾ ਜਾਲਮੁ ਜੁਲਮੁ ਨ ਜੋਰ ਜਰਾਬਾ॥
ਜਾਹਰ ਪੀਰ ਜਗਤੁ ਗੁਰੁ ਬਾਬਾ॥ [253]

---

251. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1●92.

252. *ਉਹੀ*, ਪੰਨਾ 97.

253. ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ*, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2●●1, ਵਾਰ 24/3, ਪੰਨਾ 255.

ਸ੍ਰਿਸ਼ਟੀ ਦੀ ਅਟੱਲ ਸੱਚਾਈ ਹੈ ਕਿ ਸੰਸਾਰ ਵਿਚ ਮਨੁੱਖਾ ਜੂਨੀ ਵਿਚ ਪੈਦਾ ਹੋਣ ਵਾਲਾ ਹਰ ਜੀਵ ਚਾਹੇ ਰਾਜਾ, ਪਾਤਸ਼ਾਹ, ਪਰਜਾ ਮਾਸ ਤੋਂ ਹੀ ਉਤਪੰਨ ਹੁੰਦਾ ਹੈ। ਇਸ ਤੋਂ ਭਾਵ ਇਹ ਹੈ ਕਿ ਰਾਜਾ ਤੇ ਪਰਜਾ ਵਿਚ ਸਰੀਰਕ ਰੂਪ ਅਤੇ ਪੈਦਾਇਸ਼ ਵਿਚ ਕੋਈ ਅੰਤਰ ਨਹੀਂ। ਇਹ ਕੇਵਲ ਪਰਮਾਤਮਾ ਦੀ ਬਖਸਿਸ਼ ਤੇ ਹੀ ਨਿਰਭਰ ਹੈ ਕਿ ਕੌਣ ਪਰਜਾ ਤੇ ਕੌਣ ਰਾਜਾ ਹੈ।

## ਟੈਕਸ/ਕਰ ਲੈਣਾ ਰਾਜੇ ਦੀ ਜ਼ਰੂਰਤ

ਲੋਹਾ ਜਾਂ ਸੋਨਾ ਆਦਿ ਧਾਤਾਂ ਟੁੱਟ ਜਾਣ ਤਾਂ ਲੁਹਾਰ, ਸੁਨਿਆਰ ਅਗਨੀ ਦੀ ਸਹਾਇਤਾ ਲੈ ਕੇ ਟੁੱਟੀਆ ਹੋਈਆਂ ਇਨ੍ਹਾਂ ਧਾਤਾਂ ਨੂੰ ਦੁਬਾਰਾ ਫੇਰ ਜੋੜ ਦਿੰਦੇ ਹਨ। ਪਤੀ-ਪਤਨੀ ਦੇ ਰਿਸ਼ਤੇ ਵਿਚ ਦੂਰੀ ਵੱਧ ਜਾਵੇ, ਕਲੇਸ਼ ਪੈਦਾ ਹੋ ਜਾਂਦਾ ਹੈ। ਇਸ ਟੁੱਟੇ ਹੋਏ ਰਿਸ਼ਤੇ ਨੂੰ ਪੁੱਤਰ-ਧੀ (ਔਲਾਦ) ਜੋੜ ਦਿੰਦੀ ਹੈ। ਜਦੋਂ ਰਾਜਾ-ਪਰਜਾ ਕੋਲੋਂ ਟੈਕਸ ਮੰਗਦਾ ਹੈ ਪਰ ਪਰਜਾ ਟੈਕਸ ਨਹੀਂ ਦਿੰਦੀ ਤਾਂ ਰਾਜੇ ਦੀ ਅਤੇ ਪਰਜਾ ਦੀ ਆਪਸ ਵਿਚ ਵਿਗੜ ਜਾਂਦੀ ਹੈ। ਪਰਜਾ ਵਿਚ ਬਗਾਵਤ ਸ਼ੁਰੂ ਹੋ ਜਾਂਦੀ ਹੈ। ਰਾਜੇ ਅਤੇ ਪਰਜਾ ਦਾ ਵਿਗਾੜ ਤਦ ਹੀ ਦੂਰ ਹੁੰਦਾ ਹੈ ਜਦੋਂ ਪਰਜਾ ਟੈਕਸ ਭਰਦੀ ਹੈ ਜਿਵੇਂ:

ਕੈਹਾ ਕੰਚਨੁ ਤੁਟੈ ਸਾਰੁ॥
ਅਗਨੀ ਗੰਢੁ ਪਾਏ ਲੋਹਾਰੁ॥
ਗੋਰੀ ਸੇਤੀ ਤੁਟੈ ਭਤਾਰੁ॥
ਪੁਤੀ ਗੰਢੁ ਪਵੈ ਸੰਸਾਰਿ॥
ਰਾਜਾ ਮੰਗੈ ਦਿਤੈ ਗੰਢੁ ਪਾਇ॥
ਭੁਖਿਆ ਗੰਢੁ ਪਵੈ ਜਾ ਖਾਇ॥ [254]

ਰਾਜਾ ਤੇ ਪਰਜਾ ਦੇ ਪ੍ਰਸੰਗ ਵਿਚ ਗੱਲ ਕਰਦਿਆਂ ਇਹ ਤੱਥ ਉਜਾਗਰ ਹੋਇਆ ਹੈ ਕਿ ਅਗਿਆਨਤਾ ਦੇ ਹਨ੍ਹੇਰੇ ਕਰਕੇ ਰਾਜਾ ਅਤੇ ਪਰਜਾ ਦੋਨੋਂ ਦੁਖੀ ਹਨ। ਰਾਜੇ ਨੂੰ ਆਪਣਾ ਰਾਜ,

---

254. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 143.

ਸਲਤਨਤ ਦੇ ਖੁਸ ਜਾਣ ਜਾਂ ਬਗਾਵਤ ਉੱਠ ਖੜਨ ਦਾ, ਕਿਸੇ ਹੋਰ ਰਾਜੇ ਦੇ ਹਮਲਾ ਕਰਨ ਦਾ ਡਰ ਸਤਾਉਂਦਾ ਰਹਿੰਦਾ ਹੈ ਤੇ ਉੱਧਰ ਪਰਜਾ ਲਗਾਏ ਜਾ ਰਹੇ ਟੈਕਸਾਂ, ਆਪਣੇ ਮੁੱਢਲੇ ਹੱਕਾਂ ਦੀ ਨਾ ਪ੍ਰਾਪਤੀ ਆਦਿ ਕਰਕੇ ਦੁਖੀ ਰਹਿੰਦੀ ਹੈ। ਗੁਰੂ ਸਾਹਿਬ ਇਸ ਸੰਬੰਧੀ ਫ਼ੁਰਮਾਉਂਦੇ ਹੋਏ ਕਹਿੰਦੇ ਹਨ:

ਅੰਧਕਾਰ ਸੁਖਿ ਕਬਹਿ ਨ ਸੋਈ ਹੈ॥
ਰਾਜਾ ਰੰਕੁ ਦੋਊ ਮਿਲਿ ਰੋਈ ਹੈ॥ [255]

ਅਸਲ ਵਿਚ ਇਸ ਦੁੱਖ ਜਾਂ ਡਰ ਦਾ ਜੋ ਕਾਰਨ ਉੱਪਰ ਦਰਸਾਇਆ ਗਿਆ ਹੈ ਇਸ ਦਾ ਇਲਾਜ **'ਹਰਿ ਕਾ ਨਾਮ'** ਹੈ। ਇਹ ਇਕ ਅਟੱਲ ਸਚਾਈ ਹੈ ਕਿ ਪਰਮਾਤਮਾ ਦਾ ਨਾਮ ਜਪਣ ਤੋਂ ਬਿਨ੍ਹਾਂ ਸੁੱਖ ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ। 'ਸੁਖੁ ਨਾਹੀ ਰੇ ਹਰਿ ਭਗਤਿ ਬਿਨਾ॥' [256] ਨਾਮ ਜਪਣ ਕਰਕੇ ਹੀ ਜਾਂ ਗੁਰ ਸ਼ਬਦ ਦਾ ਆਸਰਾ ਲੈਣ ਕਰਕੇ ਹੀ ਚਾਹੇ ਕੋਈ ਰਾਜਾ, ਭਾਵੇਂ ਕੋਈ ਅਤਿ ਦਾ ਗਰੀਬ ਜਾਂ ਪਰਜਾ ਹੈ, ਸੁਖੀ ਹੋਇਆ ਜਾ ਸਕਦਾ ਹੈ। ਗੁਰ ਫ਼ਰਮਾਨ ਹੈ:

(i) ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥
ਹਰਿ ਕਾ ਨਾਮੁ ਜਪਤ ਹੋਇ ਸੁਖੀਆ॥ [257]

(ii) ਖਾਨੁ ਮਲੂਕੁ ਕਹਾਵਉ ਰਾਜਾ॥
ਅਬੇ ਤਬੇ ਕੂੜੇ ਹੈ ਪਾਜਾ॥
ਬਿਨੁ ਗੁਰ ਸਬਦ ਨ ਸਵਰਸਿ ਕਾਜਾ॥ [258]

ਉਪਰੋਕਤ ਪ੍ਰਸੰਗ ਦੇ ਸੰਦਰਭ ਵਿਚ ਬਲ ਰਾਜੇ ਦੀ ਇਕ ਸਾਖੀ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਬਲ ਰਾਜੇ ਨੇ ਇੰਦਰ ਦੀ ਪਦਵੀ ਪ੍ਰਾਪਤ ਕਰਨ ਵਾਸਤੇ 1●1 ਯੱਗ ਕਰਨ ਦੀ ਲੜੀ ਦਾ ਆਗਾਜ਼ ਕੀਤਾ। ਜਦ 1●● ਯੱਗ ਸੰਪੂਰਨ ਹੋ ਗਏ ਤੇ ਅਖੀਰਲਾ ਯੱਗ ਹੋ ਰਿਹਾ ਸੀ ਤਾਂ ਇੰਦਰ ਨੂੰ ਡਰ ਹੋ

255. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 325.
256. *ਉਹੀ*, ਪੰਨਾ 21●.
257. *ਉਹੀ*, ਪੰਨਾ 264.
258. *ਉਹੀ*, ਪੰਨਾ 225.

ਗਿਆ ਕਿ ਬਲ ਮੇਰੇ ਕੋਲੋਂ ਪਦਵੀ ਨਾ ਖੋਹ ਲਵੇ। ਇੰਦਰ ਭਗਵਾਨ ਨੇ ਵਿਸ਼ਨੂੰ ਭਗਵਾਨ ਕੋਲ ਬੇਨਤੀ ਕੀਤੀ। ਵਿਸ਼ਨੂੰ ਨੇ ਬਲ ਰਾਜੇ ਨੂੰ ਫੜਨ ਵਾਸਤੇ 52 ਉਗਲਾਂ ਦਾ ਸਰੀਰ ਧਾਰਨ ਕੀਤਾ ਅਤੇ ਪੰਡਤ ਦਾ ਪਹਿਰਾਵਾ ਧਾਰਨ ਕਰਕੇ ਬਲ ਰਾਜੇ ਦੇ ਮਹਿਲਾਂ ਦੀ ਡਿਓੜ੍ਹੀ ਵਿਚ ਬੈਠ ਗਿਆ ਅਤੇ ਵੇਦਾਂ ਪੁਰਾਣਾਂ ਦੀ ਜ਼ਬਾਨੀ ਕਥਾ ਕਰਨੀ ਸ਼ੁਰੂ ਕਰ ਦਿੱਤੀ। ਜਿਸ ਨੂੰ ਸੁਣ ਕੇ ਬਲ ਰਾਜਾ ਬਹੁਤ ਪ੍ਰਭਾਵਿਤ ਹੋਇਆ ਅਤੇ ਦਖਸ਼ਣਾ ਮੰਗਣ ਲਈ ਭਗਵਾਨ ਨੂੰ ਬੇਨਤੀ ਕੀਤੀ। ਭਗਵਾਨ ਨੇ ਦੋ ਵਾਰੀ ਨਾਂਹ ਕੀਤੀ ਪਰ ਤੀਸਰੀ ਵਾਰ ਜ਼ੋਰ ਦੇਣ 'ਤੇ ਪੰਡਤ (ਭਗਵਾਨ) ਨੇ ਸਿਰਫ ਢਾਈ ਕਦਮ ਜ਼ਮੀਨ ਦੀ ਮੰਗ ਕੀਤੀ। ਜਿਸ ਦੇ ਫਲਸਰੂਪ ਰਾਜੇ ਨੇ ਢਾਈ ਗਜ਼ ਜਮੀਨ ਦੇਣ ਦਾ ਵਚਨ ਮੰਨ ਲਿਆ। ਪੰਡਤ (ਭਗਵਾਨ) ਨੇ ਰਾਜੇ ਬਲ ਨੂੰ ਲੈ ਕੇ ਦੋ ਕਦਮ ਵਿਚ ਹੀ ਸਾਰੇ ਰਾਜਪਾਟ ਦਾ ਖੇਤਰਫਲ ਮਿਣ ਦਿੱਤਾ। ਪਿੱਛੇ ਅੱਧੀ ਕਦਮ ਬਾਕੀ ਰਹਿ ਗਈ। ਪੰਡਤ (ਭਗਵਾਨ) ਨੇ ਵਚਨ ਦੁਹਰਾਉਂਦੇ ਕਿਹਾ ਕਿ ਬਾਕੀ ਦੀ ਜ਼ਮੀਨ ਕਿਥੋਂ ਪੂਰੀ ਕਰੇਂਗਾ। ਬਲ ਰਾਜਾ ਭਗਵਾਨ ਦੇ ਅੱਗੇ ਲੰਮਾ ਪੈ ਗਿਆ ਤੇ ਬੇਨਤੀ ਕੀਤੀ ਕਿ ਅੱਧਾ ਕਦਮ ਮੇਰੇ ਸਰੀਰ ਤੋਂ ਮਿਣ ਕੇ ਪੂਰੀ ਕਰ ਲਓ। ਪੰਡਤ (ਭਗਵਾਨ) ਨੇ ਉਸ ਦੇ ਸਰੀਰ ਤੇ ਪੈਰ ਧਰਦੇ ਹੀ ਰਾਜੇ ਬਲ ਨੂੰ ਪਾਤਾਲ ਲੋਕ ਵਿਚ ਧੱਕ ਦਿੱਤਾ। ਜਦੋਂ ਪੰਡਤ (ਭਗਵਾਨ) ਨੇ ਪੈਰ ਬਾਹਰ ਖਿੱਚਣ ਲੱਗੇ ਤਾ ਬਲ ਰਾਜੇ ਨੇ ਪੈਰਾਂ ਨੂੰ ਫੜ ਲਿਆ ਤੇ ਬੇਨਤੀ ਕਰਨ ਲੱਗਾ ਕਿ ਤੁਹਾਡਾ ਬਚਨ ਮੰਨਿਆ ਹੈ ਹੁਣ ਤੁਸੀਂ ਮੈਨੂੰ ਛੱਡ ਕੇ ਜਾ ਨਹੀਂ ਸਕਦੇ। ਇਹ ਸੁਣ ਕੇ ਪੰਡਤ (ਭਗਵਾਨ) ਖੁਸ਼ ਹੋਏ ਤੇ ਬਲ ਰਾਜੇ ਨੂੰ ਪਾਤਾਲ ਦਾ ਰਾਜ ਦੇ ਦਿੱਤਾ। ਉਸ ਦੇ ਦਰ ਤੇ ਸੰਤਰੀ ਬਣ ਕੇ ਪਹਿਰਾ ਦੇਣਾ ਵੀ ਮੰਨ ਲਿਆ। ਇਸ ਦਾ ਹਵਾਲਾ ਗੁਰਬਾਣੀ ਵਿਚੋਂ ਵੀ ਮਿਲਦਾ ਹੈ:

(i) ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ।। [259]

---

259. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1105.

(ii) ਬਲਿ ਰਾਜਾ ਮਾਇਆ ਅਹੰਕਾਰੀ॥
ਜਗਨ ਕਰੈ ਬਹੁ ਭਾਰ ਅਫਾਰੀ॥
ਬਿਨੁ ਗੁਰ ਪੂਛੇ ਜਾਇ ਪਇਆਰੀ॥ [26●]

ਭਾਈ ਗੁਰਦਾਸ ਦੀ ਅਨੁਸਾਰ:

ਬਲਿ ਰਾਜਾ ਘਰਿ ਆਪਣੈ ਅੰਦਰਿ ਬੈਠਾ ਜਗਿ ਕਰਾਵੈ॥
ਬਾਵਨ ਰੂਪੀ ਆਇਆ ਚਾਰਿ ਵੇਦ ਮੁਖਿ ਪਾਠ ਸੁਣਾਵੈ॥
... ... ... ... ...
ਦਿਤਾ ਰਾਜੁ ਪਤਾਲ ਦਾ ਹੋਇ ਅਧੀਨੁ ਭਗਤਿ ਜਸੁ ਗਾਵੈ॥
ਹੋਇ ਦਰਵਾਨ ਮਹਾਂ ਸੁਖੁ ਪਾਵੈ॥ [261]

ਉਪਰੋਕਤ ਵਿਚਾਰ ਤੋਂ ਸਪਸ਼ੱਟ ਹੈ ਕਿ ਬਲ ਰਾਜੇ ਵਰਗੇ ਇਸ ਸੰਸਾਰ ਤੇ ਦੁਖੀ ਵੇਖੇ ਗਏ ਹਨ ਪਰ ਜਿਨ੍ਹਾਂ ਨੇ ਪ੍ਰਭੂ ਨੂੰ ਸਿਮਰ ਲਿਆ, ਉਹ ਕੰਗਾਲ ਹੁੰਦਿਆਂ ਵੀ ਖੁਸ਼ੀਆਂ ਵਿਚ ਰਹੇ। ਇਸ ਲਈ ਬਹੁਤੀ ਮਾਇਆ ਅਤੇ ਰਾਜ ਦੇ ਸੁੱਖ ਪ੍ਰਾਪਤ ਕਰਕੇ ਮਨੁੱਖ ਦਾ ਮਨ ਸ਼ਾਂਤ ਨਹੀਂ ਹੁੰਦਾ। ਮਨ ਦੀ ਸ਼ਾਂਤੀ ਕੇਵਲ ਪ੍ਰਭੂ ਸਿਮਰਨ ਵਿਚੋਂ ਹੀ ਨਸੀਬ ਹੁੰਦੀ ਹੈ।

ਕਿਸੇ ਵਿਅਕਤੀ ਦਾ ਰਾਜਾ ਬਣ ਜਾਣਾ ਜਾਂ ਕੰਗਾਲ ਹੋ ਜਾਣ ਦੇ ਪਿੱਛੇ ਉਸ ਵਿਅਕਤੀ ਦਾ ਆਪਣਾ ਕੋਈ ਜ਼ੋਰ ਨਹੀਂ ਸਗੋਂ ਇਹ ਕੰਮ ਪਰਮਾਤਮਾ ਦੇ ਹੁਕਮ ਅਨੁਸਾਰ ਹੀ ਹੈ ਕਿ ਕੌਣ ਰਾਜਾ ਹੈ ਅਤੇ ਕੌਣ ਰੰਕ। ਕਈ ਵਾਰੀ ਤਾ ਰਾਜੇ ਰੰਕ ਬਣ ਜਾਂਦੇ ਹਨ ਤੇ ਕੰਗਾਲ ਰਾਜੇ। ਇਸ ਪਿੱਛੇ ਮਨੁੱਖ ਦੀਆਂ ਆਪਣੀਆਂ ਚਤੁਰਾਈਆਂ ਸਿਆਣਪਾਂ ਆਦਿ ਕੰਮ ਨਹੀਂ ਆਉਂਦੀਆਂ। ਸਭ ਕੁਝ ਅਕਾਲ ਪੁਰਖ ਦੀ ਰਜ਼ਾ ਵਿਚ ਹੀ ਵਾਪਰਦਾ ਹੈ। ਗੁਰਬਾਣੀ ਵਿਚੋਂ ਇਸ ਦੀ ਪ੍ਰੋੜਤਾ ਕਰਦੇ ਕਈ ਹਵਾਲੇ ਪ੍ਰਾਪਤ ਹੁੰਦੇ ਹਨ:

---

260. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 224.
261. ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2●●1, ਵਾਰ 1●/3, ਪੰਨਾ 1●3.

(i) ਜੋਗੀ ਜਤੀ ਤਪੀ ਬ੍ਰਹਮਚਾਰੀ॥
ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ॥ [262]

(ii) ਕਬ ਹੀ ਰਾਜਾ ਕਬ ਮੰਗਨਹਾਰੁ॥
ਦੂਖ ਸੂਖ ਬਾਧੌ ਸੰਸਾਰ॥ [263]

(iii) ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ॥
ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ॥ [264]

ਉਪਰੋਕਤ ਹਵਾਲਿਆਂ ਤੋਂ ਇਹ ਗੱਲ ਨਿਸ਼ਚਿਤ ਰੂਪ ਵਿਚ ਕਹੀ ਜਾ ਸਕਦੀ ਹੈ ਕਿ ਰਾਜਾ ਜਾਂ ਕੰਗਾਲ ਹੋਣਾ ਮਨੁੱਖ ਦੇ ਆਪਣੇ ਵੱਸ ਵਿਚ ਨਹੀਂ, ਪ੍ਰਭੂ ਦੀ ਨਦਰਿ ਅਨੁਸਾਰ ਹੀ ਹੈ।

ਰਾਜੇ ਦਾ ਅਸਲ ਮਨੋਰਥ ਰਾਜ ਕਰਨਾ ਅਤੇ ਆਪਣੀ ਪਰਜਾ ਨੂੰ ਸਹੂਲਤਾਂ ਦੇਣਾ ਹੈ ਪਰ ਆਮ ਮਨੁੱਖ ਤੋਂ ਲੈ ਕੇ ਰਾਜਿਆਂ ਤੱਕ ਸਭ ਵਪਾਰੀ ਗੁਰੂ ਸਾਹਿਬਾਨ ਦੇ ਸਮੇਂ ਮਾਇਆ ਦੇ ਲਾਲਚੀ ਹੋ ਚੁੱਕੇ ਸਨ। ਕੋਈ ਵੀ ਕੰਮ ਲਾਲਚ ਅਤੇ ਰਿਸ਼ਵਤ ਤੋਂ ਬਿਨ੍ਹਾਂ ਨਹੀਂ ਸੀ ਹੋ ਸਕਦਾ। ਜੇਕਰ ਅੱਜ ਇਨਸਾਫ਼ ਵੀ ਹੁੰਦਾ ਹੈ ਤਾਂ ਰਿਸ਼ਵਤ ਲੈ ਕੇ। ਇਸ ਤਰ੍ਹਾਂ ਦੇ ਰਾਜੇ ਅਤੇ ਚੌਧਰੀ ਸੰਸਾਰ ਦੇ ਲੋਕਾਂ ਕੋਲੋਂ ਰਿਸ਼ਵਤ ਨਾਲ ਠੱਗੀ ਹੋਈ ਮਾਇਆ ਦੇ ਸਹਾਰੇ ਰੰਗ ਰਲੀਆਂ ਮਾਣਦੇ ਸਨ। ਉਹ ਇਹ ਨਹੀਂ ਜਾਣਦੇ ਕਿ ਮਾਇਆ ਦੀ ਜ਼ਹਿਰ ਨਾਲ ਉਹ ਆਪਣਾ ਆਤਮਿਕ ਜੀਵਨ ਬਰਬਾਦ ਕਰ ਰਹੇ ਹਨ ਜਿਵੇਂ:

(i) ਦਰਸਨਿ ਦੇਖਿਐ ਦਇਆ ਨ ਹੋਇ॥
ਲਏ ਦਿਤੇ ਵਿਣੁ ਰਹੈ ਨ ਕੋਇ॥
ਰਾਜਾ ਨਿਆਉ ਕਰੇ ਹਥਿ ਹੋਇ॥ [265]

---

262. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 326.
263. *ਉਹੀ*, ਪੰਨਾ 1192.
264. *ਉਹੀ*, ਪੰਨਾ 1252.
265. *ਉਹੀ*, ਪੰਨਾ 35●.

(ii) ਰਯਤਿ ਰਾਜੇ ਕਹਾ ਸਬਾਏ ਦੁਹੁ ਅੰਤਰਿ ਸੋ ਜਾਸੀ।। [266]

(iii) ਭੂਪਤਿ ਰਾਜੇ ਰੰਗ ਰਾਇ ਸੰਚਹਿ ਬਿਖੁ ਮਾਇਆ।। [267]

(iv) ਇਕਿ ਰਾਜੇ ਖਾਨ ਮਲੂਕ ਕਹਹਿ ਕਹਾਵਹਿ ਕੋਈ।।
ਇਕਿ ਸਾਹ ਸਦਾਵਹਿ ਸੰਚਿ ਧਨੁ ਦੂਜੈ ਪਤਿ ਖੋਈ।। [268]

ਭਾਈ ਗੁਰਦਾਸ ਜੀ ਨੇ ਇਹੋ ਜਿਹੇ ਲਾਲਚੀ ਰਾਜਿਆਂ ਦੀ ਦਸ਼ਾ ਇਸ ਤਰ੍ਹਾਂ ਬਿਆਨ ਕੀਤੀ ਹੈ:

(i) ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕੁ ਗਵਾਈ।। [269]

(ii) ਭਏ ਬਿਅਦਲੀ ਪਾਤਸਾਹ ਕਲਿ ਕਾਤੀ ਉਮਰਾਇ ਕਸਾਈ।। [27●]

ਸੰਸਾਰ ਵਿਚ ਮਨੁੱਖ ਵਾਸਤੇ ਜੀਭ ਦਾ ਚਸਕਾ ਰਾਜਾ ਹੈ। ਜੀਭ ਦੇ ਚਸਕੇ ਦੀ ਤ੍ਰਿਪਤੀ ਕਰਨ ਲਈ ਮਨ ਵਿਚ ਪਾਪ ਪੈਦਾ ਹੁੰਦਾ ਹੈ, ਲੋਭ ਪੈਦਾ ਹੁੰਦਾ ਹੈ। ਲੋਭੀ, ਪਾਪੀ ਮਨੁੱਖ ਦੇ ਮਨ ਵਿਚ ਝੂਠ ਪੈਦਾ ਹੁੰਦਾ ਹੈ। ਗੁਰੂ ਸਾਹਿਬ ਨੇ ਝੂਠ ਨੂੰ ਚੌਧਰੀ ਅਤੇ ਲੋਭ ਨੂੰ ਰਾਜਾ ਕਿਹਾ ਹੈ:

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ।।
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ।। [271]

ਪ੍ਰਭੂ ਦੀ ਕ੍ਰਿਪਾ ਨਾਲ ਜਦੋਂ ਕਿਸੇ ਨੂੰ ਰਾਜ ਪ੍ਰਾਪਤ ਹੋ ਜਾਂਦਾ ਹੈ, ਪਰ ਉਹ ਪੁਰਸ਼ ਜੇਕਰ ਪ੍ਰਭੂ ਨੂੰ ਭੁੱਲ ਕੇ ਰਾਜ ਦੇ ਮਾਣ ਹੰਕਾਰ ਵਿਚ ਬੁਰੇ ਕੰਮ ਕਰਦਾ ਹੈ ਤਾਂ ਉਸ ਨੂੰ ਇਨ੍ਹਾਂ ਬੁਰੇ ਕਰਮਾਂ ਦਾ ਸੰਦੇਹ ਇਸ ਤਰ੍ਹਾਂ ਪਕੜ ਲੈਂਦਾ ਹੈ ਜਿਵੇਂ ਇਕ ਤੋਤਾ ਨਲਿਨੀ ਨੂੰ ਪਕੜ ਕੇ ਬੈਠ ਜਾਂਦਾ ਹੈ। ਇਸ

---

266. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1●16.
267. *ਉਹੀ*, ਪੰਨਾ 1245.
268. *ਉਹੀ*, ਪੰਨਾ 1283.
269. ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ*, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2●●1, ਵਾਰ 1/3●, ਪੰਨਾ 15.
270. *ਉਹੀ*, ਵਾਰ 1/7, ਪੰਨਾ 4.
271. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 468.

ਤਰ੍ਹਾਂ ਇਕ ਤੋਤਾ ਸ਼ਿਕਾਰੀ ਦੇ ਹੱਥ ਆ ਜਾਂਦਾ ਹੈ। ਇਹੋ ਜਿਹੇ ਹੰਕਾਰੀ ਰਾਜਿਆਂ ਦਾ ਹਸ਼ਰ ਅੰਤ ਤੋਤੇ ਵਾਲਾ ਹੀ ਹੁੰਦਾ ਹੈ। ਬੁਰੇ ਕੰਮ ਕਰਦੇ ਰਾਜਿਆਂ ਨੂੰ ਮੌਤ ਰੂਪੀ ਸ਼ਿਕਾਰੀ ਪਕੜ ਲੈਂਦਾ ਹੈ:

ਰਾਜੁ ਕਹਾਵੈ ਹਉ ਕਰਮ ਕਮਾਵੈ ਬਾਧਿਓ ਨਲਿਨੀ ਭ੍ਰਮਿ ਸੂਆ।। [272]

## ਅਸਲੀ ਰਾਜਾ ਕੌਣ

ਰਾਜਾ ਤੇ ਪਰਜਾ ਦੇ ਰਿਸ਼ਤੇ ਵਿਚ ਗੱਲ ਕਰਦਿਆਂ ਇਹ ਵਿਚਾਰ ਸਪਸ਼ੱਟ ਹੋ ਜਾਂਦਾ ਹੈ ਕਿ ਜਿਸ ਨੂੰ ਮਾਇਆ ਨਾਲ ਪਿਆਰ ਨਹੀਂ ਹੁੰਦਾ, ਆਪਣੀ ਖਲਕਤ ਨਾਲ ਪਿਆਰ ਕਰਦਾ ਹੈ। ਭਾਵ ਪ੍ਰਭੂ ਦੀ ਬਣਾਈ ਰਚਨਾ ਨਾਲ ਡੂੰਘੀ ਸਾਂਝ ਬਣਾਉਂਦਾ ਹੈ, ਉਹ ਅਸਲੀ ਰਾਜਾ ਕਹਾਉਣ ਦਾ ਹੱਕਦਾਰ ਹੈ। ਇੱਕਲੀ ਸੰਸਾਰ ਦੀ ਸ਼ਕਤੀ ਧਰਤੀ ਅਤੇ ਮਾਇਆ ਨੂੰ ਹਥਿਆਉਣ ਨਾਲ ਕੋਈ ਰਾਜਾ ਨਹੀਂ ਬਣ ਸਕਦਾ ਕਿਉਂਕਿ ਮਾਇਆ ਦਾ ਪ੍ਰੇਮੀ ਜਿਥੇ ਆਪ ਅਸ਼ਾਂਤ ਤੇ ਦੁਖੀ ਹੁੰਦਾ ਹੈ, ਉਥੇ ਆਪਣੀ ਪ੍ਰਜਾ ਨੂੰ ਵੀ ਉਹ ਦੁਖੀ ਕਰਦਾ ਹੈ:

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ।।
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ।।
ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ।। [273]

ਸੰਸਾਰ ਵਿਚ ਕੁਝ ਐਸੇ ਰਾਜੇ ਵੀ ਹੋਏ ਹਨ ਜਿਨ੍ਹਾਂ ਨੇ ਮਾਇਆ ਨਾਲ ਮੋਹ ਨਹੀਂ ਕੀਤਾ, ਆਪਣੀ ਪਰਜਾ ਨੂੰ ਸੁਖੀ ਵੇਖਣ ਲਈ ਉਹ ਯਤਨਸ਼ੀਲ ਰਹੇ ਹਨ ਜਿਵੇਂ ਰਾਜਾ ਜਨਕ ਆਦਿ। ਜਨਕ ਰਾਜੇ ਲਈ ਭਾਈ ਗੁਰਦਾਸ ਜੀ ਵਾਰਾਂ ਵਿਚ ਕਹਿੰਦੇ ਹਨ ਕਿ ਸਾਰਿਆਂ ਨਾਲੋਂ ਜੇਕਰ ਕੋਈ ਵੱਡਾ ਭਗਤ ਹੈ, ਉਸ ਦਾ ਨਾਮ **ਜਨਕ** ਹੈ। ਰਾਜਾ ਜਨਕ ਮਾਇਆ ਦੇ ਹੁੰਦਿਆਂ ਵੀ ਮਾਇਆ ਤੋਂ ਨਿਰਲੇਪ ਹੈ:

---

272. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 4●7.
273. *ਉਹੀ*, ਪੰਨਾ 1●88.

ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ॥ [274]

ਜਿਥੇ ਸੰਸਾਰ ਨਾਸ਼ਵੰਤ ਹੈ 'ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ॥' [275] ਉਥੇ ਇਸ ਦਾ ਰਾਜ ਸੰਸਾਰ ਦੀਆਂ ਪਾਤਿਸ਼ਾਹੀਆਂ ਸਭ ਝੂਠੀਆਂ ਹਨ। 'ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ॥' [276] ਭਾਵ ਸੰਸਾਰ ਦੀ ਕੋਈ ਵੀ ਹਸਤੀ ਟਿਕੀ ਰਹਿਣ ਵਾਲੀ ਨਹੀਂ ਹੈ। 'ਲੰਕਾ ਗਢੁ ਸੋਨੇ ਕਾ ਭਇਆ॥ ਮੂਰਖੁ ਰਾਵਨੁ ਕਿਆ ਲੇ ਗਇਆ॥' [277] ਸੋਨੇ ਦੇ ਕਿਲ੍ਹੇ ਦਾ ਮਾਲਕ ਰਾਵਣ ਵੀ ਇਸ ਸੰਸਾਰ ਤੇ ਨਹੀਂ ਰਿਹਾ। ਜਿੱਥੇ ਇੰਨੇ ਵੱਡੇ ਰਾਜੇ ਸਿਕਦਾਰ ਤੇ ਚੌਧਰੀ ਨਹੀਂ ਰਹੇ, ਗੁਰੂ ਸਾਹਿਬ ਕਹਿੰਦੇ ਭਾਈ! ਉਥੇ ਤੇਰੀ ਕੀ ਹਸਤੀ ਹੈ? ਜਿਵੇਂ:

ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ॥
ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੁਚੁ॥ [278]

ਇਸ ਲਈ ਸੰਸਾਰ ਦੇ ਰਾਜੇ ਝੂਠ ਦੇ ਪਸਾਰੇ ਦੇ ਉੱਚੇ-ਵੱਡੇ ਮਹਿਲਾਂ ਨੂੰ ਉਸਾਰ ਕੇ ਸੰਸਾਰ ਤੋਂ ਖਾਲੀ ਹੱਥ ਹੀ ਕੂਚ ਕਰ ਜਾਂਦੇ ਹਨ ਪਰ ਗੁਰਬਾਣੀ ਨੇ ਐਸੇ ਲਾਲਚੀ ਲੋਕਾਂ ਨੂੰ, ਜਨਤਾ ਦਾ ਖੂਨ ਪੀਣ ਵਾਲਿਆਂ ਨੂੰ ਰਾਜੇ ਨਹੀਂ ਮੰਨਿਆ। ਨਾਮ ਤੋਂ ਬਿਨ੍ਹਾਂ ਸ਼ੋਭਾ ਨਹੀਂ, ਲੋਕ-ਪ੍ਰਲੋਕ ਵਿਚ ਕੋਈ ਇੱਜ਼ਤ ਨਹੀਂ ਦਿੰਦਾ। ਨਾਮ ਨਾਲ ਜੁੜੇ ਜੀਵਨ ਵਾਲਾ ਰਾਜਾ ਹੈ:

(i) ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ॥
ਨਾਨਕ ਵਿਣੁ ਨਾਵੈ ਨਕੀ ਵਢੀ ਫਿਰਹਿ ਸੋਭਾ ਮੂਲਿ ਨ ਪਾਹਿ॥ [279]

(ii) ਨਰਪਤਿ ਰਾਜੇ ਰੰਗ ਰਸ ਮਾਣਹਿ ਬਿਨੁ ਨਾਵੈ ਪਕੜਿ ਖੜੇ ਸਭਿ ਕਲਘਾ॥ [280]

---

274. ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ*, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2001, ਵਾਰ 10/5, ਪੰਨਾ 104.
275. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1352.
276. *ਉਹੀ*, ਪੰਨਾ 936.
277. *ਉਹੀ*, ਪੰਨਾ 1158.
278. *ਉਹੀ*, ਪੰਨਾ 64.
279. *ਉਹੀ*, ਪੰਨਾ 590.
280. *ਉਹੀ*, ਪੰਨਾ 731.

(iii) ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ॥ [281]

ਕਾਲ ਐਸਾ ਬਲੀ ਤੇ ਤਾਕਤਵਰ ਹੈ। ਉਹ ਰਾਜੇ ਅਤੇ ਗਰੀਬ ਨੂੰ ਬਰਾਬਰ ਡੰਡ ਦੇ ਕੇ ਮਾਰਦਾ ਹੈ। ਸੰਸਾਰ ਦੇ ਰਾਜਿਆਂ ਦੇ ਇਹ ਮਾਇਕ ਰੰਗ ਚਾਰ ਦਿਨਾਂ ਦੇ ਲਈ ਹੀ ਹੁੰਦੇ ਹਨ ਪਰ ਮਾਇਆ ਦੀ ਖੁਮਾਰੀ ਨੇ ਜੀਵ ਦੀ ਹੋਸ਼ ਭੁਲਾ ਦਿੱਤੀ ਹੈ। ਗੁਰਬਾਣੀ ਨੇ ਮਾਇਆ ਦੇ ਰੰਗ ਨੂੰ ਕਸੁੰਭੇ ਦੇ ਫੁੱਲ ਨਾਲ ਤੁਲਨਾਇਆ ਹੈ। ਜਿਸ 'ਤੇ ਹੱਥ ਲੱਗਦਿਆ ਹੀ ਕਾਲਾ ਹੋ ਜਾਂਦਾ ਹੈ। ਮਾਇਆ ਦਾ ਰੰਗ ਕਸੁੰਭੇ ਦੇ ਫੁੱਲ ਵਾਂਗ ਕੱਚਾ ਅਤੇ ਛੇਤੀ ਬਿਨਸ ਜਾਣ ਵਾਲਾ ਹੈ। ਜਦੋਂ ਮਾਇਆਧਾਰੀ ਮਾਇਆ ਦਾ ਪ੍ਰੇਮੀ ਸੰਸਾਰ ਵਿਚੋਂ ਜਾਂਦਾ ਹੈ ਤਾਂ ਉਸ ਨੂੰ ਮਾਇਆ ਰੂਪੀ ਪਾਪ ਦਾ ਭਾਰ ਆਪਣੇ ਸਿਰ ਉੱਤੇ ਚੁੱਕ ਕੇ ਲਿਜਾਣਾ ਪੈਂਦਾ ਹੈ। ਗੁਰਬਾਣੀ ਫ਼ਰਮਾਨ ਹੈ:

ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ॥
ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ॥
ਚਲਦਿਆ ਨਾਲਿ ਨ ਚਲੈ ਸਿਰਿ ਪਾਪ ਲੈ ਜਾਵਣਾ॥
ਜਾਂ ਪਕੜਿ ਚਲਾਇਆ ਕਾਲਿ ਤਾਂ ਖਰਾ ਡਰਾਵਣਾ॥ [282]

## ਸ਼ਾਹੂਕਾਰ ਤੇ ਵਪਾਰੀ

ਸੰਸਾਰ ਵਿਚ ਜਿਤਨਾ ਵਣਜ ਤੇ ਵਪਾਰ ਹੁੰਦਾ ਹੈ ਇਸ ਦੇ ਦੋ ਪਾਤਰ ਹਨ: **ਸ਼ਾਹੂਕਾਰ ਤੇ ਵਪਾਰੀ**। ਖਜ਼ਾਨੇ ਦੇ ਮਾਲਕ ਨੂੰ 'ਸ਼ਾਹੂਕਾਰ' ਤੇ ਵਣਜ ਕਰਨ ਵਾਲੇ ਨੂੰ 'ਵਪਾਰੀ' ਕਿਹਾ ਜਾਂਦਾ ਹੈ। ਇਹ ਸਾਰੀ ਖਰੀਦ-ਵੇਚ ਪੈਸੇ ਨੂੰ ਅਧਾਰ ਬਣਾ ਕੇ ਕੀਤੀ ਜਾਂਦੀ ਹੈ। ਲਾਭ ਜਾਂ ਹਾਨੀ ਇਸ ਦਾ ਹਿੱਸਾ ਬਣੀ ਰਹਿੰਦੀ ਹੈ ਪ੍ਰੰਤੂ ਗੁਰਬਾਣੀ ਦੇ ਪ੍ਰਸੰਗ ਵਿਚ ਸਭ ਤੋਂ ਵੱਡਾ ਸ਼ਾਹੂਕਾਰ ਨਾਮ ਰੂਪੀ ਖਜ਼ਾਨੇ ਦਾ ਮਾਲਕ ਪਰਮਾਤਮਾ ਹੈ। ਸਮੁੱਚੀ ਨਾਨਕ ਨਾਮ ਲੇਵਾ ਸੰਗਤ ਵਣਜਾਰੇ ਹਨ ਕਿਉਂਕਿ ਜਗਤ ਦੇ ਜੀਵਾਂ ਨੂੰ ਜਿਥੇ ਇਹ ਜੀਵਨ ਪਰਮਾਤਮਾ ਵਲੋਂ ਮਿਲਿਆ ਹੈ, ਉਥੇ ਸਵਾਸ, ਰਹਿਣ

281. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 855.
282. *ਉਹੀ*, ਪੰਨਾ 645.

ਲਈ ਧਰਤੀ, ਪਹਿਨਣ ਲਈ ਕੱਪੜੇ, ਭੋਂਗਣ ਲਈ ਪਦਾਰਥ, ਪਰਮਾਤਮਾ ਸ਼ਾਹੂਕਾਰ ਕੋਲੋਂ ਹੀ ਪ੍ਰਾਪਤ ਹੋਏ ਹਨ:

(i) ਆਪੇ ਸਾਹ ਵਡੇ ਪ੍ਰਭ ਸੁਆਮੀ ਹਮ ਵਣਜਾਰੇ ਹਹਿ ਤਾ ਚੇ॥
ਮੇਰਾ ਮਨੁ ਤਨੁ ਜੀਉ ਰਾਸਿ ਸਭ ਤੇਰੀ ਜਨ ਨਾਨਕ ਕੇ ਸਾਹ ਪ੍ਰਭ ਸਾਚੇ॥ [283]

(ii) ਤੁਮ ਹਰਿ ਸਾਹ ਵਡੇ ਪ੍ਰਭ ਸੁਆਮੀ ਹਮ ਵਣਜਾਰੇ ਰਾਸਿ ਦੇਨ॥
ਜਨ ਨਾਨਕ ਕਉ ਦਇਆ ਪ੍ਰਭ ਧਾਰਹੁ ਲਦਿ ਵਾਖਰੁ ਹਰਿ ਹਰਿ ਲੇਨ॥ [284]

ਜਿਥੇ ਸੰਸਾਰਿਕ ਭੋਗ ਪ੍ਰਭੂ ਤੋਂ ਮਿਲੇ ਹੋਏ ਹਨ। ਉਥੇ ਉਸ ਦੇ ਨਾਲ ਜੋੜਨ ਵਾਲਾ ਨਾਮ ਵੀ ਪ੍ਰਭੂ ਦਾਤੇ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੁੰਦਾ ਹੈ:

ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥ [285]

ਸੰਸਾਰ ਵਿਚ ਜਿੰਨੇ ਵੀ ਸ਼ਾਹ, ਵਪਾਰੀ ਅਤੇ ਰਾਜੇ ਹਨ ਆਖਰ ਸਭ ਨੇ ਇਸ ਸੰਸਾਰ ਤੋਂ ਕੂਚ ਕਰਨਾ ਹੀ ਹੈ। ਇਹ ਕੁਦਰਤ ਦਾ ਨਿਯਮ ਹੈ ਕਿ ਜੋ ਵੀ ਦਿਸਦੀ ਸ਼ੈਅ ਹੈ ਸਭ ਨੂੰ ਮੌਤ ਨਿਗਲ ਜਾਵੇਗੀ:

ਬਾਦਿਸਾਹ ਸਾਹ ਵਾਪਾਰੀ ਮਰਨਾ॥
ਜੋ ਦੀਸੈ ਸੋ ਕਾਲਹਿ ਖਰਨਾ॥ [286]

ਉਪਰੋਕਤ ਪ੍ਰਸੰਗ ਵਿਚ ਇਕ ਸਾਖੀ ਦ੍ਰਿਸ਼ਟੀਗੋਚਰ ਹੈ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਸੰਸਾਰ ਦਾ ਭ੍ਰਮਣ ਕਰਦਿਆਂ ਸਿਆਲਕੋਟ ਪਹੁੰਚੇ ਤਾਂ ਉਥੇ ਇਕ ਫਕੀਰ ਸ਼ਹਿਰ ਨੂੰ ਗਰਕ ਕਰਨ ਦੀ ਮਨਸਾ ਨਾਲ ਚਲੀਹਾ ਕੱਟ ਰਿਹਾ ਸੀ। ਗੁਰੂ ਨਾਨਕ ਪਾਤਸ਼ਾਹ ਜੀ ਨੇ ਉਸ ਫਕੀਰ ਤੋਂ ਪੁੱਛਿਆ ਕਿ ਤੂੰ ਸ਼ਹਿਰ ਨੂੰ ਗਰਕ ਕਿਉਂ ਕਰਨਾ ਚਾਹੁੰਦਾ ਹੈ ਤਾਂ ਫਕੀਰ ਨੇ ਕਿਹਾ ਕਿ ਗੁਰੂ ਜੀ ਇਹ ਸ਼ਹਿਰ

---

283. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 169.
284. *ਉਹੀ*, ਪੰਨਾ 1295.
285. *ਉਹੀ*, ਪੰਨਾ 958.
286. *ਉਹੀ*, ਪੰਨਾ 74●.

ਝੂਠਿਆਂ ਦਾ ਹੈ ਇਥੇ ਝੂਠੇ ਲੋਕ ਵੱਸਦੇ ਹਨ। ਗੁਰੂ ਜੀ ਨੇ ਫਕੀਰ ਦੇ ਮਨ ਦਾ ਵਹਿਮ ਦੂਰ ਕਰਨ ਲਈ ਭਾਈ ਮਰਦਾਨੇ ਨੂੰ ਦੋ ਪੈਸੇ ਦਿੱਤੇ ਤੇ ਕਿਹਾ, ਮਰਦਾਨਿਆ! ਸ਼ਹਿਰ ਵਿਚੋਂ ਜਾ ਕੇ ਇਕ ਪੈਸੇ ਦਾ ਸੱਚ ਤੇ ਇਕ ਪੈਸੇ ਦਾ ਝੂਠ ਖਰੀਦ ਕੇ ਲੈ ਆ। ਗੁਰੂ ਜੀ ਦਾ ਹੁਕਮ ਪਾ ਕੇ ਭਾਈ ਮਰਦਾਨਾ ਸ਼ਹਿਰ ਵਿਚ ਮੂਲੇ ਖੱਤਰੀ ਦੀ ਦੁਕਾਨ ਤੇ ਪਹੁੰਚਿਆ। ਮੂਲੇ ਖੱਤਰੀ ਨੇ ਮਰਦਾਨੇ ਤੋਂ ਦੋ ਪੈਸੇ ਲਏ ਤੇ ਪਰਚੀ ਤੇ ਲਿਖ ਦਿਤਾ ਮਰਣਾ ਸੱਚ ਹੈ ਤੇ ਜਿਊਣਾ ਝੂਠ ਹੈ। ਇਸ ਤਰ੍ਹਾਂ ਗੁਰੂ ਜੀ ਨੇ ਫਕੀਰ ਨੂੰ ਸਮਝਾਇਆ। ਸਾਰੇ ਲੋਕ ਝੂਠੇ ਨਹੀਂ ਹੋ ਸਕਦੇ। ਇਸ ਸਿਆਲਕੋਟ ਵਿਚ ਸੱਚੇ ਅਤੇ ਦਰਵੇਸ਼ ਲੋਕ ਵੀ ਰਹਿੰਦੇ ਹਨ, ਜਿਨ੍ਹਾਂ ਨੇ ਮੌਤ ਨੂੰ ਸੱਚ ਜਾਣਿਆ:

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥ [287]

ਮਾਇਆ ਇੱਕਠੀ ਕਰਨ ਵਾਲੇ ਮਨੁੱਖਾਂ ਨੂੰ ਗੁਰਬਾਣੀ ਨੇ ਸ਼ਾਹੂਕਾਰ ਨਹੀਂ ਮੰਨਿਆ। ਰੱਬੀ ਦਰਗਾਹ ਵਿਚ ਉਹੀ ਸ਼ਾਹੂਕਾਰ ਸਵੀਕ੍ਰਿਤ ਹੁੰਦੇ ਹਨ, ਜਿਨ੍ਹਾਂ ਨੇ ਨਾਮ ਦਾ ਸਿਮਰਨ ਕਰਕੇ ਪ੍ਰਭੂ ਨੂੰ ਪ੍ਰਸੰਨ ਕਰ ਲਿਆ ਹੈ। ਐਸੇ ਨਾਮ ਵਿਚ ਰੰਗੇ ਹੋਏ ਪ੍ਰੇਮੀ ਸ਼ਾਹੂਕਾਰ ਹੀ ਪ੍ਰਭੂ ਨੂੰ ਭਾਉਂਦੇ ਹਨ। ਨਾਮ ਦਾ ਵਪਾਰ ਕਰਨ ਵਾਲੇ ਸਾਧੂ, ਸੰਤ ਗੁਰਮੁਖ ਸੱਚੇ ਸ਼ਾਹੂਕਾਰ ਹਨ। ਨਾਮ ਦੀ ਵਡਿਆਈ ਕਰਕੇ ਉਨ੍ਹਾਂ ਸ਼ਾਹੂਕਾਰਾਂ ਦੀ ਲੋਕ-ਪ੍ਰਲੋਕ ਵਿਚ ਇੱਜ਼ਤ ਹੁੰਦੀ ਹੈ। ਨਾਮ ਦੇ ਸੌਦੇ ਵਿਚ ਕਦੇ ਵੀ ਘਾਟਾ ਨਹੀਂ ਆਉਂਦਾ, ਨਾਮ ਦਾ ਭੰਡਾਰਾ ਅਮੁੱਲ ਹੈ। ਜਿਵੇਂ:

(i) ਧੰਨੁ ਧੰਨੁ ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ॥
ਵਣਜਾਰੇ ਸਿਖ ਆਵਦੇ ਸਬਦਿ ਲਘਾਵਣਹਾਰੁ॥ [288]

(ii) ਲਾਹਾ ਹਰਿ ਭਗਤਿ ਧਨੁ ਖਟਿਆ ਹਰਿ ਸਚੇ ਸਾਹ ਮਨਿ ਭਾਇਆ॥
ਹਰਿ ਜਪਿ ਹਰਿ ਵਖਰੁ ਲਦਿਆ ਜਮੁ ਜਾਗਾਤੀ ਨੇੜਿ ਨ ਆਇਆ॥ [289]

---

287. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 472.
288. *ਉਹੀ*, ਪੰਨਾ 313.
289. *ਉਹੀ*, ਪੰਨਾ 165.

ਜਿਨ੍ਹਾਂ ਵਪਾਰੀਆਂ ਨੂੰ ਨਾਮ ਦਾ ਵਪਾਰ ਕਰਨ ਦੀ ਸਮਝ ਸੱਚੇ ਗੁਰੂ ਨੇ ਦੇ ਦਿੱਤੀ, ਉਹ ਵਪਾਰੀ ਰੱਬੀ ਦਰਗਾਹ ਵਿਚ ਕਬੂਲ ਹੋ ਜਾਂਦੇ ਹਨ:

(i) ਖਾਣੀ ਬਾਣੀ ਤੁਝਹਿ ਸਮਾਣੀ॥
ਜੋ ਦੀਸੈ ਸਭ ਆਵਣ ਜਾਣੀ॥
ਸੇਈ ਸਾਹ ਸਚੇ ਵਾਪਾਰੀ ਸਤਿਗੁਰਿ ਬੂਝ ਬੁਝਾਈ ਹੇ॥ [290]

(ii) ਹਰਿ ਜਨ ਨੇੜਿ ਨ ਆਵਈ ਜਮਕੰਕਰ ਜਮਕਲੈ॥
ਸੇ ਸਾਹ ਸਚੇ ਵਣਜਾਰਿਆ ਜਿਨ ਹਰਿ ਧਨੁ ਪਲੈ॥
ਹਰਿ ਕਿਰਪਾ ਤੇ ਹਰਿ ਪਾਈਐ ਜਾ ਆਪਿ ਹਰਿ ਘਲੈ॥ [291]

ਸੰਸਾਰ ਦੇ ਸ਼ਾਹੂਕਾਰ ਅਤੇ ਰਾਜੇ ਆਪਣੀ ਲੋੜ ਤੋਂ ਵੱਧ ਧਨ ਅਤੇ ਪਦਾਰਥਾਂ ਨੂੰ ਜਮਾਂ ਕਰਕੇ ਮਰ ਜਾਂਦੇ ਹਨ। ਲੋੜ ਲਈ ਧਨ ਕਮਾਉਣਾ ਮਾੜਾ ਨਹੀਂ, ਲੋੜ ਲਈ ਉੱਦਮ ਕਰਨਾ ਪੈਂਦਾ ਹੈ। ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਮੰਗਣਾ ਨਹੀਂ ਸਿਖਾਇਆ। ਧਨ ਦੀ ਲੋੜ ਹੈ, ਜੀਵਨ ਨਿਰਬਾਹ ਵਾਸਤੇ, ਅੰਨ ਦੀ ਸਰੀਰ ਨੂੰ ਚਲਾਉਣ ਵਾਸਤੇ। ਗੁਰੂ ਜੀ ਦਾ ਉਪਦੇਸ਼ ਹੈ ਕਿ ਉੱਦਮ ਕਰੋ, ਮੰਗਤੇ ਨਾ ਬਣੋ, ਪਰ ਲੋੜ ਤੋਂ ਜ਼ਿਆਦਾ ਧਨ ਦੀ ਕਮਾਈ, ਧਨ ਪਦਾਰਥਾਂ ਨੂੰ ਇੱਕਠਾ ਕਰਨਾ ਲੋਭ ਹੈ। ਇਸ ਲੋਭ ਦੀ ਗੁਰਮਤਿ ਵਿਚ ਮਨਾਹੀ ਹੈ।

ਪਰ ਇਕ ਐਸੇ ਲੋਕ ਹਨ ਜੋ ਸੰਸਾਰ ਵਿਚ ਮਾਇਆ ਇੱਕਠੀ ਕਰਕੇ ਸ਼ਾਹੂਕਾਰ ਸਦਾਉਂਦੇ ਹਨ, ਐਸੇ ਸ਼ਾਹਾਂ ਦੀ ਮਾਇਆ ਦੇ ਲਾਲਚ ਕਰਕੇ ਇੱਜ਼ਤ ਚਲੀ ਜਾਂਦੀ ਹੈ। ਸੰਸਾਰ ਦੇ ਦਾਤਿਆਂ ਅਤੇ ਮੰਗਤਿਆਂ ਉੱਪਰ ਪ੍ਰਭੂ ਦਾ ਹੁਕਮ ਹੀ ਲਾਗੂ ਹੁੰਦਾ ਹੈ:

(i) ਇਕਿ ਸਾਹ ਸਦਾਵਹਿ ਸੰਚਿ ਧਨੁ ਦੂਜੈ ਪਤਿ ਖੋਈ॥
ਇਕਿ ਦਾਤੇ ਇਕ ਮੰਗਤੇ ਸਭਨਾ ਸਿਰਿ ਸੋਈ॥ [292]

---

290. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1021.
291. *ਉਹੀ*, ਪੰਨਾ 1091.
292. *ਉਹੀ*, ਪੰਨਾ 1283.

(ii) ਜਿਤਨੇ ਸਾਹ ਪਾਤਿਸਾਹ ਉਮਰਾਵ ਸਿਕਦਾਰ ਚਉਧਰੀ
ਸਭਿ ਮਿਥਿਆ ਝੂਠੁ ਭਾਉ ਦੂਜਾ ਜਾਣੁ ॥[293]

(iii) ਸਾਹ ਮਰਹਿ ਸੰਚਹਿ ਮਾਇਆ ਦਾਮ॥[294]

(iv) ਬੰਧਨ ਸਾਹ ਸੰਚਹਿ ਧਨੁ ਜਾਇ॥[295]

ਅਸੀ ਇਸ **ਸਿੱਟੇ** ਤੇ ਪੁੱਜੇ ਹਾਂ ਕਿ ਰਾਜਾ, ਪਰਜਾ, ਸ਼ਾਹੂਕਾਰ ਅਤੇ ਵਪਾਰੀ ਉਹ ਹੈ, ਜਿਨ੍ਹਾਂ ਨੂੰ ਦੁਨਿਆਵੀ ਮਾਇਆ ਨਾਲ ਪਿਆਰ ਨਹੀਂ ਉਹ ਕੇਵਲ ਪ੍ਰਭੂ ਨਾਮ ਦੇ ਰੰਗ ਵਿਚ ਰੰਗੇ ਆਪਣੀ ਪਰਜਾ ਦੇ ਹਰ ਸੁੱਖ-ਦੁੱਖ ਵਿਚ ਸਹਾਈ ਹੁੰਦੇ ਹਨ ਅਤੇ ਹਰ ਸਮੇਂ ਪ੍ਰਭੂ ਦੇ ਨਾਮ ਸਿਮਰਨ ਵੱਲ ਪ੍ਰੇਰਿਤ ਕਰਦੇ ਹਨ। ਰਾਜਾ, ਪਰਜਾ, ਸ਼ਾਹੂਕਾਰ, ਵਪਾਰੀਆਂ ਨੂੰ ਰਬ ਦਾ ਭੈਅ ਮੰਨਦੇ ਹੋਏ ਸਚ ਦਾ ਵਪਾਰ ਕਰਨਾ ਚਾਹੀਦਾ ਹੈ।

ਗੁਰਬਾਣੀ ਵਿਚ ਦਰਸਾਏ ਰਿਸ਼ਤਾ-ਨਾਤਾ ਪ੍ਰਬੰਧ ਉੱਪਰ ਸਮੁੱਚੀ ਵਿਚਾਰ ਕਰਨ ਤੋਂ ਬਾਅਦ ਇਸ **ਸਿੱਟੇ** ਤੇ ਪਹੁੰਚਿਆ ਜਾ ਸਕਦਾ ਹੈ ਕਿ ਗੁਰੂ ਸਾਹਿਬ ਨੇ ਸਾਨੂੰ ਆਦਰਸ਼ਕ ਰਿਸ਼ਤੇ-ਨਾਤਿਆਂ ਨੂੰ ਹੀ ਆਪਣੇ ਜੀਵਨ ਵਿਚ ਅਪਣਾਉਣ ਦੀ ਜਾਚ ਸਿਖਾਈ ਹੈ ਜਿਵੇਂ ਕਿ ਅਸੀਂ ਪਿੱਛੇ ਜਿਕਰ ਕਰ ਆਏ ਹਾਂ। ਆਦਰਸ਼ਕ ਰਿਸ਼ਤੇ-ਨਾਤੇ ਉਹ ਹੀ ਪਰਵਾਨ ਹਨ ਜਿਨ੍ਹਾਂ ਦਾ ਅਧਾਰ ਨਾਮ ਹੈ। ਨਾਮ ਅਧਾਰਿਤ ਰਿਸ਼ਤੇ-ਨਾਤੇ ਅਪਣਾ ਕੇ ਅਸੀਂ ਨਾਮੀ ਭਾਵ ਪਰਮਾਤਮਾ ਦੇ ਗੁਣ ਗ੍ਰਹਿਣ ਕਰ ਸਕਦੇ ਹਾਂ। ਗੈਰ ਆਦਰਸ਼ਕ ਰਿਸ਼ਤਿਆਂ ਦਾ ਸਮੁੱਚਾ ਤਾਣਾ ਬਾਣਾ ਸਾਨੂੰ ਮਾਇਆ ਨਾਲ ਪਿਆਰ, ਈਰਖਾ, ਸਾੜਾ, ਦਵੈਤ, ਭਟਕਣਾ ਆਦਿ ਤਾਂ ਦੇ ਸਕਦਾ ਹੈ ਪ੍ਰੰਤੂ ਨਾਮੀ ਨਾਲ ਪਿਆਰ ਨਹੀਂ। ਸੋ ਸਾਡੇ ਲਈ ਇਸ ਵਿਚਾਰ ਤੋਂ ਇਹ ਪ੍ਰੇਰਣਾ ਮਿਲਦੀ ਹੈ ਕਿ ਅਸੀਂ ਗੈਰ ਆਦਰਸ਼ਕ ਰਿਸ਼ਤਿਆਂ ਦਾ ਖਹਿੜਾ ਛੱਡ ਕੇ ਆਦਰਸ਼ਕ ਰਿਸ਼ਤਿਆਂ-ਨਾਤਿਆਂ ਨੂੰ ਅਪਣਾਈਏ ਅਤੇ ਪਰਮਾਤਮਾ ਦੇ ਪਿਆਰ ਦੇ ਪਾਤਰ ਬਣੀਏ।

---

293. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 861.
294. *ਉਹੀ*, ਪੰਨਾ 227.
295. *ਉਹੀ*, ਪੰਨਾ 416.

# ਤੱਤ ਸਾਰ

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਇਕ ਮਨੁੱਖ ਨੂੰ ਦੂਸਰੇ ਮਨੁੱਖ ਨਾਲ ਆਦਾਨ ਪ੍ਰਦਾਨ ਕਰਨ ਦੀ ਮੁੱਢਲੀ ਲੋੜ ਨੇ ਹੀ ਰਿਸ਼ਤਿਆਂ ਨੂੰ ਜਨਮ ਦਿੱਤਾ। ਮਨੁੱਖ ਨੂੰ ਅਜੋਕਾ ਸਰੂਪ ਪ੍ਰਾਪਤ ਕਰਨ ਲਈ ਲੱਖਾਂ ਵਰ੍ਹੇ ਸੰਘਰਸ਼ ਕਰਨਾ ਪਿਆ। ਇਸ ਸੰਘਰਸ਼ ਵਿਚੋਂ ਲੰਘ ਕੇ ਮਨੁੱਖ ਬਾਕੀਆਂ ਨਾਲੋਂ ਸ੍ਰੇਸ਼ਟ ਅਤੇ ਉੱਤਮ ਬਣਿਆ ਅਤੇ ਸਮਾਜਿਕ ਪ੍ਰਬੰਧ ਦਾ ਮੁੱਢ ਬੰਨਿਆ। ਸਮੁੱਚਾ ਸਮਾਜ ਰਿਸ਼ਤਿਆਂ ਦੀ ਡੋਰ ਵਿਚ ਬੰਨਿਆ ਹੋਇਆ ਹੈ। ਸਮਾਜ ਮਨੁੱਖ ਦਾ ਆਚਾਰ ਤੇ ਵਿਵਹਾਰ ਬਣਾਉਣ ਵਿਚ ਮੁੱਖ ਹਿੱਸਾ ਪਾਉਂਦਾ ਹੈ। ਸਮਾਜ ਵਿਚ ਰਹਿੰਦਿਆਂ ਮਨੁੱਖ ਕੇਵਲ ਆਪਣਾ ਵਿਕਾਸ ਹੀ ਨਹੀਂ ਕਰਦਾ, ਸਗੋਂ ਦੂਜਿਆਂ ਨਾਲ ਸੰਬੰਧ ਜੋੜਦਾ ਹੋਇਆ ਆਪਣੇ ਫਰਜ਼ਾਂ ਪ੍ਰਤੀ ਕਰਤੱਵਾਂ ਦੀ ਭਾਵਨਾ ਵੀ ਉਜਾਗਰ ਕਰਦਾ ਹੈ।

ਸਮਾਜ ਵਿਗਿਆਨੀਆਂ ਅਨੁਸਾਰ ਸਮਾਜ ਉਦੋਂ ਹੋਂਦ ਵਿਚ ਆਉਂਦਾ ਹੈ ਜਦੋਂ ਇਸ ਵਿਚ ਰਹਿ ਰਹੇ ਮੈਂਬਰਾਂ ਵਿਚਕਾਰ ਚੇਤੰਨਤਾ, ਅੰਤਰਕਿਰਿਆ, ਅੰਤਰ-ਸੰਬੰਧਤਾ ਪੈਦਾ ਹੁੰਦੀ ਹੈ। ਸੋ ਇਸੀ ਕਰਕੇ ਰਿਸ਼ਤੇ ਮਨੁੱਖ ਦੀ ਆਪਣੀ ਸਿਰਜਣਾ ਹਨ। ਰਿਸ਼ਤਿਆਂ ਵਿਚਲੀ ਨੈਤਿਕਤਾ ਉਸ ਦੇ ਜੀਵਨ ਨੂੰ ਨਵਾਂ ਅਰਥ ਦਿੰਦੀ ਹੈ। ਇਨ੍ਹਾਂ ਰਿਸ਼ਤਿਆਂ ਵਿਚ ਫਿਕ ਪੈਣ ਕਾਰਨ ਮਨੁੱਖੀ ਜੀਵਨ ਵਿਚ ਕੁੜੱਤਣ ਪੈਦਾ ਹੋ ਜਾਂਦੀ ਹੈ। ਇਸ ਤੋਂ ਸਪਸ਼ਟ ਹੈ ਕਿ ਮਨੁੱਖ ਨੇ ਹੀ ਪ੍ਰਕ੍ਰਿਤੀ ਅਧੀਨ ਰਿਸ਼ਤਿਆਂ ਦਾ ਸੰਬੰਧ ਆਪ ਹੀ ਸਿਰਜਿਆ ਹੈ। ਇਹ ਰਿਸ਼ਤੇ ਸ਼ੁਰੂ ਵਿਚ ਆਪਸੀ ਭਾਈਚਾਰੇ ਦੀ ਲੋੜ ਤੱਕ ਸੀਮਤ ਸਨ ਪ੍ਰੰਤੂ ਮਨੁੱਖੀ ਵਿਕਾਸ ਅਤੇ ਆਧੁਨਿਕਤਾ ਦੇ ਨਾਲ-ਨਾਲ ਇਨ੍ਹਾਂ ਰਿਸ਼ਤਿਆਂ ਨੇ ਇਕ ਨਰੋਏ ਸਮਾਜ ਦੀ ਉਸਾਰੀ ਵਿਚ ਨਿੱਗਰ ਯੋਗਦਾਨ ਪਾਇਆ। ਰਿਸ਼ਤਿਆਂ ਦਾ ਮਤਲਬ ਮਾਮਾ, ਚਾਚਾ, ਤਾਇਆ ਤੇ ਮਾਸੀ ਨਹੀਂ ਹੁੰਦਾ ਸਗੋਂ ਰਿਸ਼ਤਿਆਂ ਦਾ ਭਾਵ ਇਹ ਹੁੰਦਾ ਹੈ ਕਿ ਇਕ ਮਨੁੱਖ

ਦੂਜੇ ਪ੍ਰਤੀ ਸਨੇਹ, ਹਮਦਰਦੀ ਅਤੇ ਪਿਆਰ ਦੀ ਭਾਵਨਾ ਰਖੇ। ਇਸ ਪਿਆਰ ਤੇ ਹਮਦਰਦੀ ਦਾ ਦੂਜਾ ਨਾਮ ਹੀ ਰਿਸ਼ਤਾ ਹੈ। ਸਾਡੇ ਜੀਵਨ ਦੇ ਹਰ ਕਾਰਜ ਭਾਵੇਂ ਉਹ ਖ਼ੁਸ਼ੀ ਦਾ ਹੈ ਜਾਂ ਗਮੀ ਦਾ, ਵਿਚ ਮਨੁੱਖੀ ਰਿਸ਼ਤੇ ਕਿਸੇ ਨਾ ਕਿਸੇ ਰੂਪ ਵਿਚ ਭਰਪੂਰ ਯੋਗਦਾਨ ਪਾ ਰਹੇ ਹੁੰਦੇ ਹਨ।

ਮਨੁੱਖ, ਪਰਿਵਾਰ ਅਤੇ ਸਮਾਜ ਦੀਆਂ ਅਨੇਕਾਂ ਲੋੜਾਂ ਨਾਲ ਇਹ ਸਮੁੱਚਾ ਤਾਣਾ-ਬਾਣਾ ਬੱਝਿਆ ਹੋਇਆ ਹੈ ਅਤੇ ਜੀਵਨ ਨਿਰੰਤਰ ਗਤੀਸ਼ੀਲ ਹੁੰਦਾ ਹੋਇਆ ਆਪਣੀ ਮੰਜ਼ਿਲ ਦੀ ਪ੍ਰਾਪਤੀ ਲਈ ਲਗਾਤਾਰ ਅੱਗੇ ਵਧਦਾ ਜਾਂਦਾ ਹੈ। ਜਿਸ ਸਦਕਾ ਸਾਡਾ ਆਪਸੀ ਪਰਸਪਰ ਪਿਆਰ ਅਤੇ ਸਾਂਝ ਸਦੀਵੀ ਬਣੀ ਰਹਿੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਰਿਸ਼ਤਿਆਂ ਨੂੰ ਚਾਰ ਹਿੱਸਿਆਂ ਅਧਿਆਤਮਕ ਰਿਸ਼ਤੇ, ਚਿੰਨ੍ਹਾਤਮਿਕ ਰਿਸ਼ਤੇ, ਸੰਸਾਰਿਕ ਰਿਸ਼ਤੇ ਅਤੇ ਰਾਜਨੀਤਿਕ ਰਿਸ਼ਤੇ ਵਿਚ ਵੰਡ ਕੇ ਵਿਚਾਰਨ ਦਾ ਯਤਨ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਉਹ ਰਿਸ਼ਤੇ ਜਿਹੜੇ ਮਨੁੱਖ ਦੀ ਅਧਿਆਤਮਕ ਪ੍ਰਾਪਤੀ ਲਈ ਸਾਧਨ ਬਣੇ ਉਨ੍ਹਾਂ ਨੂੰ ਅਧਿਆਤਮਕ ਰਿਸ਼ਤੇ, ਉਹ ਰਿਸ਼ਤੇ ਜਿਹੜੇ ਸਮੁੱਚੇ ਮਨੁੱਖੀ ਸਮਾਜ ਦੇ ਤਾਣੇ ਬਾਣੇ ਅਤੇ ਪ੍ਰਬੰਧ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਸਹਾਈ ਹੋਏ ਉਨ੍ਹਾਂ ਨੂੰ ਸੰਸਾਰਿਕ ਰਿਸ਼ਤੇ ਅਤੇ ਉਹ ਰਿਸ਼ਤੇ ਜਿਹੜੇ ਰਾਜਨੀਤਿਕ ਪ੍ਰਬੰਧ ਨੂੰ ਧਰਮ ਦੀ ਸਿਰਮੌਰ ਅਗਵਾਈ ਅਧੀਨ ਚਲਾਉਣ ਲਈ ਸਹਾਈ ਹੋਏ ਉਨ੍ਹਾਂ ਨੂੰ ਰਾਜਨੀਤਿਕ ਰਿਸ਼ਤੇ ਦੇ ਸਿਰਲੇਖ ਅਧੀਨ ਲਿਆ ਹੈ।

ਅਧਿਆਤਮਕ ਰਿਸ਼ਤੇ ਅਧੀਨ ਸਭ ਤੋਂ ਪਹਿਲਾਂ ਭਗਤ ਅਤੇ ਪਰਮਾਤਮਾ ਦੇ ਰਿਸ਼ਤੇ ਨੂੰ ਰੱਖਿਆ ਗਿਆ ਹੈ। ਭਗਤ ਤੇ ਪਰਮਾਤਮਾ ਦੇ ਰਿਸ਼ਤੇ ਨੂੰ ਪ੍ਰਗਟ ਕਰਨ ਵਾਸਤੇ ਗੁਰੂ ਸਾਹਿਬ ਨੇ ਕਈ ਸੰਕੇਤ ਵੀ ਵਰਤੇ ਹਨ ਜਿਵੇਂ ਭਗਤ ਨੂੰ ਪਤਨੀ ਅਤੇ ਪਰਮਾਤਮਾ ਨੂੰ ਪਤੀ ਆਦਿ। ਅਧਿਆਤਮਕ ਅਰਥਾਂ ਨੂੰ ਖੋਲਣ ਲਈ ਵਿਚਾਰਾਂ ਦੇ ਸਹਾਇਕ ਬਣ ਕੇ ਆਏ ਇਨ੍ਹਾਂ ਰਿਸ਼ਤਿਆਂ ਦੇ

ਗੁਪਤ ਇਸ਼ਾਰਿਆਂ ਦੁਆਰਾ ਆਦਰਸ਼ਕ ਸਮਾਜ ਦੀ ਕਲਪਨਾ ਵੀ ਕੀਤੀ ਗਈ। ਇਨ੍ਹਾਂ ਤੋਂ ਬਿਨ੍ਹਾਂ ਬਾਣੀ ਵਿਚ ਸੁਹਾਗਣ, ਦੁਹਾਗਣ, ਗੁਣਵੰਤੀ, ਅਉਗੁਣਵੰਤੀ, ਸੁਚੱਜੀ, ਕੁਚੱਜੀ, ਰੰਡ (ਵਿਧਵਾ) ਅਤੇ ਬੇਸਵਾ (ਵੇਸਵਾ) ਆਦਿ ਸ਼ਬਦਾਂ ਦੁਆਰਾ ਉਲੀਕੇ ਚਿਤ੍ਰਾਂ ਦਾ ਮਹੱਤਵ ਜਿੰਨਾ ਅਧਿਆਤਮਕ ਹੈ ਉਨੰਾ ਹੀ ਸਮਾਜਿਕ, ਭਾਈਚਾਰਕ ਅਤੇ ਸਦਾਚਾਰਕ ਵੀ ਹੈ।

ਗੁਰਬਾਣੀ ਵਿਚ ਗੁਰੂ ਅਤੇ ਸਿੱਖ ਦੇ ਰਿਸ਼ਤੇ ਤੇ ਖਾਸ ਜ਼ੋਰ ਦਿੱਤਾ ਗਿਆ ਹੈ। ਸਿੱਖ ਦਾ ਜੀਵਨ ਅਜਿਹਾ ਹੋਵੇ ਕਿ ਉਹ ਆਪਣੇ ਜੀਵਨ ਦਾ ਹਰ-ਪਲ ਗੁਰੂ ਤੇ ਨਿਛਾਵਰ ਕਰ ਦੇਵੇ, ਜਦੋਂ ਅਜਿਹੀ ਭਾਵਨਾ ਉਤਪੰਨ ਹੋ ਜਾਂਦੀ ਹੈ ਤਾਂ ਗੁਰੂ-ਸਿੱਖ ਦਾ ਰਿਸ਼ਤਾ ਐਨਾ ਪਰਪੱਕ ਹੋ ਜਾਂਦਾ ਹੈ ਕਿ ਦੋਵੇਂ ਇਕ ਰੂਪ ਹੀ ਨਜ਼ਰ ਆਉਂਦੇ ਹਨ। ਸਿੱਖ ਦੇ ਰਿਸ਼ਤੇ ਦਾ ਆਧਾਰ ਮੁੱਖ ਰੂਪ ਵਿਚ ਪ੍ਰੇਮ ਹੈ। ਗੁਰੂ ਦੇ ਪ੍ਰੇਮ ਸਦਕਾ ਹੀ ਸਿੱਖ ਦਾ ਲੋਕ-ਪ੍ਰਲੋਕ ਵਿਚ ਆਵਾਗਵਣ ਦਾ ਚੱਕਰ ਕੱਟਿਆ ਜਾਂਦਾ ਹੈ। ਗੁਰੂ ਦੀ ਸੇਵਾ ਕਰਨ ਵਾਲਾ, ਗੁਰੂ ਦੇ ਭਾਣੇ (ਹੁਕਮ) ਵਿਚ ਚੱਲਣ ਵਾਲਾ ਸਿੱਖ ਮਹਾਨ ਅਤੇ ਧੰਨਤਾ ਦੇ ਯੋਗ ਹੋ ਜਾਂਦਾ ਹੈ।

ਅਧਿਐਨ ਕਰਦੇ ਸਮੇਂ ਇਹ ਵਿਲੱਖਣ ਪੱਖ ਵੀ ਸਾਹਮਣੇ ਆਇਆ ਹੈ ਕਿ ਜਦੋਂ ਅਸੀਂ ਸੰਸਾਰਿਕ ਰਿਸ਼ਤਿਆਂ ਅਧੀਨ ਸਮੁੱਚੇ ਤਾਣੇ-ਬਾਣੇ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਹਰ ਪ੍ਰਕਾਰ ਦੇ ਰਿਸ਼ਤੇ ਵਿਚ ਲਾਲਚ, ਖੁਦਗਰਜ਼ੀ, ਸੁਆਰਥ ਆਦਿ ਵਿਆਪਕ ਰੂਪ ਵਿਚ ਪਸਰੇ ਹੋਏ ਨਜ਼ਰ ਆਉਂਦੇ ਹਨ ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਰਿਸ਼ਤੇ-ਨਾਤਿਆਂ ਦੇ ਸੰਬੰਧ ਵਿਚ ਸੰਸਾਰਿਕ ਰਿਸ਼ਤਿਆਂ ਨਾਲੋਂ ਠੀਕ ਉਲਟਾ ਪ੍ਰਭਾਵ ਨਜ਼ਰ ਆਉਂਦਾ ਹੈ, ਇਨ੍ਹਾਂ ਰਿਸ਼ਤਿਆਂ ਵਿਚ ਸੁਆਰਥ ਦੀ ਥਾਂ ਤੇ ਪਰ-ਸੁਆਰਥ, ਖੁਦਗਰਜ਼ੀ ਦੀ ਥਾਂ ਤੇ ਭਾਈਚਾਰਕ ਸਾਂਝ, ਦੂਸਰੇ ਲਈ ਕੁਝ ਕਰ ਗੁਜ਼ਰਨ ਦੀ ਭਾਵਨਾ ਆਦਿ ਵਿਆਪਕ ਹਨ। ਸੰਗਤ ਅਤੇ ਸੇਵਾ ਦੇ ਸਿਰਮੌਰ ਸਿਧਾਂਤਕ ਕਾਰਜਾਂ ਰਾਹੀਂ ਅਮੀਰੀ-ਗਰੀਬੀ, ਜਾਤ-ਪਾਤ, ਈਰਖਾ ਆਦਿ ਦੀਆਂ ਵਲਗਣਾਂ ਵਿਚੋਂ ਕੱਢ ਕੇ

ਮਨੁੱਖ ਦੀ ਦੂਜੇ ਮਨੁੱਖ ਨਾਲ ਨੇੜਤਾ, ਮਿਲਵਰਤਨ, ਪਿਆਰ ਅਤੇ ਗੂੜ੍ਹੀ ਸਾਂਝ ਪਾਉਣ ਦਾ ਕਾਰਜ ਕੀਤਾ ਹੈ। ਗੁਰੂ ਸਾਹਿਬ ਇਸ ਸੰਸਾਰ ਨੂੰ ਧਰਮਸ਼ਾਲ, ਸਚੇ ਕੀ ਕੋਠੜੀ ਕਹਿੰਦੇ ਹੋਏ ਮਨੁੱਖ ਨੂੰ ਸੁਚੇਤ ਕਰਦੇ ਹਨ ਕਿ ਇਸ ਸੰਸਾਰ ਵਿਚ ਰਹਿੰਦੇ ਹੋਏ 'ਹਥ ਕਾਰ ਵਲ ਚਿਤ ਯਾਰ ਵਲ' ਅਨੁਸਾਰ ਇਕ ਪਾਸੇ ਆਪਣੀ ਸੁਰਤ ਨੂੰ ਅਕਾਲ ਪੁਰਖ ਨਾਲ ਜੋੜਨਾ ਹੈ, ਇਸਦੇ ਨਾਲ-ਨਾਲ ਸਦਾਚਾਰਕ ਜੀਵਨ ਬਤੀਤ ਕਰਨਾ ਹੈ। ਜਪੁਜੀ ਦੇ ਪੰਜ ਖੰਡਾਂ ਵਿਚ ਇਸੇ ਦਾ ਹੀ ਵਰਨਣ ਹੈ। ਧਰਮ ਖੰਡ ਦੀ ਅਵਸਥਾ ਵਿਚ ਮਨੁੱਖ ਇਸ ਸਮੁੱਚੇ ਵਿਸ਼ਵ ਨੂੰ ਆਪਣਾ ਘਰ ਮੰਨਦੇ ਹੋਏ ਇਸ ਪ੍ਰਤੀ ਆਪਣੇ ਨੈਤਿਕ ਫਰਜ਼ਾਂ ਨੂੰ ਪੂਰਾ ਕਰਨ ਵੱਲ ਰੁਚਿਤ ਹੁੰਦਾ ਹੈ। ਉਹ ਮਾਂ-ਬਾਪ, ਭੈਣ-ਭਰਾ, ਪਿਉ-ਪੁੱਤਰ, ਪਤਨੀ, ਪਰਿਵਾਰ ਦੇ ਮੋਹ ਤੋਂ ਉਪਰ ਉਠ ਜਾਂਦਾ ਹੈ। ਉਹ ਇਨ੍ਹਾਂ ਰਿਸ਼ਤਿਆਂ ਵਿਚ ਖਚਿਤ ਨਹੀਂ ਹੁੰਦਾ ਪਰ ਇਨ੍ਹਾਂ ਪ੍ਰਤੀ ਆਪਣੇ ਫਰਜ਼ ਵੀ ਪੂਰੇ ਕਰਦਾ ਹੈ। ਇਸ ਤਰ੍ਹਾਂ ਗੁਰਬਾਣੀ ਵਿਚ ਗੁਰੂ ਸਾਹਿਬ ਨਾਮ ਤਾਂ ਸੰਸਾਰਿਕ ਰਿਸ਼ਤੇ ਦਾ ਲੈਂਦੇ ਹਨ ਪ੍ਰੰਤੂ ਗੱਲ ਅਧਿਆਤਮਕ ਪੱਧਰ ਦੀ ਹੋ ਰਹੀ ਹੁੰਦੀ ਹੈ ਜਿਵੇਂ:

> ਧਨ ਪਿਰ ਕਾ ਇਕ ਹੀ ਸੰਗਿ ਵਾਸਾ
> ਵਿਚਿ ਹਉਮੈ ਭੀਤਿ ਕਰਾਰੀ॥ [1]

ਉਪਰੋਕਤ ਤੁਕ ਵਿਚ ਧਨ ਦਾ ਅਰਥ ਹੈ ਜੀਵ ਰੂਪੀ **ਇਸਤਰੀ**, ਪਿਰ ਦਾ ਅਰਥ **ਪ੍ਰਭੂ ਪਤੀ**। ਗੁਰਬਾਣੀ ਵਿਚ ਮਨੱਖੀ ਬੁੱਧੀ ਦੇ ਘੇਰੇ ਤੋਂ ਪਰ੍ਹਾਂ ਭਾਵ ਪਰਾਭੌਤਿਕ ਸੰਕਲਪਾਂ ਨੂੰ ਸਮਝ ਗੋਚਰੇ ਬਣਾਉਣ ਲਈ ਦਿਸਦੇ ਪਸਾਰੇ ਵਿਚ ਕੁਝ ਭੌਤਿਕ ਰਿਸ਼ਤਿਆਂ ਨੂੰ ਚਿੰਨ੍ਹਾਤਮਿਕ ਰੂਪ ਵਿਚ ਵੀ ਵਰਤਿਆ ਗਿਆ ਹੈ। ਗੁਰਬਾਣੀ ਮਨੁੱਖਾ ਜਿੰਦਗੀ ਦੇ ਹਰੇਕ ਪੱਖ ਨੂੰ ਅਧਿਆਤਮਕਤਾ ਦੇ ਅਧੀਨ ਚਾਨਣਾ ਪਾਉਂਦੀ ਹੈ।

---

[1]. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1263.

ਗੁਰਬਾਣੀ ਵਿਚ ਸੰਸਾਰਿਕ ਰਿਸ਼ਤਿਆਂ ਦੇ ਨਾਲ-ਨਾਲ ਉਨ੍ਹਾਂ ਰਾਜਨੀਤਿਕ ਰਿਸ਼ਤਿਆਂ ਨੂੰ ਜਿਵੇਂ ਕਿ ਰਾਜਾ ਤੇ ਪਰਜਾ ਦਾ ਰਿਸ਼ਤਾ; ਰਾਜਾ ਕਿਸ ਤਰ੍ਹਾਂ ਦਾ ਰਾਜ ਕਰੇ, ਪਰਜਾ ਆਪਣੇ ਫਰਜ਼ਾਂ ਦੀ ਪੂਰਤੀ ਕਿਵੇਂ ਕਰੇ, ਸ਼ਾਹੂਕਾਰ ਤੇ ਵਪਾਰੀ ਦਾ ਰਿਸ਼ਤਾ, ਵਣਜ ਅਤੇ ਵਪਾਰ ਆਦਿ ਰਿਸ਼ਤਿਆਂ ਨੂੰ ਗੁਰਮਤਿ ਦੇ ਸੰਦਰਭ ਵਿਚ ਵਾਚਣ ਦਾ ਯਤਨ ਕੀਤਾ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਨੇ ਰਿਸ਼ਤਿਆਂ ਕਰਕੇ ਬਣੇ ਹੋਏ ਛੋਟੇ ਛੋਟੇ ਪਰਿਵਾਰਾਂ ਦੀ ਥਾਂ ਤੇ ਸਮੁੱਚੇ ਸੰਸਾਰ ਨੂੰ ਹੀ ਪਰਿਵਾਰ ਮੰਨਿਆ ਹੈ ਅਤੇ ਇਸ ਵਿਸ਼ਾਲ ਪਰਿਵਾਰ ਨੂੰ ਆਪਸ ਵਿਚ ਸਥਾਈ ਰੂਪ ਵਿਚ ਜੋੜੀ ਰੱਖਣ ਵਾਲੀ ਅਮੁਕ ਧਾਰਾ ਨਾਮ ਹੈ। ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਸਮੁੱਚੇ ਸੰਸਾਰ ਦੀ ਅਗਵਾਈ ਕਰਨ ਦੀ ਸਮਰੱਥਾ ਰਖਦੇ ਹਨ।

ਗੁਰਬਾਣੀ ਦੀ ਸੇਧ ਵਿਚ ਪ੍ਰਮਾਣਿਕ ਰਿਸ਼ਤੇ ਆਦਰਸ਼ਕ ਰਿਸ਼ਤੇ ਹਨ ਜਿਨ੍ਹਾਂ ਨਾਮ ਸਮਾਜਿਕ ਸੁੱਖ ਅਤੇ ਅਧਿਆਤਮਕ ਪ੍ਰਾਪਤੀ ਹੁੰਦੀ ਹੈ। ਇਹ ਰਿਸ਼ਤੇ ਨਾਮ ਆਧਾਰੀ ਹਨ। ਇਨ੍ਹਾਂ ਦੇ ਉਲਟ ਗੈਰ ਆਦਰਸ਼ਕ ਰਿਸ਼ਤੇ ਮਾਇਆ ਆਧਾਰੀ ਹਨ। ਇਨ੍ਹਾਂ ਨਾਲ ਮਾਨਸਿਕ ਕਲੇਸ ਪੈਦਾ ਹੁੰਦਾ ਹੈ। ਗੁਰਮਤਿ ਸਾਨੂੰ ਆਦਰਸ਼ਕ ਰਿਸ਼ਤਿਆਂ ਨੂੰ ਅਪਣਾਉਣ ਲਈ ਪ੍ਰੇਰਦੀ ਹੈ।

ਮੇਰੇ ਵਲੋਂ '*ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਰਿਸ਼ਤੇ-ਨਾਤੇ: ਇਕ ਅਧਿਐਨ*' ਦੇ ਸੰਬੰਧ ਵਿਚ ਕੀਤਾ ਇਹ ਕਾਰਜ ਭਾਵੇਂ ਪਹਿਲਾ ਅਕਾਦਮਿਕ ਜਤਨ ਤਾਂ ਹੈ ਪਰ ਅੰਤਮ ਨਹੀਂ। ਆਸ ਕੀਤੀ ਜਾ ਸਕਦੀ ਹੈ ਕਿ ਹੋਰ ਖੋਜਾਰਥੀ ਰਹਿੰਦੀਆਂ ਉਕਾਈਆਂ ਨੂੰ ਪੂਰਾ ਕਰਨਗੇ ਅਤੇ ਹੋਰ ਗੁਹਜਾਂ ਨੂੰ ਵੀ ਸਾਹਮਣੇ ਲੈ ਕੇ ਆਉਣਗੇ।

# ਪੁਸਤਕ ਸੂਚੀ


ਓਅੰਕਾਰ ਸਿੰਘ — **ਕਬਿਤ ਸਵੈਯੇ ਭਾਈ ਗੁਰਦਾਸ ਪਾਠ, ਤੁਕ-ਤਤਕਰਾ ਅਨੁਕ੍ਰਮਣਿਕਾ ਅਤੇ ਕੋਸ਼,** ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993.

ਅਮਨਜੋਤ ਕੌਰ (ਡਾ.) — **ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਾਚੀਨ ਅਤੇ ਆਧੁਨਿਕ ਪ੍ਰਾਸੰਗਿਕਤਾ**, ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ, 2005.

ਅਮਰ ਸਿੰਘ (ਡਾ.) ਸੰਪਾ. — **ਤੁਕ-ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ**, ਭਾਸ਼ਾ ਵਿਭਾਗ ਪਟਿਆਲਾ, ਪੰਜਾਬ, 1999.

-ਉਹੀ- — **ਸਤਸੰਗਤਿ ਦਾ ਗੁਰਮਤਿ ਪਰਿਪੇਖ**, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 1999.

ਅਮਰ ਸਿੰਘ, 'ਚਾਕਰ', ਸੰਪਾ. — **ਵਾਰਾਂ ਭਾਈ ਗੁਰਦਾਸ ਜੀ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2001.

ਅਮੋਲ, ਐਸ. ਐਸ. — **ਭਾਰਤੀ ਸਮਾਜਕ ਸੰਸਥਾਵਾਂ**, ਵਿਉਂਤ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.

ਅਰਸ਼ੀ, ਗੁਰਚਰਨ ਸਿੰਘ (ਡਾ.) ਅਨ. — **ਭਾਰਤੀ ਸਮਾਜ**, ਨੈਸ਼ਨਲ ਬੁੱਕ ਟਰੱਸਟ, ਇੰਡੀਆ, 1990.

ਅਵਤਾਰ ਸਿੰਘ (ਡਾ.) **ਆਦਿ ਗ੍ਰੰਥ ਦੇ ਗੁਰੂ ਕਾਵਿ ਦਾ ਸਮਾਜਿਕ ਪੱਖ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1979.

-ਉਹੀ- **ਸ੍ਰੀ ਗੁਰੂ ਗ੍ਰੰਥ ਸਾਹਿਬ ਸਮਾਜ ਪੱਖੀ ਵਿਸ਼ਲੇਸ਼ਨ**, ਅੰਤਰਨਾਦ ਪ੍ਰਕਾਸ਼ਨ, ਪਟਿਆਲਾ, 2004.

ਆਹਲੂਵਾਲੀਆ, ਜਸਬੀਰ ਸਿੰਘ (ਡਾ.) **ਸਿੱਖ ਫ਼ਲਸਫ਼ੇ ਦੀ ਭੂਮਿਕਾ**, ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ, 1976.

ਐਸ. ਰਾਧਾ ਕ੍ਰਿਸ਼ਨਨ (ਡਾ.) **ਜੀਵਨ ਦਾ ਆਦਰਸ਼ਵਾਦੀ ਦ੍ਰਿਸ਼ਟੀਕੋਣ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਏਂਗਲਜ਼ **ਟੱਬਰ ਨਿੱਜੀ ਜਾਇਦਾਦ ਅਤੇ ਰਾਜ ਦਾ ਮੁੱਢ**, ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, 2010.

ਸਹਿਗਲ, ਮਨਮੋਹਨ (ਡਾ.) **ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1987.

ਸਚਦੇਵਾ, ਡੀ. ਆਰ (ਡਾ.) ਅਨੁ. **ਸਮਾਜ ਵਿਗਿਆਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.

-ਉਹੀ- **ਸਮਾਜ ਕਲਿਆਣ ਸਿਧਾਂਤ ਤੇ ਵਿਵਹਾਰ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

ਸ਼ਮਸ਼ੇਰ ਸਿੰਘ (ਡਾ.) **ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਸਰਬਜਿੰਦਰ ਸਿੰਘ (ਡਾ.) **ਧੁਰ ਕੀ ਬਾਣੀ**, ਸਿੱਖ ਫਾਊਂਡੇਸ਼ਨ, ਦਿੱਲੀ, 2●●4.

ਸਰਦਾਰਾ ਸਿੰਘ **ਸਤਸੰਗਤਿ ਸ਼ੋਭਾ**, ਗੁਰਬਾਣੀ ਇਸੁ ਜਗ ਮਹਿ ਚਾਨਣੁ ਪ੍ਰਚਾਰ ਤੇ ਪ੍ਰਸਾਰ ਸੰਸਥਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੁਹਾਲੀ, 1998.

ਸਵਰਨ ਸਿੰਘ (ਡਾ.) **ਕਿੱਸਾ ਕਾਵਿ ਵਿੱਚ ਸਮਾਜ ਤੇ ਸਭਿਆਚਾਰ**, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2●●2.

ਸਵਿੰਦਰਜੀਤ ਕੌਰ, ਅਨੁ. **ਸਮਾਜ: ਇਕ ਪ੍ਰਾਰੰਭਿਕ ਵਿਸ਼ਲੇਸ਼ਣ**, ਪੰਜਾਬੀ ਵਿਉਂਤ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1979.

-ਉਹੀ- **ਸਮਾਜ ਵਿਗਿਆਨ ਦੇ ਮੂਲ ਸੰਕਲਪ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

ਸਵਿੰਦਰਜੀਤ ਕੌਰ **ਸਮਾਜ ਵਿਗਿਆਨ ਨਾਲ ਜਾਣ-ਪਛਾਣ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਸਾਹਿਬ ਸਿੰਘ (ਪ੍ਰੋ.) **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (1● ਭਾਗ)**, ਰਾਜ ਪਬਲਿਸ਼ਰਜ਼, ਜਲੰਧਰ, 197●.

ਸਿੱਧੂ, ਗੁਰਮੀਤ ਸਿੰਘ (ਡਾ.) **ਭਾਰਤੀ ਸਮਾਜ ਦੇ ਮੂਲ ਅਧਾਰ**, ਅਦਬ ਪ੍ਰਕਾਸ਼ਨ, ਪਟਿਆਲਾ, 1999.

ਸਿੱਧੂ, ਮੇਵਾ ਸਿੰਘ **ਗੁਰਮਤਿ ਵਿਚਾਰਧਾਰਾ ਤੇ ਨੈਤਿਕਤਾ ਦਾ ਸੰਕਲਪ**, ਸੁਖਨ ਪਬਲੀਕੇਸ਼ਨਜ਼, ਪਟਿਆਲਾ, 1998.

ਸੀਤਲ, ਸੋਹਣ ਸਿੰਘ **ਗੁਰਬਾਣੀ ਵਿਚਾਰ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1978.

ਸੁਰਜੀਤ ਸਿੰਘ **ਸਿੱਖ ਰਹਿਤ ਤੇ ਸਿੱਖ ਆਚਰਣ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1999.

ਸੇਕ, ਗੁਰਚਰਨ ਸਿੰਘ (ਡਾ.) **ਭਾਈ ਦਰਬਾਰੀ ਦਾਸ ਰਚਿਤ ਪਰਚੀਆਂ ਭਗਤਾਂ ਦੀਆਂ (ਪੋਥੀ ਹਰਿਜਸ ਵਿਚੋਂ)**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991.

ਸੇਵਾ ਸਿੰਘ (ਭਾਈ) **ਕਬਿੱਤ ਸਵੱਯੇ ਭਾਈ ਗੁਰਦਾਸ ਜੀ ਸਟੀਕ**, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, 2●●3.

ਸੋਢੀ, ਐਨ. ਐਸ. (ਡਾ.) **ਸੋਸ਼ਲ ਵਰਕ ਦੀਆਂ ਵਿਧੀਆਂ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2●●6.

-ਉਹੀ- **ਸਮਾਜ ਕਾਰਜ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2●●6.

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ **ਸਿੱਖ ਰਹਿਤ ਮਰਯਾਦਾ**, ਸ੍ਰੀ ਅੰਮ੍ਰਿਤਸਰ, 2●●8.

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ — **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** (**ਚਾਰ ਜਿਲਦਾਂ**), ਸ੍ਰੀ ਅੰਮ੍ਰਿਤਸਰ, 2005.

ਹਰਜੋਤ ਕੌਰ (ਡਾ.) — **ਗੁਰਮਤਿ ਦੇ ਪ੍ਰਮੁੱਖ ਸੰਕਲਪ**, ਗੁਰਮਤਿ ਪ੍ਰਕਾਸ਼ਨ, ਪਟਿਆਲਾ, 2010.

ਹਰਿੰਦਰ ਸਿੰਘ ਰੂਪ — **ਸਿੱਖ ਤੇ ਸਿੱਖੀ**, ਹਿੰਦ ਪਬਲਿਸ਼ਰਜ਼ ਲਿਮਟਿਡ, ਲਾਹੌਰ, 1947.

ਹਰਿਬੰਸ ਸਿੰਘ (ਗਿ.) — **ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ ਤੁਲਨਾਤਮਿਕ ਅਧਿਐਨ** (14 **ਭਾਗ**), ਗੁਰਬਾਣੀ ਸੇਵਾ ਪ੍ਰਕਾਸ਼ਨ, ਪਟਿਆਲਾ, 1996.

ਹਰਿਮੰਦਿਰ ਸਿੰਘ — **ਮਨੁੱਖ ਅਤੇ ਉਸ ਦਾ ਭਾਈਚਾਰਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.

ਹੀਰਾ, ਭਗਤ ਸਿੰਘ — **ਗੁਰਮਤ ਵਿਚਾਰਧਾਰਾ**, ਨੈਸ਼ਨਲ ਪ੍ਰੈਸ ਆਫ ਇੰਡੀਆ, ਦਿੱਲੀ, 1969.

ਕਹਿਲ, ਹਰਕੇਸ਼ ਸਿੰਘ — **ਲੋਕ ਗੀਤਾਂ ਵਿੱਚ ਰਿਸ਼ਤੇ ਨਾਤੇ**, ਲੋਕ ਗੀਤ ਪ੍ਰਕਾਸ਼ਕ, ਚੰਡੀਗੜ੍ਹ, 2007.

ਕਰਤਾਰ ਸਿੰਘ (ਡਾ.) — **ਗੁਰਮਤਿ ਦੇ ਮੂਲਿਕ ਸਿਧਾਂਤ**, ਗੁਰੂ ਨਾਨਕ ਪ੍ਰਚਾਰ ਸਭਾ, ਜਲੰਧਰ, 1991.

ਕਾਨ੍ਹ ਸਿੰਘ ਨਾਭਾ, (ਭਾਈ) — **ਗੁਰੁਮਤ ਮਾਰਤੰਡ**, ਦੋ ਭਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2005.

| | |
|---|---|
| ਕਾਰਲ ਮਾਰਕਸ ਅਤੇ ਫਰੈਂਡਰਿਕ ਏਂਗਲਜ | **ਚੋਣਵੀਂ ਰਚਨਾ**, ਨਵਯੁੱਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1978. |
| ਕ੍ਰਿਸ਼ਨ ਸਿੰਘ (ਪ੍ਰੋ.) | **ਗੁਰਮਤਿ ਦਰਸ਼ਨ ਦੇ ਮਾਨਵੀ ਸਰੋਕਾਰ**, ਅਸਥੈਟਿਕਸ ਪਬਲੀਕੇਸ਼ਨਜ਼, ਲੁਧਿਆਣਾ, 2●●8. |
| ਕੌਰ ਸਿੰਘ 'ਅਕਾਲੀ' | **ਗੁਰੁ ਸ਼ਬਦ ਰਤਨ ਪ੍ਰਕਾਸ਼**, ਭਾਸ਼ਾ ਵਿਭਾਗ, ਪਟਿਆਲਾ, ਪੰਜਾਬ, 1986. |
| ਕੱਕੜ, ਅਜੀਤ ਸਿੰਘ, ਸੰਪਾ. | **ਪੰਜਾਬੀ ਸਭਿਆਚਾਰ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1988. |
| ਕੰਗ, ਗੁਲਜ਼ਾਰ ਸਿੰਘ (ਡਾ.) | **ਸ਼ਬਦ ਦਾ ਸੰਕਲਪ**, ਲਾਹੌਰ ਬੁਕ ਸ਼ਾਪ, ਲੁਧਿਆਣਾ, 2●●5. |
| ਕੰਵਰ, ਤਰਲੋਕ ਸਿੰਘ | **ਸੰਚਾਰ ਸਭਿਆਚਾਰ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1986. |
| ਗੰਗਾ ਸਿੰਘ (ਪ੍ਰਿੰ.) | **ਪੂਰਨ ਮਨੁੱਖ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1983. |
| ਗੁਰਬਚਨ ਸਿੰਘ ਤਾਲਿਬ | **ਧਰਮ ਦੀ ਉਤਪਤੀ ਤੇ ਵਿਕਾਸ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2●●9. |
| ਗੁਰਮੇਲ ਸਿੰਘ, (ਡਾ.) | **ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਵਤ੍ਰਿਤ ਅਧਿਆਤਮਕਤਾ**, ਪ੍ਰੋ ਸਾਹਿਬ ਸਿੰਘ ਗੁਰਮਤਿ ਟਰੱਸਟ ਪਟਿਆਲਾ 2●●3. |

ਚਾਵਲਾ, ਹਰਬੰਸ ਸਿੰਘ (ਡਾ.) **ਗੁਰੂ ਗ੍ਰੰਥ ਬਾਣੀ ਵਿਚ ਸਮਕਾਲੀ ਸਮਾਜਿਕ ਚਿੱਤਰ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਨਵੀਂ ਦਿੱਲੀ, 1990.

ਛੀਨਾ, ਕੁਲਵਿੰਦਰ ਕੌਰ (ਡਾ.) **ਪੰਜਾਬੀ ਲੋਕ ਗੀਤਾਂ ਵਿੱਚ ਰਿਸ਼ਤਾ-ਨਾਤਾ ਪ੍ਰਣਾਲੀ**, ਰਵੀ ਸਾਹਿਤ ਪ੍ਰਕਾਸ਼ਨ, ਸ੍ਰੀ ਅੰਮ੍ਰਿਤਸਰ, 2004.

ਜਸਵਿੰਦਰ ਸਿੰਘ (ਡਾ.) **ਸਭਿਆਚਾਰ ਅਤੇ ਕਿੱਸਾ-ਕਾਵਿ**, ਸੇਧ ਪ੍ਰਕਾਸ਼ਨ, ਪਟਿਆਲਾ, 1985.

ਜਗਜੀਤ ਸਿੰਘ (ਡਾ.) **ਨਾਮੁ-ਜਪੁ-ਸਿਮਰਨ ਅਤੇ ਗੁਰਬਾਣੀ ਵਿਚਾਰ**, ਆਤਮ ਸਾਇੰਸ ਟਰੱਸਟ ਨਵੀ ਦਿੱਲੀ, 2008.

ਜਗਜੀਵਨ ਸਿੰਘ (ਡਾ.) **ਸਭਿਆਚਾਰ ਦੇ ਮੂਲ ਆਧਾਰ**, ਅਦਬ ਪ੍ਰਕਾਸ਼ਨ, ਪਟਿਆਲਾ, 2001.

ਜਲੌਰ ਸਿੰਘ (ਡਾ.) **ਪੰਜਾਬੀ ਸਭਿਆਚਾਰ ਰਿਸ਼ਤਿਆਂ ਦੀ ਸੰਬਾਦਿਨਤਾ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2010.

ਜੋਸ਼ੀ, ਜੀਤ ਸਿੰਘ (ਡਾ.) **ਪੰਜਾਬੀ ਸਭਿਆਚਾਰ ਬਾਰੇ**, ਦੀ ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ, ਲੁਧਿਆਣਾ, 1984.

ਜੋਧ ਸਿੰਘ, (ਭਾਈ) **ਸਿੱਖੀ ਕੀ ਹੈ?**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.

ਜੱਗੀ, ਗੁਰਸ਼ਰਨ ਕੌਰ (ਡਾ.) **ਵਾਰਾਂ ਭਾਈ ਗੁਰਦਾਸ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

ਜੱਜ, ਪਰਮਜੀਤ ਸਿੰਘ — **ਸਮਾਜ ਵਿਗਿਆਨਕ ਦ੍ਰਿਸ਼ਟੀਕੋਣ ਤੇ ਸਿਧਾਂਤ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਢਿੱਲੋਂ, ਸੁਰਜੀਤ ਸਿੰਘ (ਡਾ.) — **ਮਨੁੱਖ ਅਤੇ ਮਨੁੱਖਤਾ ਦਾ ਵਿਕਾਸ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2●1●.

-ਉਹੀ- — **ਮਨੁੱਖ ਵਿਗਿਆਨ ਦੇ ਝਰੋਖੇ ’ਚੋਂ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1999.

ਤਾਰਨ ਸਿੰਘ (ਡਾ.) ਅਨੁ — **ਧਰਮ ਦੀ ਉਤਪਤੀ ਅਤੇ ਵਿਕਾਸ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1977.

ਤਾਰਨ ਸਿੰਘ (ਡਾ.) — **ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ**, ਸ੍ਰੀ ਗੁਰੂ ਗ੍ਰੰਥ ਸਾਹਿਬ ਖੋਜ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 198●.

-ਉਹੀ- — **ਸਿੱਖ, ਸਿੱਖੀ ਅਤੇ ਸਿਧਾਂਤ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1998.

ਥਿੰਦ, ਕਰਨੈਲ ਸਿੰਘ — **ਲੋਕਯਾਨ ਅਤੇ ਮੱਧ ਕਾਲੀਨ ਪੰਜਾਬੀ ਸਾਹਿਤ**, ਰਵੀ ਸਾਹਿਤ ਪ੍ਰਕਾਸ਼ਨ, ਸ੍ਰੀ ਅੰਮ੍ਰਿਤਸਰ, 1973.

ਦਰਸ਼ਨ ਸਿੰਘ (ਡਾ.) — **ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

ਦਰਸ਼ਨ ਸਿੰਘ (ਡਾ.) **ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976.

-ਉਹੀ- **ਧਰਮ ਅਧਿਐਨ ਅਤੇ ਸਿੱਖ ਅਧਿਐਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

ਦਿਲਵਰ ਸਿੰਘ (ਡਾ.) **ਗੁਰਬਾਣੀ ਜੀਵਨ ਦ੍ਰਿਸ਼ਟੀਕੋਣ ਅਰਥ ਅਤੇ ਮਹੱਤਵ**, ਗੁਰਮਤਿ ਕਾਲਜ ਪਟਿਆਲਾ, 2010.

ਦੀਵਾਨ ਸਿੰਘ (ਡਾ.) **ਗੁਰਮਤਿ ਸਿਧਾਂਤ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸ਼ਾਇਟੀ ਲਿਮਟਿਡ, ਲੁਧਿਆਣਾ, 1988.

ਦੀਵਾਨ ਸਿੰਘ (ਡਾ.) **ਗੁਰਮਤਿ ਵਿਚਾਰ**, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1998.

ਧਨਵੰਤ ਕੌਰ (ਡਾ.) **ਪੰਜਾਬੀ ਗਲਪ ਵਿੱਚ ਆਧੁਨਿਕ ਸੰਵੇਦਨਾ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1989.

ਨਰਿੰਦਰ ਪਾਲ ਸਿੰਘ (ਡਾ.) **ਲੋਕਯਾਨ: ਸਿਧਾਂਤ ਤੇ ਮੁੱਲਾਂਕਣ**, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2008.

ਪਰਕਾਸ਼ ਸਿੰਘ 'ਜੰਮੂ' (ਡਾ.) ਅਨੁ. **ਸਮਾਜ ਵਿਗਿਆਨ ਦੀਆਂ ਸਮੱਸਿਆਵਾਂ ਤੇ ਸਾਹਿਤ ਨਾਲ ਜਾਣ ਪਛਾਣ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.

ਪ੍ਰਤਾਪ ਸਿੰਘ (ਗਿਆਨੀ) **ਭਗਤ ਦਰਸ਼ਨ**, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, 1997.

ਪਿਆਰ ਸਿੰਘ (ਡਾ.), ਸੰਪਾ. **ਭਾਈ ਜੋਧ ਸਿੰਘ ਗੱਦ ਸੌਰਭ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

ਪ੍ਰੀਤਮ ਸਿੰਘ (ਪ੍ਰੋ.), ਸੰਪਾ. **ਸਿੱਖ ਫਲਸਫੇ ਦੀ ਰੂਪ ਰੇਖਾ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ, 1975.

ਪ੍ਰੀਤਮ ਸਿੰਘ, (ਡਾ.) **ਸਿੱਖ ਵਿਚਾਰਧਾਰਾ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1997.

ਫਰੈਂਕ, ਗੁਰਬਖਸ ਸਿੰਘ **ਸਭਿਆਚਾਰ: ਮੁੱਢਲੀ ਜਾਣ-ਪਛਾਣ**, ਦੀ ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 1984.

ਬਲਕਾਰ ਸਿੰਘ (ਡਾ.), ਸੰਪਾ. **ਸੇਵਾ ਦਾ ਸਿੱਖ ਸੰਕਲਪ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

-ਉਹੀ- **ਸਿੱਖ ਧਰਮ ਚਿੰਤਨ ਵਿੱਚ ਭਗਤੀ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

-ਉਹੀ- **ਸਿੱਖ ਅਧਿਐਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

ਬਲਜੀਤ ਸਿੰਘ — **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਲੇਪਤਾ ਦਾ ਸੰਕਲਪ**, ਪੰਜਾਬੀ ਰਾਈਟਰਜ਼ ਕੋਆਪਰੇਟਿਵ, ਨਵੀਂ ਦਿੱਲੀ, 1993.

ਭਟਨਾਗਰ, ਜੀ. ਐਸ. (ਡਾ.) ਅਤੇ ਰਹਿਲ, ਬਲਦੇਵ ਸਿੰਘ (ਡਾ.) — **ਭਾਰਤੀ ਸਮਾਜ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਭੁੱਲਰ, ਗੁਰਬਚਨ ਸਿੰਘ — **ਸਮਾਜਵਾਦ ਅਤੇ ਸਰਮਾਏਦਾਰੀ ਸਫਲਤਾਵਾਂ ਅਤੇ ਸੰਭਾਵਨਾਵਾਂ**, ਨਿਊ ਏਜ਼ ਬੁੱਕ ਸੈਂਟਰ, ਸ੍ਰੀ ਅੰਮ੍ਰਿਤਸਰ, 1974.

ਭੁੱਲਰ, ਗੁਰਿੰਦਰਜੀਤ ਸਿੰਘ — **ਸੇਵਾ ਤੇ ਸਿਮਰਨ**, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2003.

ਮਨੀ ਸਿੰਘ (ਗਿਆਨੀ) — **ਵਾਰਾਂ ਭਾਈ ਗੁਰਦਾਸ ਜੀ ਸਟੀਕ ਅਤੇ ਗੁਰਮਤਿ ਵਿਆਖਿਆ ਵਿਸਥਾਰ (ਦੋ ਭਾਗ)**, ਗਿਆਨੀ ਮਨੀ ਸਿੰਘ ਗੁਰਮਤਿ ਸਾਹਿਤ ਚੈਰੀਟੇਬਲ ਟਰੱਸਟ, ਸ੍ਰੀ ਅੰਮ੍ਰਿਤਸਰ, ਜਨਵਰੀ 1998.

ਮਨਮੋਹਨ ਸਿੰਘ (ਡਾ.) — **ਭਾਰਤੀ ਧਰਮ ਤੇ ਨੈਤਿਕਤਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.

-ਉਹੀ- — **ਧਰਮ ਦਾ ਵਿਕਾਸ ਅਤੇ ਗੁਰਮਤਿ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਰਹਿਲ, ਬਲਦੇਵ ਸਿੰਘ, ਅਨ. — **ਸਮਾਜ ਵਿਗਿਆਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984.

ਵਜ਼ੀਰ ਸਿੰਘ (ਡਾ.) — **ਧਰਮ ਦਾ ਦਾਰਸ਼ਨਿਕ ਪੱਖ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

-ਉਹੀ- — **ਸਿੱਖ ਦਰਸ਼ਨਧਾਰਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

-ਉਹੀ- — **ਫ਼ਲਸਫ਼ਾ ਤੇ ਸਿੱਖ ਫ਼ਲਸਫ਼ਾ**, ਮਦਾਨ ਪਬਲਿਸ਼ਰਜ਼, ਪਟਿਆਲਾ, 1988.

ਵਾਸੂ, ਇੰਦਰਜੀਤ ਸਿੰਘ (ਡਾ.) — **ਮਨੁੱਖ ਦਾ ਸੰਕਲਪ ਇਕ ਸਿਧਾਂਤਕ ਅਧਿਐਨ**, ਵਾਸੂ ਪ੍ਰਕਾਸ਼ਨ, ਫਗਵਾੜਾ, 1989.

ਵੀਰ ਸਿੰਘ, (ਭਾਈ) — **ਵਾਰਾਂ ਭਾਈ ਗੁਰਦਾਸ ਸਟੀਕ**, ਗਿਆਨੀ ਮਹਾਂ ਸਿੰਘ ਮੈਨੇਜਰ- ਖਾਲਸਾ ਸਮਾਚਾਰ, ਸ੍ਰੀ ਅੰਮ੍ਰਿਤਸਰ, 1972.

-ਉਹੀ- — **ਕਬਿੱਤ ਭਾਈ ਗੁਰਦਾਸ ਸਟੀਕ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2006.

## ਕੋਸ਼

ਹਰਕੀਰਤ ਸਿੰਘ (ਡਾ.) — **ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.

ਹਰਪ੍ਰੀਤ ਕੌਰ ਅਤੇ ਗੁਰਮੇਲ ਸਿੰਘ, **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਪ੍ਰੀਭਾਸ਼ਾਵਾਂ ਦਾ ਕੋਸ਼**, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2003.

ਕਾਨ੍ਹ ਸਿੰਘ ਨਾਭਾ, (ਭਾਈ) **ਗੁਰੁਸ਼ਬਦ ਰਤਨਾਕਰ ਮਹਾਨ ਕੋਸ਼**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960.

ਗੁਰਚਰਨ ਸਿੰਘ (ਡਾ.) ਸੰਪਾ. **ਆਦਿ ਗ੍ਰੰਥ ਸ਼ਬਦ-ਅਨੁਕ੍ਰਮਣਿਕਾ (ਦੋ ਭਾਗ)**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

-ਉਹੀ- **ਸ੍ਰੀ ਗੁਰੂ ਗ੍ਰੰਥ ਕੋਸ਼ (ਦੋ ਭਾਗ)**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਜੱਗੀ, ਰਤਨ ਸਿੰਘ, (ਡਾ.) ਸੰਪਾ. **ਵਾਰਾਂ ਭਾਈ ਗੁਰਦਾਸ ਸ਼ਬਦ ਅਨੁਕ੍ਰਮਣਿਕਾ ਅਤੇ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966.

ਜੱਗੀ, ਰਤਨ ਸਿੰਘ, (ਡਾ.) **ਗੁਰੂ ਗ੍ਰੰਥ ਵਿਸ਼ਵ ਕੋਸ਼**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਦਿਲਗੀਰ, ਹਰਜਿੰਦਰ ਸਿੰਘ, (ਡਾ.) **ਸਿੱਖ ਫ਼ਿਲਾਸਫ਼ੀ ਦੀ ਡਿਕਸ਼ਨਰੀ**, The Sikh University Press, Waremine Belgium, 2009.

ਪਿਆਰਾ ਸਿੰਘ 'ਪਦਮ' **ਗੁਰੂ ਗ੍ਰੰਥ ਸੰਕੇਤ ਕੋਸ਼**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਪਿਆਰਾ ਸਿੰਘ 'ਪਦਮ' **ਗੁਰੂ ਗ੍ਰੰਥ ਵਿਚਾਰ ਕੋਸ਼**, ਪਬਲੀਕੇਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2●●4.

ਵੀਰ ਸਿੰਘ, (ਭਾਈ) **ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼**, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2●●3.

## ਹਿੰਦੀ

ਅਟੱਲ, ਯੋਗੇਸ਼, <u>ਅਨੁ</u> **ਸਮਾਜ ਸ਼ਾਸ਼ਤਰ ਇਕ ਵਿਦੀਵਤ ਵਿਵੇਚਨ**, ਕਲਿਆਣੀ ਪਬਲੀਸ਼ਰ, ਲੁਧਿਆਣਾ-ਦਿੱਲੀ

ਸ਼ਰਮਾ, ਰਾਮਨਾਥ (ਡਾ.) ਅਤੇ ਸ਼ਰਮਾ, ਰਾਜਿੰਦਰ ਕੁਮਾਰ (ਡਾ.) **ਸਮਾਜ ਸ਼ਾਸ਼ਤਰ ਕੇ ਸਿਧਾਂਤ**, ਅਟਲਾਟਿਕ ਪਲੀਕੇਸ਼ਨ, ਦਿੱਲੀ, 2●●1.

ਜੋਧ ਸਿੰਘ (ਡਾ.) **ਸਿੱਖ ਧਰਮ ਔਰ ਦਰਸ਼ਨ ਕੀ ਰੂਪ ਰੇਖਾ**, ਨੈਸ਼ਨਲ ਬੁਕ ਸ਼ਾਪ, ਦਿੱਲੀ, 1993.

ਪਿਗਲੇ, ਭੀਮ ਰਾਵ **ਮਾਨਵ ਸਮੱਸਿਆ ਸਮਾਦਾਨ**, ਸਮਤਾ ਪ੍ਰਕਾਸ਼ਨ ਸਾਸ਼ਤਰੀ ਨਗਰ, ਕਾਨਪੁਰ, 1995.

## English

Bottomore, T. B. **Sociology**, George Allen & Unwin (India) Private Limited, 1971.

Green, Arnold W. **Sociology**, Mcgraw-Hill Book company, Inc New york. Toronto London 1960.

Koening, Samuel — **Man and Society**, Barnes and noble, Inc, New York, 1873.

Murrdock George Peter — **Social Structure**, The Macmillan company, New York, 1949.


## Dictionary


Jary, David and Jary, Julia — **Dictionary of Sociology**, Harper Collins publishers. 1991.

Julius Gould, William L. Kolb — **A Dictionary of the social sciences**, Prined in the united States of America, 1969.

Winick, Charles — **Dictionary of Anthropology**, Peter owen Limited London.1957.


## Encyclopaedia


Crystal, David — **The Cambridge Encyclopaedia**, Printed in the United States of America, 1991.

**Encyclopaedia Americana** — vol. 18, Amaracana Corporation, New York, 1972.

**The New Encyclopaedia Britannica** — Vol. 7, William Benton Publishers, Chicago, 1972.

Harbans Singh ( Dr.) ed. — **Encyclopaedia of Sikhism,** Vol. I, II, III & IV, Punjabi University, Patiala, 1992.

Hastings, James — **Encyclopaedia of Religion and Ethics**, vol. 8, T. and T. Clark, New York, 1971.

Michie, Jonathan — **Encyclopaedia of Social Sciences** , vol. 3, Fitzroy dear born London, 2001.

Sills, David L (ed.) — **International Encyclopaedia of Social Sciences,** (ed.) The Macmillan Company and The Free Press, New York, 1968.

## ਪਤ੍ਰਿਕਾਵਾਂ

**ਸਮਾਜ ਵਿਗਿਆਨ ਪੱਤਰ** — ਵਿਸ਼ੇਸ ਅੰਕ ਨੰ: 26, 27 ਅਤੇ 28, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ, ਸਤੰਬਰ, ਦਸੰਬਰ, 1989.

**ਸਾਡਾ ਵਿਰਸਾ ਸਾਡਾ ਗੌਰਵ** — ਅਨੰਦ ਕਾਰਜ ਵਿਸ਼ੇਸ ਅੰਕ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ।

**ਸਿੰਘ ਸਭ ਪੱਤ੍ਰਿਕਾ** — ਗੁਰੂ ਗ੍ਰੰਥ ਵਿਚਾਰ ਸੰਮੇਲਨ ਅੰਕ 1 ਅਤੇ 2, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ, ਅਪ੍ਰੈਲ, 1975.

**ਸੀਸ ਗੰਜ** — ਨਵੀਂ ਦਿੱਲੀ, ਜੁਲਾਈ, 1996.

**ਸੱਚਖੰਡ ਪੱਤਰ** — ਅੰਕ 384, ਗੁਰਦੁਆਰਾ ਬੋਰਡ ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ, ਨਾਂਦੇੜ (ਮਹਾਂਰਾਸ਼ਟਰ), ਅਕਤੂਬਰ, 2●●6.

**ਖੋਜ ਪਤ੍ਰਿਕਾ** — ਗੁਰਮਤਿ ਕਾਵਿ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ 26, ਸੰਤਬਰ, 1985.

**ਖੋਜ ਪਤ੍ਰਿਕਾ** — ਬਾਣੀਕਾਰ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ 57, ਮਾਰਚ, 2●●4.

**ਗੁਰਮਤਿ ਪ੍ਰਕਾਸ਼** ਗੁਰਮਤਿ ਸਿਧਾਂਤ ਵਿਸ਼ੇਸ਼ ਅੰਕ, ਮਹੀਨਾ ਅਗਸਤ, 1991.

**ਨਾਨਕ ਪ੍ਰਕਾਸ਼ ਪੱਤ੍ਰਿਕਾ** ਸੇਵਾ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984.

**ਨਾਨਕ ਪ੍ਰਕਾਸ਼ ਪੱਤ੍ਰਿਕਾ** ਸੰਗਤ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984.

**ਨਾਨਕ ਪ੍ਰਕਾਸ਼ ਪੱਤ੍ਰਿਕਾ** ਸੇਵਾ ਵਿਸ਼ੇਸ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ, 1985.

**ਨਾਨਕ ਪ੍ਰਕਾਸ਼ ਪੱਤ੍ਰਿਕਾ** ਭਗਤੀ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

**ਨਾਨਕ ਪ੍ਰਕਾਸ਼ ਪੱਤ੍ਰਿਕਾ** ਕਬਿੱਤ ਸਵੈਯੇ ਭਾਈ ਗੁਰਦਾਸ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992.

**ਨਾਨਕ ਪ੍ਰਕਾਸ਼ ਪੱਤ੍ਰਿਕਾ** ਸ੍ਰੀ ਗੁਰੂ ਗ੍ਰੰਥ ਸਾਹਿਬ ਦਾਰਸ਼ਨਿਕ ਅਧਿਐਨ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

**ਪੰਜਾਬੀ ਦੁਨੀਆ** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ ਅੰਕ, ਜਨਵਰੀ, ਫਰਵਰੀ, ਮਾਰਚ, 1988.

# ਸਾਰਾਂਸ਼

# (Abstract)

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਇਕ ਮਨੁੱਖ ਨੂੰ ਦੂਸਰੇ ਮਨੁੱਖ ਨਾਲ ਆਦਾਨ ਪ੍ਰਦਾਨ ਕਰਨ ਦੀ ਮੁੱਢਲੀ ਲੋੜ ਨੇ ਹੀ ਰਿਸ਼ਤਿਆਂ ਨੂੰ ਜਨਮ ਦਿੱਤਾ। ਮਨੁੱਖ ਨੂੰ ਅਜੋਕਾ ਸਰੂਪ ਪ੍ਰਾਪਤ ਕਰਨ ਲਈ ਲੱਖਾਂ ਵਰ੍ਹੇ ਸੰਘਰਸ਼ ਕਰਨਾ ਪਿਆ। ਇਸ ਸੰਘਰਸ਼ ਵਿਚੋਂ ਦੀ ਲੰਘ ਕੇ ਮਨੁੱਖ ਬਾਕੀਆਂ ਨਾਲੋਂ ਸ੍ਰੇਸ਼ਟ ਅਤੇ ਉੱਤਮ ਬਣਿਆ ਅਤੇ ਸਮਾਜਿਕ ਪ੍ਰਬੰਧ ਦਾ ਮੁੱਢ ਬੰਨਿਆ। ਸਮੁੱਚਾ ਸਮਾਜ ਰਿਸ਼ਤਿਆਂ ਦੀ ਡੋਰ ਵਿਚ ਬੰਨਿਆ ਹੋਇਆ ਹੈ। ਸਮਾਜ ਮਨੁੱਖ ਦਾ ਆਚਾਰ ਤੇ ਵਿਵਹਾਰ ਬਣਾਉਣ ਵਿਚ ਮੁੱਖ ਹਿੱਸਾ ਪਾਉਂਦਾ ਹੈ। ਸਮਾਜ ਵਿਚ ਰਹਿੰਦਿਆਂ ਮਨੁੱਖ ਕੇਵਲ ਆਪਣਾ ਵਿਕਾਸ ਹੀ ਨਹੀਂ ਕਰਦਾ, ਸਗੋਂ ਦੂਜਿਆਂ ਨਾਲ ਸੰਬੰਧ ਜੋੜਦਾ ਹੋਇਆ ਆਪਣੇ ਫਰਜ਼ਾਂ ਪ੍ਰਤੀ ਕਰਤੱਵਾਂ ਦੀ ਭਾਵਨਾ ਵੀ ਉਜਾਗਰ ਕਰਦਾ ਹੈ।

ਹਥਲੇ ਖੋਜ-ਪ੍ਰਬੰਧ ***'ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਰਿਸ਼ਤੇ-ਨਾਤੇ: ਇਕ ਅਧਿਐਨ'*** ਨੂੰ ਅਸੀਂ ਮੁੱਖ ਤਿੰਨ ਅਧਿਆਇਆਂ ਵਿਚ ਵੰਡਿਆ ਹੈ ਜਿਵੇਂ:

1. **ਰਿਸ਼ਤੇ: ਅਰਥ ਅਤੇ ਮਹੱਤਵ**
2. **ਮਨੁੱਖ, ਪਰਿਵਾਰ ਅਤੇ ਸਮਾਜ**
3. **ਗੁਰੂ ਗ੍ਰੰਥ ਵਿਚ ਆਦਰਸ਼ਕ ਰਿਸ਼ਤੇ-ਨਾਤਿਆਂ ਦਾ ਸਰੂਪ ਅਤੇ ਵਰਗੀਕਰਨ**
    - **ੳ. ਅਧਿਆਤਮਕ ਰਿਸ਼ਤੇ**
    - **ਅ. ਚਿੰਨ੍ਹਾਤਮਿਕ ਰਿਸ਼ਤੇ**
    - **ੲ. ਸੰਸਾਰਕ ਰਿਸ਼ਤੇ**
    - **ਸ. ਰਾਜਨੀਤਿਕ ਰਿਸ਼ਤੇ**

ਸਮਾਜ ਵਿਗਿਆਨੀਆਂ ਅਨੁਸਾਰ ਸਮਾਜ ਉਦੋਂ ਹੋਂਦ ਵਿਚ ਆਉਂਦਾ ਹੈ ਜਦੋਂ ਇਸ ਵਿਚ ਰਹਿ ਰਹੇ ਮੈਂਬਰਾਂ ਵਿਚਕਾਰ ਚੇਤੰਨਤਾ, ਅੰਤਰਕਿਰਿਆ, ਅੰਤਰ-ਸੰਬੰਧਤਾ ਪੈਦਾ ਹੁੰਦੀ ਹੈ। ਸੋ ਇਸੀ ਕਰਕੇ ਰਿਸ਼ਤੇ ਮਨੁੱਖ ਦੀ ਆਪਣੀ ਸਿਰਜਣਾ ਹਨ। ਰਿਸ਼ਤਿਆਂ ਵਿਚਲੀ ਨੈਤਿਕਤਾ ਉਸ ਦੇ ਜੀਵਨ ਨੂੰ ਨਵਾਂ ਅਰਥ ਦਿੰਦੀ ਹੈ। ਇਨ੍ਹਾਂ ਰਿਸ਼ਤਿਆਂ ਵਿਚ ਫਿਕ ਪੈਣ ਕਾਰਨ ਮਨੁੱਖੀ ਜੀਵਨ ਵਿਚ ਕੁੜਤਣ ਪੈਦਾ ਹੋ ਜਾਂਦੀ ਹੈ। ਇਸ ਤੋਂ ਸਪਸ਼ਟ ਹੈ ਕਿ ਮਨੁੱਖ ਨੇ ਹੀ ਪ੍ਰਕ੍ਰਿਤੀ ਅਧੀਨ ਰਿਸ਼ਤਿਆਂ ਦਾ ਸੰਬੰਧ ਆਪ ਹੀ ਸਿਰਜਿਆ ਹੈ। ਇਹ ਰਿਸ਼ਤੇ ਸ਼ੁਰੂ ਵਿਚ ਆਪਸੀ

ਭਾਈਚਾਰੇ ਦੀ ਲੋੜ ਤੱਕ ਸੀਮਤ ਸਨ ਪ੍ਰੰਤੂ ਮਨੁੱਖੀ ਵਿਕਾਸ ਅਤੇ ਆਧੁਨਿਕਤਾ ਦੇ ਨਾਲ-ਨਾਲ ਇੰਨ੍ਹਾਂ ਰਿਸ਼ਤਿਆਂ ਨੇ ਇਕ ਨਰੋਏ ਸਮਾਜ ਦੀ ਉਸਾਰੀ ਵਿਚ ਨਿੱਘਰ ਯੋਗਦਾਨ ਪਾਇਆ। ਰਿਸ਼ਤਿਆਂ ਦਾ ਮਤਲਬ ਮਾਮਾ, ਚਾਚਾ, ਤਾਇਆ ਤੇ ਮਾਸੀ ਨਹੀਂ ਹੁੰਦਾ ਸਗੋਂ ਰਿਸ਼ਤਿਆਂ ਦਾ ਭਾਵ ਇਹ ਹੁੰਦਾ ਹੈ ਕਿ ਇਕ ਮਨੁੱਖ ਦੂਜੇ ਪ੍ਰਤੀ ਸਨੇਹ, ਹਮਦਰਦੀ ਅਤੇ ਪਿਆਰ ਦੀ ਭਾਵਨਾ ਰਖੇ ਇਸ ਪਿਆਰ ਤੇ ਹਮਦਰਦੀ ਦਾ ਦੂਜਾ ਨਾਮ ਹੀ ਰਿਸ਼ਤਾ ਹੈ। ਸਾਡੇ ਜੀਵਨ ਦੇ ਹਰ ਕਾਰਜ ਭਾਵੇਂ ਉਹ ਖੁਸ਼ੀ ਦਾ ਹੈ ਜਾਂ ਗਮੀ ਦਾ, ਵਿਚ ਮਨੁੱਖੀ ਰਿਸ਼ਤੇ ਕਿਸੇ ਨਾ ਕਿਸੇ ਰੂਪ ਵਿਚ ਭਰਪੂਰ ਯੋਗਦਾਨ ਪਾ ਰਹੇ ਹੁੰਦੇ ਹਨ।

ਮਨੁੱਖ, ਪਰਿਵਾਰ ਅਤੇ ਸਮਾਜ ਦੀਆਂ ਅਨੇਕਾਂ ਲੋੜਾਂ ਨਾਲ ਇਹ ਸਮੁੱਚਾ ਤਾਣਾ-ਬਾਣਾ ਬੱਝਿਆ ਹੋਇਆ ਹੈ ਅਤੇ ਜੀਵਨ ਨਿਰੰਤਰ ਗਤੀਸ਼ੀਲ ਹੁੰਦਾ ਹੋਇਆ ਆਪਣੀ ਮੰਜ਼ਿਲ ਦੀ ਪ੍ਰਾਪਤੀ ਲਈ ਲਗਾਤਾਰ ਅੱਗੇ ਵਧਦਾ ਜਾਂਦਾ ਹੈ। ਜਿਸ ਸਦਕਾ ਸਾਡਾ ਆਪਸੀ ਪਰਸਪਰ ਪਿਆਰ ਅਤੇ ਸਾਂਝ ਸਦੀਵੀ ਬਣੀ ਰਹਿੰਦੀ ਹੈ।

ਸ੍ਰੀ ਗੁਰੂ ਗ੍ਰੰਥ ਵਿਚ ਪ੍ਰਾਪਤ ਉਹ ਰਿਸ਼ਤੇ ਜਿਹੜੇ ਮਨੁੱਖ ਦੀ ਅਧਿਆਤਮਕ ਪ੍ਰਾਪਤੀ ਲਈ ਸਾਧਨ ਬਣੇ ਉਨ੍ਹਾਂ ਨੂੰ ਅਧਿਆਤਮਕ ਰਿਸ਼ਤੇ ਦੇ ਸਿਰਲੇਖ ਹੇਠ ਲਿਆ ਹੈ। ਅਧਿਆਤਮਕ ਰਿਸ਼ਤੇ ਅਧੀਨ ਸਭ ਤੋਂ ਪਹਿਲਾਂ ਭਗਤ ਅਤੇ ਪਰਮਾਤਮਾ ਦੇ ਰਿਸ਼ਤੇ ਨੂੰ ਰੱਖਿਆ ਗਿਆ ਹੈ। ਭਗਤ ਤੇ ਪਰਮਾਤਮਾ ਦੇ ਰਿਸ਼ਤੇ ਨੂੰ ਪ੍ਰਗਟ ਕਰਨ ਵਾਸਤੇ ਗੁਰੂ ਸਾਹਿਬ ਨੇ ਕਈ ਸੰਕੇਤ ਵੀ ਵਰਤੇ ਹਨ ਜਿਵੇਂ ਭਗਤ ਨੂੰ ਪਤਨੀ ਅਤੇ ਪਰਮਾਤਮਾ ਨੂੰ ਪਤੀ ਆਦਿ। ਅਧਿਆਤਮਕ ਅਰਥਾਂ ਨੂੰ ਖੋਲਣ ਲਈ ਵਿਚਾਰਾਂ ਦੇ ਸਹਾਇਕ ਬਣ ਕੇ ਆਏ ਇਨ੍ਹਾਂ ਰਿਸ਼ਤਿਆਂ ਦੇ ਗੁਪਤ ਇਸ਼ਾਰਿਆਂ ਦੁਆਰਾ ਆਦਰਸ਼ਕ ਸਮਾਜ ਦੀ ਕਲਪਨਾ ਵੀ ਕੀਤੀ ਗਈ। ਇਨ੍ਹਾਂ ਤੋਂ ਬਿਨ੍ਹਾਂ ਬਾਣੀ ਵਿਚ ਸੁਹਾਗਣ, ਦੁਹਾਗਣ, ਗੁਣਵੰਤੀ, ਅਉਗੁਣਵੰਤੀ, ਸੁਚੱਜੀ, ਕੁਚੱਜੀ, ਪਰ ਪੁਰਖ, ਰੰਡ (ਵਿਧਵਾ) ਅਤੇ ਬੇਸਵਾ (ਵੇਸਵਾ) ਆਦਿ ਸ਼ਬਦਾਂ ਦੁਆਰਾ ਉਲੀਕੇ ਚਿਤ੍ਰਾਂ ਦਾ ਮਹੱਤਵ ਜਿੰਨਾ ਅਧਿਆਤਮਕ ਹੈ ਉਨਾ ਹੀ ਸਮਾਜਿਕ, ਭਾਈਚਾਰਕ ਅਤੇ ਸਦਾਚਾਰਕ ਵੀ ਹੈ।

ਗੁਰਬਾਣੀ ਵਿਚ ਗੁਰੂ ਅਤੇ ਸਿੱਖ ਦੇ ਰਿਸ਼ਤੇ ਤੇ ਖਾਸ ਜ਼ੋਰ ਦਿੱਤਾ ਗਿਆ ਹੈ। ਸਿੱਖ ਦਾ ਜੀਵਨ ਅਜਿਹਾ ਹੋਵੇ ਕਿ ਉਹ ਆਪਣੇ ਜੀਵਨ ਦਾ ਹਰ-ਪਲ ਗੁਰੂ ਤੇ ਨਿਛਾਵਰ ਕਰ ਦੇਵੇ, ਜਦੋਂ ਅਜਿਹੀ ਭਾਵਨਾ ਉਤਪੰਨ ਹੋ ਜਾਂਦੀ ਹੈ ਤਾਂ ਗੁਰੂ-ਸਿੱਖ ਦਾ ਰਿਸ਼ਤਾ ਐਨਾ ਪਰਪੱਕ ਹੋ ਜਾਂਦਾ ਹੈ ਕਿ ਦੋਵੇਂ ਇਕ ਰੂਪ ਹੀ ਨਜ਼ਰ ਆਉਂਦੇ ਹਨ। ਸਿੱਖ ਦੇ ਰਿਸ਼ਤੇ ਦਾ ਆਧਾਰ ਮੁੱਖ ਰੂਪ ਵਿਚ ਪ੍ਰੇਮ ਹੈ। ਗੁਰੂ ਦੇ ਪ੍ਰੇਮ ਸਦਕਾ ਹੀ ਸਿੱਖ ਦਾ ਲੋਕ-ਪ੍ਰਲੋਕ ਵਿਚ ਆਵਾਗਵਣ ਦਾ ਚੱਕਰ

ਕੱਟਿਆ ਜਾਂਦਾ ਹੈ। ਗੁਰੂ ਦੀ ਸੇਵਾ ਕਰਨ ਵਾਲਾ, ਗੁਰੂ ਦੇ ਭਾਣੇ (ਹੁਕਮ) ਵਿਚ ਚੱਲਣ ਵਾਲਾ ਸਿੱਖ ਮਹਾਨ ਅਤੇ ਧੰਨਤਾ ਦੇ ਯੋਗ ਹੋ ਜਾਂਦਾ ਹੈ।

ਉਹ ਰਿਸ਼ਤੇ ਜਿਹੜੇ ਸਮੁੱਚੇ ਮਨੁੱਖੀ ਸਮਾਜ ਦੇ ਤਾਣੇ ਬਾਣੇ ਅਤੇ ਪ੍ਰਬੰਧ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਸਹਾਈ ਹੋਏ ਉਨ੍ਹਾਂ ਨੂੰ ਸੰਸਾਰਕ ਰਿਸ਼ਤੇ ਵਜੋਂ ਵਿਚਾਰਿਆ ਹੈ। ਅਧਿਐਨ ਕਰਦੇ ਸਮੇਂ ਇਹ ਵਿਲੱਖਣ ਪੱਖ ਵੀ ਸਾਹਮਣੇ ਆਇਆ ਹੈ ਕਿ ਜਦੋਂ ਅਸੀਂ ਸੰਸਾਰਕ ਰਿਸ਼ਤਿਆਂ ਅਧੀਨ ਸਮੁੱਚੇ ਤਾਣੇ-ਬਾਣੇ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਹਰ ਪ੍ਰਕਾਰ ਦੇ ਰਿਸ਼ਤੇ ਵਿਚ ਲਾਲਚ, ਖ਼ੁਦਗਰਜ਼ੀ, ਸੁਆਰਥ ਆਦਿ ਵਿਆਪਕ ਰੂਪ ਵਿਚ ਪਸਰੇ ਹੋਏ ਨਜ਼ਰ ਆਉਂਦੇ ਹਨ ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਰਿਸ਼ਤੇ-ਨਾਤਿਆਂ ਦੇ ਸੰਬੰਧ ਵਿਚ ਸੰਸਾਰਕ ਰਿਸ਼ਤਿਆਂ ਨਾਲੋਂ ਠੀਕ ਉਲਟਾ ਪ੍ਰਭਾਵ ਨਜ਼ਰ ਆਉਂਦਾ ਹੈ, ਇਨ੍ਹਾਂ ਰਿਸ਼ਤਿਆਂ ਵਿਚ ਸੁਆਰਥ ਦੀ ਥਾਂ ਤੇ ਪਰ-ਸੁਆਰਥ, ਖ਼ੁਦਗਰਜ਼ੀ ਦੀ ਥਾਂ ਤੇ ਭਾਈਚਾਰਕ ਸਾਂਝ, ਦੂਸਰੇ ਲਈ ਕੁਝ ਕਰ ਗੁਜ਼ਰਨ ਦੀ ਭਾਵਨਾ ਆਦਿ ਵਿਆਪਕ ਹਨ। ਸੰਗਤ ਅਤੇ ਸੇਵਾ ਦੀ ਸਿਰਮੌਰ ਸਿਧਾਂਤਕ ਕਾਰਜਾਂ ਰਾਹੀਂ ਅਮੀਰੀ-ਗਰੀਬੀ, ਜਾਤ-ਪਾਤ, ਈਰਖਾ ਆਦਿ ਦੀਆਂ ਵਲਗਣਾਂ ਵਿਚੋਂ ਕੱਢ ਕੇ ਮਨੁੱਖ ਦੀ ਦੂਜੇ ਮਨੁੱਖ ਨਾਲ ਨੇੜਤਾ, ਮਿਲਵਰਤਨ, ਪਿਆਰ ਅਤੇ ਗੂੜੀ ਸਾਂਝ ਪਾਉਣ ਦਾ ਕਾਰਜ ਕੀਤਾ ਹੈ। ਗੁਰੂ ਸਾਹਿਬ ਇਸ ਸੰਸਾਰ ਨੂੰ ਧਰਮਸ਼ਾਲ, ਸਚੇ ਕੀ ਕੋਠੜੀ ਕਹਿੰਦੇ ਹੋਏ ਮਨੁੱਖ ਨੂੰ ਸੁਚੇਤ ਕਰਦੇ ਹਨ ਕਿ ਇਸ ਸੰਸਾਰ ਵਿਚ ਰਹਿੰਦੇ ਹੋਏ 'ਹਥ ਕਾਰ ਵਲ ਚਿਤ ਯਾਰ ਵਲ' ਅਨੁਸਾਰ ਇਕ ਪਾਸੇ ਆਪਣੀ ਸੁਰਤ ਨੂੰ ਅਕਾਲ ਪੁਰਖ ਨਾਲ ਜੋੜਨਾ ਹੈ, ਇਸਦੇ ਨਾਲ-ਨਾਲ ਸਦਾਚਾਰਕ ਜੀਵਨ ਬਤੀਤ ਕਰਨਾ ਹੈ। ਜਪੁਜੀ ਦੇ ਪੰਜ ਖੰਡਾਂ ਵਿਚ ਇਸੇ ਦਾ ਹੀ ਵਰਨਣ ਹੈ। ਧਰਮ ਖੰਡ ਦੀ ਅਵਸਥਾ ਵਿਚ ਮਨੁੱਖ ਇਸ ਸਮੁੱਚੇ ਵਿਸ਼ਵ ਨੂੰ ਆਪਣਾ ਘਰ ਮੰਨਦੇ ਹੋਏ ਇਸ ਪ੍ਰਤੀ ਆਪਣੇ ਨੈਤਿਕ ਫਰਜ਼ਾਂ ਨੂੰ ਪੂਰਾ ਕਰਨ ਵੱਲ ਰੁਚਿਤ ਹੁੰਦਾ ਹੈ। ਉਹ ਮਾਂ-ਬਾਪ, ਭੈਣ-ਭਰਾ , ਪਿਉ-ਪੁੱਤਰ, ਪਤਨੀ, ਪਰਿਵਾਰ ਦੇ ਮੋਹ ਤੋਂ ਉਪਰ ਉਠ ਜਾਂਦਾ ਹੈ। ਉਹ ਇਨ੍ਹਾਂ ਰਿਸ਼ਤਿਆਂ ਵਿਚ ਖਚਿਤ ਨਹੀਂ ਹੁੰਦਾ ਪਰ ਇਨ੍ਹਾਂ ਪ੍ਰਤੀ ਆਪਣੇ ਫਰਜ਼ ਵੀ ਪੂਰੇ ਕਰਦਾ ਹੈ। ਇਸ ਤਰ੍ਹਾਂ ਗੁਰਬਾਣੀ ਵਿਚ ਗੁਰੂ ਸਾਹਿਬ ਨਾਮ ਤਾਂ ਸੰਸਾਰਕ ਰਿਸ਼ਤੇ ਦਾ ਲੈਂਦੇ ਹਨ ਪ੍ਰੰਤੂ ਗੱਲ ਅਧਿਆਤਮਕ ਪੱਧਰ ਦੀ ਹੋ ਰਹੀ ਹੁੰਦੀ ਹੈ ਜਿਵੇਂ:

ਧਨ ਪਿਰ ਕਾ ਇਕ ਹੀ ਸੰਗਿ ਵਾਸਾ
ਵਿਚਿ ਹਉਮੈ ਭੀਤਿ ਕਰਾਰੀ।। [1]

---

[1] . ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1263

ਉਪਰੋਕਤ ਤੁਕ ਵਿਚ ਧਨ ਦਾ ਅਰਥ ਹੈ ਜੀਵ ਰੂਪੀ **ਇਸਤਰੀ**, ਪਿਰ ਦਾ ਅਰਥ **ਪ੍ਰਭੂ ਪਤੀ**। ਗੁਰਬਾਣੀ ਵਿਚ ਮਨੱਖੀ ਬੁੱਧੀ ਦੇ ਘੇਰੇ ਤੋਂ ਪਰ੍ਹਾਂ ਭਾਵ ਪਰਾਭੌਤਿਕ ਸੰਕਲਪਾਂ ਨੂੰ ਸਮਝ ਗੋਚਰੇ ਬਣਾਉਣ ਲਈ ਦਿਸਦੇ ਪਸਾਰੇ ਵਿਚ ਕੁਝ ਭੌਤਿਕ ਰਿਸ਼ਤਿਆਂ ਨੂੰ ਚਿੰਨ੍ਹਾਤਮਿਕ ਰੂਪ ਵਿਚ ਵੀ ਵਰਤਿਆ ਗਿਆ ਹੈ। ਗੁਰਬਾਣੀ ਮਨੁੱਖਾ ਜ਼ਿੰਦਗੀ ਦੇ ਹਰੇਕ ਪੱਖ ਨੂੰ ਅਧਿਆਤਮਕਤਾ ਦੇ ਅਧੀਨ ਚਾਨਣਾ ਪਾਉਂਦੀ ਹੈ। ਅਸੀਂ ਇਸ ਅਧਿਆਇ ਵਿਚ ਗੁਰਬਾਣੀ ਵਿਚ ਸੰਸਾਰਕ ਰਿਸ਼ਤਿਆਂ ਬਾਰੇ ਆਏ ਹਵਾਲਿਆਂ ਦਾ ਅਧਿਐਨ ਕਰਨ ਦਾ ਯਤਨ ਕੀਤਾ ਹੈ।

ਉਹ ਰਿਸ਼ਤੇ ਜਿਹੜੇ ਰਾਜਨੀਤਿਕ ਪ੍ਰਬੰਧ ਨੂੰ ਧਰਮ ਦੀ ਸਿਰਮੌਰ ਅਗਵਾਈ ਅਧੀਨ ਚਲਾਉਣ ਲਈ ਸਹਾਈ ਹੋਏ ਉਨ੍ਹਾਂ ਨੂੰ ਰਾਜਨੀਤਿਕ ਰਿਸ਼ਤੇ ਦੇ ਸਿਰਲੇਖ ਅਧੀਨ ਲਿਆ ਹੈ। ਰਾਜਨੀਤਿਕ ਰਿਸ਼ਤਿਆਂ ਵਿਚ ਜਿਵੇਂ ਕਿ ਰਾਜਾ ਤੇ ਪਰਜਾ ਦਾ ਰਿਸ਼ਤਾ; ਰਾਜਾ ਕਿਸ ਤਰ੍ਹਾਂ ਦਾ ਰਾਜ ਕਰੇ, ਪਰਜਾ ਆਪਣੇ ਫਰਜ਼ਾਂ ਦੀ ਪੂਰਤੀ ਕਿਵੇਂ ਕਰੇ, ਸ਼ਾਹੂਕਾਰ ਤੇ ਵਪਾਰੀ ਦਾ ਰਿਸ਼ਤਾ, ਵਣਜ ਅਤੇ ਵਪਾਰ ਆਦਿ ਰਿਸ਼ਤਿਆਂ ਨੂੰ ਗੁਰਮਤਿ ਦੇ ਸੰਦਰਭ ਵਿਚ ਵਾਚਣ ਦਾ ਯਤਨ ਕੀਤਾ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਨੇ ਰਿਸ਼ਤਿਆਂ ਕਰਕੇ ਬਣੇ ਹੋਏ ਛੋਟੇ ਛੋਟੇ ਪਰਿਵਾਰਾਂ ਦੀ ਥਾਂ ਤੇ ਸਮੁੱਚੇ ਸੰਸਾਰ ਨੂੰ ਹੀ ਪਰਿਵਾਰ ਮੰਨਿਆ ਹੈ ਅਤੇ ਇਸ ਵਿਸ਼ਾਲ ਪਰਿਵਾਰ ਨੂੰ ਆਪਸ ਵਿਚ ਸਥਾਈ ਰੂਪ ਵਿਚ ਜੋੜੀ ਰੱਖਣ ਵਾਲੀ ਅਮੁਕ ਧਾਰਾ ਨਾਮ ਹੈ। ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਸਮੁੱਚੇ ਸੰਸਾਰ ਦੀ ਅਗਵਾਈ ਕਰਨ ਦੀ ਸਮਰੱਥਾ ਰਖਦੇ ਹਨ।